# ਲਾਡਲੀਆਂ

## ਸੰਗੀਤਕ ਕਾਵਿ ਸੰਗ੍ਰਹਿ



ਗੁਰਬਚਨ ਸਿੰਘ ਲਾਡਪੁਰੀ

ਪਿੰਡ : ਲਾਡਪੁਰ

ਡਾਕ : ਭੰਗਾਲਾ (ਹੁਸ਼ਿਆਰਪੁਰ)

**99145-33718**

email : ladpurigs@yahoo.com

**ਲਾਡਲੀਆਂ**
ਗੁਰਬਚਨ ਸਿੰਘ ਲਾਡਪੁਰੀ

Ladlian
Gurbachan Singh Ladpuri

First Edition : March, 2009 (2000)

Printed at

*Price : Rs. /-*

## ਸਮਰਪਣ

ਸਮੂਹ ਮਾਨਵਤਾ ਨੂੰ
ਅਤੇ
ਪੰਜਾਬੀ ਸਭਿਅਤਾ
ਦੇ
ਪੁਜਾਰੀਆਂ
ਨੂੰ

# ਮੁੱਖ ਬੰਦ

ਪਿਆਰੇ ਪਾਠਕ ਜੀਓ,

ਮੈਂ ਆਪਣੀਆਂ ਰਚਨਾਵਾਂ ਦਾ ਪਹਿਲਾ ਕਾਵਿ-ਸੰਗ੍ਰਹਿ 'ਲਾਡਲੀਆਂ' ਆਪ ਜੀ ਦੀ ਸੇਵਾ ਵਿੱਚ ਅਰਪਣ ਕਰਨ ਵਿੱਚ ਅਤਿ ਮਾਣ ਅਨੁਭਵ ਕਰ ਰਿਹਾ ਹਾਂ। ਇਹ ਕੇਵਲ ਇਕ ਮਹੀਨੇ ਦੀ ਉਸ ਵਾਹਿਗੁਰੂ ਦੀ ਮਹਾਨ ਕਿਰਪਾ ਦੀ ਅਦੁੱਤੀ ਦੇਣ ਹੈ।

ਕਵਿਤਾ ਅਤੇ ਰਚਨਾ ਇਕ ਰੱਬੀ ਦੇਣ ਹੈ। ਜੇ ਕੋਈ ਚਾਹੇ ਕਿ ਉਹ ਕਵਿਤਾ ਜਾਂ ਗਾਣੇ ਦੀਆਂ ਕੁਝ ਤੁਕਾਂ ਆਪ ਬਣਾ ਕੇ ਲਿਖ ਲਵੇ ਤਾਂ ਭਾਵੇਂ ਉਹ ਸਾਰਾ ਦਿਨ ਹੀ ਬੈਠਾ ਰਹੇ ਤਾਂ ਵੀ ਉਹ ਲਿਖੀ ਹੋਈ ਰਚਨਾ ਉਸ ਦਾ ਮੁਕਾਬਲਾ ਨਹੀਂ ਕਰ ਸਕਦੀ ਜੋ ਕਿ ਵਾਹਿਗੁਰੂ ਦੀ ਦਿੱਤੀ ਹੋਈ ਆਪ ਮੁਹਾਰੀ ਦੇਣ ਤੋਂ ਪ੍ਰਾਪਤ ਹੁੰਦੀ ਹੈ।

ਮੈਨੂੰ ਇਸ ਦੀ ਚੇਟਕ ਭਾਵੇਂ ਛੋਟੇ ਹੁੰਦਿਆਂ ਤੋਂ ਸੀ ਜਦੋਂ ਮੈਂ ਅਜੇ ਛੇਵੀਂ ਦਾ ਵਿਦਿਆਰਥੀ ਸਾਂ। ਕਾਲਿਜ ਦੇ ਸਮੇਂ ਵਿੱਚ ਵੀ ਮੈਂ ਕਾਫੀ ਕਵਿਤਾਵਾਂ ਲਿਖੀਆਂ। ਕੁਝ ਸਟੇਜੀ, ਕੁਝ ਧਾਰਮਿਕ ਅਤੇ ਕੁਝ ਮਨ ਪ੍ਰਚਾਵੇ ਦੀਆਂ। ਬਦਕਿਸਮਤੀ ਨਾਲ ਮੈਂ ਉਸ ਕੀਮਤੀ ਖਜ਼ਾਨੇ ਨੂੰ ਸੰਭਾਲ ਨਾ ਸਕਿਆ। ਕੁਝ ਕੁ ਜੋ ਮੈਨੂੰ ਜ਼ਬਾਨੀ ਯਾਦ ਸਨ ਉਹੀ ਰਹਿ ਗਈਆਂ ਜਾਂ ਫਿਰ ਕੁਝ ਕੁ ਜੋ ਮੇਰੀ ਛੋਟੀ ਬੇਟੀ ਨੂੰ ਯਾਦ ਸਨ ਉਸ ਨੇ ਜ਼ੁਬਾਨੀ ਲਿਖਾਈਆਂ। ਲਗਭਗ 15 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ । ਜਦੋਂ ਦੀ ਮੇਰੇ ਪਾਸੋਂ ਇਸ ਅਦੁਤੀ ਦੇਣ ਦਾ ਇਕ ਸ਼ਬਦ ਵੀ ਨਹੀਂ ਲਿਖਿਆ ਗਿਆ। ਕਵਿਤਾ ਜਾਂ ਹੋਰ ਰਚਨਾ ਨੂੰ ਮੈਂ ਆਪਣੀ ਨਜ਼ਦਕੀ ਦੋਸਤ ਸਮਝਦਾ ਹਾਂ। ਸ਼ਾਇਦ ਇਹ ਮੇਰੇ ਪਾਸੋਂ ਨਾਰਾਜ਼ ਹੋ ਗਈ ਹੋਵੇਗੀ। ਬੜੀ ਦੇਰ ਬਾਅਦ ਉਸ ਨੇ ਮੇਰੇ ਤੇ ਨਜ਼ਰ ਸਵੱਲੀ ਕੀਤੀ ਹੈ। ਜਿਸ ਦਾ ਹਵਾਲਾ ਮੈਂ ਆਪਣੀਆਂ ਰਚਨਾਵਾਂ ਵਿੱਚ ਕੀਤਾ ਹੈ। ਅਚੰਭੇ ਦੀ ਗੱਲ ਇਹ ਹੈ ਕਿ ਇਹ ਆਪ ਮੁਹਾਰੀ ਦੇਣ ਕੇਵਲ ਇਕ ਮਹੀਨੇ ਦੀ ਉਸ ਅਪਾਰ ਕਿਰਪਾ ਰਾਹੀਂ ਪ੍ਰਾਪਤ ਹੋਈ ਹੈ ਜਿਵੇਂ ਕਿ ਕੋਈ ਰੁਕਿਆ ਹੋਇਆ ਵਹਿਣ ਇਕ ਦਮ ਆਪ ਮੁਹਾਰੇ ਚਸ਼ਮਾ ਬਣ ਕੇ ਫੁੱਟ ਪਿਆ ਹੋਵੇ ਅਤੇ ਇਹ ਸੋਮਾਂ ਲਗਾਤਾਰ ਬੜੀ ਤੀਬਰਤਾ ਨਾਲ ਵਹਿ ਰਿਹਾ ਹੈ ਕਿ ਥੰਮਣ ਦਾ ਨਾਂ ਹੀ ਨਹੀਂ ਲੈਂਦਾ। ਆਸ ਹੈ ਆਪ ਪੜ੍ਹ ਕੇ ਇਸ ਦਾ ਆਨੰਦ ਮਾਣੋਗੇ।

ਮੈਂ ਆਧੁਨਿਕ ਸਮੇਂ ਨਾਲ ਸੰਬੰਧਤ ਵੱਖ-ਵੱਖ ਵਿਸ਼ਿਆਂ ਨੂੰ ਆਪਣੀਆਂ ਰਚਨਾਵਾਂ ਵਿੱਚ ਉਘਾੜਨ ਦਾ ਯਤਨ ਕੀਤਾ ਹੈ। ਇਨ੍ਹਾਂ ਰਚਨਾਵਾਂ ਵਿਚੋਂ ਕੁਝ ਸ਼੍ਰੀ ਨਗਰ ਟੈਲੀਵਿਜ਼ਨ ਤੋਂ ਬੂਟਾ ਸਿੰਘ ਸਫ਼ਰੀ ਲਾਡਪੁਰੀ ਰਾਹੀਂ ਪੇਸ਼ ਹੋਈਆਂ। ਕਈ ਵੱਖ-ਵੱਖ ਰਸਾਲਿਆਂ ਅਤੇ ਅਖ਼ਬਾਰਾਂ ਵਿੱਚ ਪ੍ਰਸਾਰਤ ਹੋਈਆਂ। ਹੁਣ ਮਾਹਵਾਰੀ ਅੰਕ 'ਸਾਡਾ ਵਿਰਸਾ ਸਾਡਾ ਗੌਰਵ' ਵਿੱਚ ਪ੍ਰਕਾਸ਼ਤ ਹੋ ਰਹੀਆਂ ਹਨ ਜੋ ਕਿ ਗੁਰੂ ਗੋਬਿੰਦ ਸਿੰਘ ਸਟਡੀ ਸਰਕਲ ਲੁਧਿਆਣਾ ਤੋਂ ਪ੍ਰਕਾਸ਼ਤ ਹੁੰਦਾ ਹੈ। ਆਸ ਹੈ ਆਪ ਪੜ੍ਹ ਕੇ ਜ਼ਰੂਰ ਮੇਰੀ ਹੌਂਸਲਾ ਅਫ਼ਜ਼ਾਈ ਲਈ ਆਪਣੇ ਵਡਮੁੱਲੇ ਸ਼ਬਦਾਂ ਰਾਹੀਂ ਮੈਨੂੰ ਯਾਦ ਕਰੋਗੇ।

ਮੈਂ ਆਪਣੇ ਜੀਵਨ ਦੀਆਂ ਕੁਝ ਗੱਲਾਂ ਆਪ ਜੀ ਨਾਲ ਸਾਂਝੀਆਂ ਕਰਨ ਲੱਗਾ ਹਾਂ। ਮੈਂ ਪਿੰਡ ਲਾਡਪੁਰ, ਡਾਕ: ਭੰਗਾਲਾ, ਜ਼ਿਲਾ ਹੁਸ਼ਿਆਰਪੁਰ ਦਾ ਪੱਕਾ ਵਸਨੀਕ ਹਾਂ। ਮੇਰਾ ਜਨਮ 10-2-1941 ਦਾ ਹੈ। ਪਿਤਾ ਦਾ ਨਾਮ ਸ੍ਰ. ਚਰਨ ਸਿੰਘ ਅਤੇ ਮਾਤਾ ਦਾ ਨਾਮ ਸ੍ਰੀਮਤੀ ਧਰਮ ਕੌਰ ਹੈ। ਬੀ.ਏ. ਦੀ ਪ੍ਰੀਖਿਆ ਐਸ.ਡੀ.ਕਾਲਿਜ ਪਠਾਨਕੋਟ ਤੋਂ 1960 ਵਿੱਚ ਅਤੇ ਬੀ.ਐੱਡ ਦੀ ਮਿੰਟ ਗੁੰਮਰੀ ਕਾਲਜ ਜਲੰਧਰ ਤੋਂ 1961 ਵਿੱਚ ਪਾਸ ਕੀਤੀ। ਪ੍ਰਾਈਵੇਟ ਸਰਵਿਸ ਵਿੱਚ ਮੈਂ ਬਹੁਤਾ ਸਰਵਿਸ ਦਾ ਸਮਾਂ ਖਾਲਸਾ ਸਕੂਲ ਮੁਕੇਰੀਆਂ ਵਿੱਚ ਲਾਇਆ। 1967 ਤੋਂ 1999 ਤੱਕ ਦਾ ਮੇਰਾ ਸਰਕਾਰੀ ਸਰਵਿਸ ਦਾ ਸਮਾਂ ਹੈ ਜਿਸ ਵਿੱਚੋਂ ਬਹੁਤਾ ਸਮਾਂ ਮੈਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਤਾਬਪੁਰ (ਹੁਸ਼ਿਆਰਪੁਰ) ਵਿਖੇ ਰਿਹਾ। ਹੁਣ ਮੈਂ ਰਿਟਾਇਰ ਹਾਂ। ਇਸ ਕੰਮ ਵਿੱਚ ਮੇਰੀ ਪਤਨੀ ਬੱਚੇ ਅਤੇ ਵਿਸ਼ੇਸ਼ ਕਰਕੇ ਮੇਰੇ ਲੜਕੇ ਸੁਖਵਿੰਦਰ ਸਿੰਘ ਨੇ ਵੱਧ ਰੁਚੀ ਵਿਖਾਈ ਹੈ। ਓਸੇ ਦਾ ਹੀ ਸਦਕਾ ਕਿ ਮੈਂ ਆਪਣੀਆਂ ਰਚਨਾਵਾਂ ਨੂੰ 'ਲਾਡਲੀਆਂ' ਸੰਗ੍ਰਹਿ ਦੇ ਰੂਪ ਵਿੱਚ ਆਪ ਜੀ ਸਾਹਮਣੇ ਪੇਸ਼ ਕਰਨ ਵਿੱਚ ਮਾਣ ਅਨੁਭਵ ਕਰ ਰਿਹਾ ਹਾਂ। ਬਹੁਤ ਛੇਤੀ ਮੇਰਾ ਅਗਲਾ ਕਾਵਿ-ਸੰਗ੍ਰਹਿ 'ਯਾਦਾਂ ਦੀ ਖੁਸ਼ਬੋਈ' ਜੋ ਨਿਰੋਲ ਧਾਰਮਿਕ ਹੈ ਉਹ ਵੀ ਆਪ ਜੀ ਦੀ ਸੇਵਾ ਹਿੱਤ ਅਰਪਣ ਕਰਨ ਜਾ ਰਿਹਾ ਹਾਂ।

ਜੋ ਕੁਝ ਵੀ ਮੈਂ ਆਪ ਜੀ ਦੀ ਭੇਟ ਕਰ ਰਿਹਾ ਹਾਂ, ਇਹ ਸ਼ਬਦ ਮੇਰੇ ਨਹੀਂ। ਇਹ ਤਾਂ ਰੱਬੀ ਦੇਣ ਹੈ। ਜਦ ਕਦੀ ਵੀ ਉਸ ਸੋਮੇ ਵਿੱਚੋਂ ਵਡਮੁੱਲੇ ਸ਼ਬਦ ਰਚਨਾ ਦੇ ਰੂਪ ਵਿੱਚ ਉੱਤਰ ਕੇ ਆਉਂਦੇ ਹਨ ਤਾਂ ਮੈਂ ਉਨ੍ਹਾਂ ਨੂੰ ਲਿਖ ਦਿੰਦਾ ਹਾਂ। ਮੈਂ ਤਾਂ ਕੇਵਲ ਉਸ ਦਾ ਨਿਮਾਣਾ ਜਿਹਾ ਲੇਖਕ ਹਾਂ। ਕਵਿਤਾਵਾਂ ਦੀ ਚੋਣ ਮੇਰੀ ਪੋਤਰੀ ਬਵਨੀਤ ਕੌਰ ਨੇ ਕੀਤੀ ਅਤੇ ਇਸ ਕਿਤਾਬ ਦਾ ਕੰਪਿਊਟਰੀਕਰਨ ਕਰਨ ਵਿੱਚ ਵਿਸ਼ੇਸ਼ ਤੌਰ ਤੇ ਬੇਟੀ ਰਜਿੰਦਰ ਕੌਰ ਨੇ ਨੇਪਰੇ ਚਾੜ੍ਹਿਆ। ਇਸ ਲਈ ਮੈਂ ਇਨ੍ਹਾਂ ਦਾ ਦਿਲੋਂ ਧੰਨਵਾਦੀ ਹਾਂ।

ਜੇਕਰ ਆਪ ਜੀ ਵਲੋਂ ਕੋਈ ਠੋਸ ਸੁਝਾਅ ਆਉਂਦੇ ਹਨ ਤਾਂ ਮੇਰਾ ਸਿਰ ਤੋੜ ਯਤਨ ਹੋਵੇਗਾ ਕਿ ਮੈਂ ਉਸ ਵਿੱਚ ਸੁਧਾਰ ਲਿਆ ਸਕਾਂ। ਆਪ ਜੀ ਦੇ ਭੇਜੇ ਹੋਏ ਵੱਡਮੁੱਲੇ ਵਿਚਾਰਾਂ ਦੀ ਮੈਂ ਬੜੀ ਤੀਬਰਤਾ ਨਾਲ ਉਡੀਕ ਕਰਾਂਗਾ।

ਧੰਨਵਾਦ ਸਹਿਤ।

ਆਪ ਜੀ ਦਾ ਹਿੱਤੂ

**(ਗੁਰਬਚਨ ਸਿੰਘ ਲਾਡਪੁਰੀ)**

ਪਿੰਡ : ਲਾਡਪੁਰ ਡਾਕ: ਭੰਗਾਲਾ, ਤਹਿ: ਮੁਕੇਰੀਆਂ

(ਹੁਸ਼ਿਆਰਪੁਰ)

ਫੋਨ : 01883-233346, ਮੋਬਾਈਲ 99145-33718

email : ladpurigs@yahoo.com

# ਪ੍ਰਕਾਸ਼ਨ ਮਨੋਰਥ

ਲਾਡਲੀਆਂ ਸੰਗ੍ਰਹਿ ਦਾ ਭਾਵ ਪਿਆਰੀਆਂ ਰਚਨਾਵਾਂ। ਕਿਉਂਜੋ ਮੈਂ ਆਪਣੀਆਂ ਰਚਨਾਵਾਂ ਨੂੰ ਦਿੱਲ ਦੀਆਂ ਡੂੰਘਾਈਆਂ ਦਾ ਦੋਸਤ ਕਹਿ ਕੇ ਵਰਨਣ ਕੀਤਾ ਹੈ ਏਸੇ ਲਈ ਇਸ ਸੰਗ੍ਰਹਿ ਦਾ ਨਾਂ ਲਾਡਲੀਆਂ ਰੱਖਿਆ ਹੈ।

ਮੇਰੀ ਰਚਨਾਵਾਂ ਦਾ ਮਨੋਰਥ ਹੈ ਆਪਣੀ ਸਭਿਅਤਾ ਦੀ ਪਹਿਚਾਣ ਕਰਾਉਣੀ, ਗਭਰੂਆਂ ਦਾ ਰੁਝਾਣ ਬਾਹਰ ਦੇਸ਼ਾਂ ਨੂੰ ਜਾਣ ਤੋਂ ਰੋਕਣਾ, ਸਮਾਜਿਕ ਬੁਰਾਈਆਂ ਨੂੰ ਉਜਾਗਰ ਕਰਨਾ, ਦੇਸ਼ ਪਿਆਰ ਦੀ ਭਾਵਨਾ ਪੈਦਾ ਕਰਨੀ, ਆਪਣੇ ਪੁਰਾਣੇ ਨਾਤਿਆਂ ਨੂੰ ਨਾਂਹ ਭੁੱਲਣਾ, ਰੀਤੀ ਰਿਵਾਜ਼ਾਂ ਦੀ ਪਹਿਚਾਣ ਕਰਾਉਣੀ, ਵਾਧੂ ਅਡੰਬਰਾਂ ਨੂੰ ਭੰਡਣਾ, ਸਮਾਜ ਵਿੱਚ ਬਰਾਬਰੀ ਦੀ ਭਾਵਨਾ ਪੈਦਾ ਕਰਨੀ ਅਤੇ ਕੁਦਰਤ ਦੀਆਂ ਦਾਤਾਂ ਦਾ ਆਨੰਦ ਮਾਣਦੇ ਹੋਏ ਉਸ ਦੇ ਵਿਨਾਸ਼ ਨੂੰ ਰੋਕਣਾ ਤੇ ਉਸ ਵਿੱਚ ਪੈਣ ਵਾਲੀਆ ਤ੍ਰੇੜਾਂ ਵਲੋਂ ਲੋਕਾਂ ਨੂੰ ਸੂਚਿਤ ਕਰਨਾ ਹੈ। ਇਸ ਦੀ ਕਾਮਯਾਬੀ ਆਪ ਦਾ ਸਹਿਯੋਗ ਮੰਗਦੀ ਹੈ।

# ਤਤਕਰਾ


| | |
|---|---|
| ਸਾਂਝ | 1 |
| ਰੀਝਾਂ ਦਾ ਸੰਸਾਰ | 2 |
| ਪ੍ਰਦੂਸ਼ਣ | 3 |
| ਤਾੜਨਾ | 5 |
| ਦਰਦ | 6 |
| ਹੱਕਦਾਰ | 7 |
| ਪੱਗ | 9 |
| ਚੁੰਨੀ | 10 |
| ਪੰਜਾਬੀ ਗੱਭਰੂ | 11 |
| ਸਮੇਂ ਦਾ ਚੱਕਰ | 13 |
| ਕੁਦਰਤ | 15 |
| ਵਿਦਿਆਰਥੀ | 16 |
| ਪੰਜਾਬ | 17 |
| ਨਮਕ-ਹਰਾਮੀ | 18 |
| ਪਿੰਡ | 19 |
| ਕਾਮੇ | 21 |
| ਕਿਸਾਨ | 23 |
| ਪੈਸਾ | 25 |
| ਮੰਗਤੇ | 27 |
| ਪੁਕਾਰ | 28 |
| ਆਦਤ | 29 |
| ਸ਼ਹੀਦਾਂ ਨੂੰ | 30 |
| ਫੋਕੇ ਰਿਵਾਜ | 31 |
| ਤਰਲਾ | 32 |
| ਵੀਰ ਦੀ ਯਾਦ | 33 |
| ਪੱਛਮੀ ਸਭਿਅਤਾ | 34 |
| ਭਾਰਤ ਦੇਸ਼ | 35 |
| ਜਿੰਦ | 36 |
| ਲੱਖ ਪਰਦੇਸੀ | 37 |
| ਯਾਦ | 38 |
| ਨਸ਼ਾ | 40 |
| ਰੀਸ | 41 |
| ਧੀ ਰਾਣੀ | 43 |
| ਚਮਚੇ | 45 |
| ਫੁੱਲ | 48 |
| ਸੱਚਾ ਪਿਆਰ | 50 |
| ਹੀਰ ਸਲੇਟੀ | 52 |
| ਰਮਜ਼ | 54 |
| ਦੋਸਤ | 56 |
| ਲਾਰਾ | 57 |
| ਢੋਲ ਨੂੰ | 58 |
| ਸ਼ਗੂਫਾ | 60 |
| ਪਰਦੇਸੋਂ ਰੋਕਣ ਲਈ ਮੁਟਿਆਰ | 61 |
| ਰਿਸ਼ਤਾ | 63 |
| ਨੂੰਹ ਤੇ ਸੱਸ | 65 |
| ਪੀੜ੍ਹੀ | 66 |
| ਦਾਜ | 67 |
| ਜਨ-ਸੰਖਿਆ | 68 |
| ਸ਼ਹਿਰਾਂ ਨਾਲੋਂ ਪਿੰਡ | 69 |
| ਬੋਲੀਆਂ | 72 |
| ਪਰਦੇਸੀ ਧੀ | 73 |
| ਰੁੱਖ | 74 |
| ਮਾਪੇ | 75 |
| ਜ਼ਿੰਦਗੀ | 76 |
| ਮੋਚੀ | 77 |
| ਵਿੱਦਿਆ | 79 |

| | |
|---|---|
| ਬੇਰੁਜ਼ਗਾਰੀ | 80 |
| ਵੀਰ-ਸਿਪਾਹੀ | 81 |
| ਬੋਲੇ ਤੇ ਅੰਨ੍ਹੇ | 82 |
| ਸੱਚ | 83 |
| ਸਮਾਂ | 84 |
| ਮੌਤ | 85 |
| ਗੁਰੂ (ਅਧਿਆਪਕ) | 87 |
| ਅਮਨ ਦਾ ਸੰਦੇਸ਼ | 89 |
| ਇਨਸਾਨ | 90 |
| ਸਮੇਂ ਦੀ ਕਦਰ | 91 |
| ਏਕਾ ਗਜ਼ਲ | 92 |
| ਭਰਾ ਤੇ ਵੀਰ | 93 |
| ਅਮਨ ਸ਼ਾਂਤੀ | 95 |
| ਗਿਆਨ | 96 |
| ਵਿਗਿਆਨੀ | 97 |
| ਕਾਰੀਗਰ ਤੇ ਵਿਗਿਆਨੀ | 98 |
| ਪੁੱਤਰ | 99 |
| ਦੋ ਗਾਣਾ | 101 |
| ਬੰਦਾ | 103 |
| ਪੰਜਾਬੀ ਮੁਟਿਆਰ | 104 |
| ਲਾਲਚ | 105 |
| ਸੂਰਜ | 106 |
| ਰੱਖੜੀ | 107 |
| ਲੋਹੜੀ | 108 |
| ਬਸੰਤ ਰੁੱਤ | 109 |
| ਕੁੜੀ ਪੰਜਾਬ ਦੀ | 110 |
| ਅੱਜ ਦਾ ਇਨਸਾਨ | 111 |
| ਅੱਖੀਆ | 112 |
| ਪੰਜਾਬੀ ਸਭਿਅਤਾ | 113 |
| ਇਕੋ ਟੇਕ | 115 |
| ਹੜਤਾਲਾਂ | 117 |
| ਬਲੈਕੀਆਂ ਨੂੰ | 118 |
| ਮਤਲਬ ਦੇ ਬੰਦੇ | 119 |
| ਸਰਕਾਰੀ ਅਧਿਆਪਕ | 120 |
| ਸ਼ੌਕ | 122 |
| ਮਨ | 123 |
| ਵਿਛੋੜਾ | 124 |
| ਭੈਣ ਦੀਆਂ ਸੱਧਰਾਂ | 125 |
| ਅੱਖਾਂ | 126 |
| ਝੂਠੇ ਬੰਦੇ ਨੂੰ | 127 |
| ਅਮਨ ਦੀ ਆਵਾਜ਼ | 128 |
| ਬਦਲੀਆਂ ਕਦਰਾਂ | 129 |
| ਜੀਵਨ ਇਕ ਅਨਮੋਲ ਖ਼ਜ਼ਾਨਾ | 130 |
| ਦੇਸ਼ ਪਿਆਰ ਦਾ ਗੀਤ | 131 |
| ਕਬੱਡੀਆਂ | 133 |
| ਜੁਆਨਾਂ ਨੂੰ | 134 |
| ਨੇੜਤਾ | 135 |
| ਖੁਸ਼ਹਾਲੀ | 136 |
| ਇਨਸਾਨ | 137 |
| ਸ਼ੱਕ | 138 |
| ਸੂਝ | 139 |
| ਕੰਗਾਲੀ | 140 |
| ਅਮਨ | 141 |
| ਸਵਾਦ | 142 |
| ਕੁੱਲੀ ਵਾਲਾ | 143 |
| ਇਨਸਾਨਾਂ ਨੂੰ | 144 |
| ਜੀਵ ਹੱਤਿਆ | 145 |
| ਜ਼ਮੀਰ | 146 |
| ਦੋ ਗਾਣਾ | 147 |
| ਮੀਡੀਆ ਵਾਲੇ | 149 |
| ਭਟਕਣ | 150 |
| ਖੇੜਾ | 151 |
| ਬਾਲ ਵਿਆਹ | 152 |
| ਪੰਜਾਬੀ ਬੋਲੀ | 153 |
| ਪੋਲਿਊਸ਼ਨ | 154 |
| ਅਮਨਾਂ ਨਾਲ ਬਹਾਰਾਂ | 155 |
| ਪਾਣੀ | 156 |
| ਬੱਚੇ | 157 |
| ਸਿਖਿਆ | 158 |
| ਮਹਿੰਗਾਈ | 159 |
| ਏਕੇ ਦੀ ਪੁਕਾਰ | 160 |
| ਓਬਾਮਾ (ਕਿਸਮਤ ਦਾ ਘਾੜਾ) | 161 |
| ਮਿਹਨਤ | 162 |
| ਫਲ | 163 |
| ਨਸ਼ਾ-ਰੋਕੂ | 164 |
| ਪੂੰਜੀ | 166 |
| ਜੀਵਨ-ਜਾਚ | 167 |
| ਤੜਪ | 168 |
| ਭਰੂਣ ਹੱਤਿਆ | 169 |
| ਸ਼ਾਂਤੀ ਦੀ ਪੁਕਾਰ | 170 |
| ਟੈਨਸ਼ਨ | 171 |
| ਫੌਰਨ ਤੋਂ ਤਾੜਨਾ | 173 |

# ਸਾਂਝ

ਨਿੱਕੇ ਹੁੰਦਿਆਂ ਤੋਂ ਹੀ ਮੇਰਾ, ਜਿਸ ਅੱਜ ਤੱਕ ਸਾਥ ਨਿਭਾਇਆ ਏ।
ਜਿਸ ਨੇ ਮੈਨੂੰ ਨੀਂਦਰ ਵਿੱਚੋਂ, ਅੱਜ ਤੱਕ ਵੀ ਆਣ ਜਗਾਇਆ ਏ।
ਉਹ ਮੇਰਾ ਮਨ ਪ੍ਰਚਾਉਂਦੀ ਸੀ, ਮੈਂ ਵੀ ਤਾਂ ਦਿਲ ਤੋਂ ਚਾਹੁੰਦਾ ਸਾਂ।
ਉਹਦੇ ਕਰਕੇ ਮੈਂ ਕਾਲਜ ਵਿੱਚ, ਚੜ੍ਹ ਉਪਰ ਸਟੇਜਾਂ ਗਾਉਂਦਾ ਸਾਂ।

ਉਹ ਮਾਣ ਤਾਣ ਮੇਰਾ ਡਾਢਾ, ਉਹ ਮੇਰਾ ਇਕ ਸਰਮਾਇਆ ਏ।
ਕਦੀ ਵਿੱਚ ਉਦਾਸੀ ਦੇ ਹੋਵਾਂ, ਉਸ ਨੇ ਹੀ ਆਣ ਵਰਾਇਆ ਏ।
ਉਹ ਪੀੜ ਮੇਰੇ ਦਿਲ ਦੀ ਜਾਣੇ, ਉਹ ਅਰਸ਼ੋਂ ਉੱਤਰੀ ਰਾਣੀ ਏ।
ਮੇਰੀ ਤੇ ਉਸ ਦੀ ਪਿਆਰਾਂ ਦੀ, ਇਹ ਤਾਂ ਇਕ ਸਾਂਝ ਪੁਰਾਣੀ ਏ।

ਉਹ ਮੇਰੇ ਸਾਹਾਂ ਵਿੱਚ ਵਸਦੀ, ਮੈਂ ਵੀ ਤਾਂ ਉਹਦਾ ਦੀਵਾਨਾ ਹਾਂ।
ਜਦ ਉਡਦੀ ਉਪਰ ਅਕਾਸ਼ਾਂ ਦੇ, ਮੈਂ ਉਪਰ ਉਡਾਰੀ ਲਾਨਾ ਹਾਂ।
ਕਈ ਕਈ ਵਰ੍ਹਿਆਂ ਤੱਕ ਸੰਗ ਰਹਿਕੇ, ਉਸ ਮੇਰਾ ਸਾਥ ਨਿਭਾਇਆ ਸੀ।
ਮੇਰੀ ਸ਼ੋਭਾ ਦਾ ਡੰਕਾ ਉਸ, ਜੱਗ ਸਾਰੇ ਵਿੱਚ ਵਜਾਇਆ ਸੀ।

ਕਈ ਚਿਰ ਹੋਇਆ ਇਨ੍ਹਾਂ ਸੱਧਰਾਂ ਨੂੰ, ਕਿਸੇ ਲਾਂਬੂ ਹੀ ਸੀ ਲਾ ਛਡਿਆ।
ਉਸ ਮੇਰਾ ਖਹਿੜਾ ਛੱਡ ਦਿੱਤਾ, ਮੈਂ ਦਿਲ ਤੋਂ ਦੂਰ ਭਜਾ ਛੱਡਿਆ।
ਵਰ੍ਹਿਆਂ ਦੇ ਏਸ ਵਿਛੋੜੇ ਨੇ, ਅੱਜ ਫਿਰ ਮਨ ਨੂੰ ਤੜਪਾਇਆ ਏ।
ਮੇਰੇ ਮਨ ਦੀ ਗੁੱਝੀ ਰਮਜ਼ਾਂ ਦਾ, ਵਿਹੜਾ ਤਾਂ ਅੱਜ ਰੁਸ਼ਨਾਇਆ ਏ।

ਮੈਨੂੰ ਸੌਣ ਨ ਦਿੰਦੀ ਨੀਂਦਰ ਵਿੱਚ, ਮੈਨੂੰ ਟੁੰਬ ਟੁੰਬ ਆਣ ਜਗਾਉਣ ਲੱਗੀ।
ਸੁੱਤੇ ਨੂੰ ਮੈਨੂੰ ਉਠਾਉਣ ਲੱਗੀ, ਤੇ ਚਿਣਗ ਅਵੱਲੜੀ ਲਾਉਣ ਲੱਗੀ।
ਵਰ੍ਹਿਆਂ ਦੇ ਵਿਛੋੜੇ ਦੀ ਪੀੜਾ ਲੱਗਦੀ ਏ ਮਨ ਪਰਚਾਵੇਗੀ।
ਜੱਗ ਨਾਲ ਇਹ ਸਾਂਝਾਂ ਪਾਵੇਗੀ ਤੇ ਚੰਨ ਕੋਈ ਨਵਾਂ ਚੜ੍ਹਾਵੇਗੀ।

ਨ ਛੱਡਾਂਗਾ ਹੁਣ ਸਾਥ ਇਹਦਾ, ਇਕ ਪਲ ਤਾਂ ਦੂਰ ਵੀ ਕਰਨੀ ਨਹੀਂ।
ਵਰ੍ਹਿਆਂ ਦੇ ਪਏ ਵਿਛੋੜੇ ਦੀ, ਆਪਾਂ ਮੁੜ ਪੀੜਾ ਜਰਨੀ ਨਹੀਂ।
ਜੇ ਸਾਥ ਇਹਦਾ ਮੈਂ ਛਡਿਆ ਨਾਂਹ, ਸ਼ਾਇਦ ਮੈਨੂੰ ਇਹ ਤਾਰੇਗੀ।
ਮੇਰੀ ਗੁੱਡੀ ਇਹ 'ਲਾਡਪੁਰੀ' ਜੱਗ ਤੇ ਇਕ ਦਿਨ ਤਾਂ ਚਾੜ੍ਹੇਗੀ।



# ਰੀਝਾਂ ਦਾ ਸੰਸਾਰ

ਘੜ ਸੱਜਣਾਂ ਤੂੰ ਸੰਸਾਰ ਨਵਾਂ, ਜਿੱਥੇ ਮਾਨਵਤਾ ਪਲਦੀ ਰਹੇ।
ਮਾਨਵ ਦੇ ਹੱਕਾਂ ਦੀ ਖ਼ਾਤਿਰ, ਜਿੱਥੇ ਮਾਨਵਤਾ ਲੜਦੀ ਰਹੇ।
ਭਾਈ ਨਾਂਹ ਵੈਰੀ ਬਣ ਜਿੱਥੇ, ਕੋਈ ਖ਼ੂਨ ਨਿਚੋੜੇ ਭਾਈ ਦਾ।
ਕਿਰਤੀ ਦੇ ਹੱਕਾਂ ਨੂੰ ਜਿੱਥੇ, ਨਾਂਹ ਹੋਰਾਂ ਹੱਥ ਫੜਾਈਦਾ।
ਭੋਂ ਵਾਹਕ ਜਿੱਥੇ ਭੋਂ ਮਾਲਿਕ, ਵੰਡ ਧੰਨ ਦੀ ਹੋਵੇ ਕਾਣੀ ਨਾਂਹ।
ਸੱਭੇ ਹੋਵਣ ਸ਼ਾਹ ਦੁਨੀਆਂ ਦੇ, ਕੋਈ ਰਾਜਾ ਤੇ ਕੋਈ ਰਾਣੀ ਨਾਂਹ।
ਮਜ਼ਲੂਮ ਦੇ ਹੰਝੂ ਦਾ ਜਿੱਥੇ, ਕੋਈ ਹੋਰ ਸਹਾਰਾ ਲਾਏ ਨਾਂਹ।
ਕੈਦੋ ਬਣ ਕੇ ਜਿੱਥੇ ਕੋਈ, ਪਿਆਰਾਂ ਤੇ ਡਾਕੇ ਲਾਏ ਨਾਂਹ।
ਮਜ਼ਲੂਮ ਦੀਆਂ ਚੀਕਾਂ, ਹਾਵਾਂ ਨੂੰ, ਜਿੱਥੇ ਕੋਈ ਦਬਾਏ ਨਾਂਹ।
ਕਿਰਸਾਨਾਂ ਅਤੇ ਕਿਰਤੀਆਂ ਦੀ, ਹੱਡ-ਭੰਨ ਕਮਾਈ ਖਾਏ ਨਾਂਹ।
ਦਰ ਦਰ ਦੀ ਠੋਕਰ ਖਾ ਖਾ ਕੇ, ਜਿੱਥੇ ਕੋਈ ਉਜਰਤ ਮੰਗੇ ਨਾਂਹ।
ਮਨ ਦੇ ਭਾਵਾਂ ਨੂੰ ਦੱਸਣ ਲਈ, ਜਿੱਥੇ ਕੋਈ ਫਾਹੇ ਟੰਗੇ ਨਾਂਹ।
ਹੜਤਾਲਾਂ ਦੀ ਨਾਂਹ ਗੱਲ ਹੋਵੇ, ਮਸਲੇ ਅਮਨਾਂ ਨਾਲ ਹੱਲ ਕਰਦੇ।
ਆਪਣੀ ਕੋਈ ਧੌਂਸ ਜਮਾਏ ਨਾਂਹ, ਅਮਨਾਂ ਦੀ ਜਿੱਥੇ ਗੱਲ ਕਰਦੇ।
ਧਰਮ ਤੇ ਜਾਤਾਂ ਦੀ ਖ਼ਾਤਰ, ਜਿੱਥੇ ਵਖਰੇਵਾਂ ਨਹੀਂ ਪੈਂਦਾ।
ਰਾਤੋਂ ਰਾਤੀਂ ਅਮੀਰ ਬਣਾਂ, ਜਿੱਥੇ ਕੋਈ ਸੁਪਨਾ ਨਹੀਂ ਲੈਂਦਾ।
ਕੁੱਲੀ, ਗੁੱਲੀ, ਜੁੱਲੀ ਵਾਲਾ, ਸਾਡੇ ਕੋਲ ਜਿਸ ਥਾਂ ਪਾਸ ਹੋਵੇ।
ਤੇ ਜਿੱਥੇ ਰਿਸ਼ਵਤ-ਖੋਰੀ ਦਾ, ਉੱਕਾ ਹੀ ਸਤਿਆ-ਨਾਸ਼ ਹੋਵੇ।
ਹੱਕ ਸੱਚ ਦੀ ਖਾਣ ਕਮਾਈ ਤੇ, ਸਭਨਾ ਦੇ ਮਨ ਧਰਵਾਸ ਹੋਵੇ।
ਦਿਲ ਖਿੜਨ ਗੁਲਾਬਾਂ ਦੇ ਵਾਂਗੂੰ, ਤੇ ਮਨ ਨਾਂਹ ਕੋਈ ਉਦਾਸ ਹੋਵੇ।
ਵਿਦਿਆ ਦੇਣੀ, ਕੰਮ ਤੇ ਲਾਉਣਾ, ਇਹ ਕੰਮ ਤੇ ਹੈ ਸਰਕਾਰਾਂ ਦਾ।
ਕਦੀ ਵਾਸਾ ਉਹ ਨਾਂਹ ਬਣ ਜਾਵੇ, ਵਿਹਲੜ ਤੇ ਬੇਰੁਜ਼ਗਾਰਾਂ ਦਾ।
ਰੀਝਾਂ ਦਾ ਇਹ ਸੰਸਾਰ ਮੇਰਾ, ਰੀਝਾਂ ਸਭ ਨੂੰ ਇਹ ਵੰਡਦਾ ਰਹੇ।
ਤੇ ਲਾਡਪੁਰੀ ਧੋਖੇ ਵਾਲਾ, ਧੋਖਾ ਕਰਨੇ ਤੋਂ ਕੰਬਦਾ ਰਹੇ।

# ਪ੍ਰਦੂਸ਼ਣ

ਇਹ ਕੁਦਰਤ ਦੇ ਨਜ਼ਾਰੇ, ਟੁੰਬ ਟੁੰਬ ਸਾਨੂੰ ਜਗਾਉਂਦੇ ਨੇ।
ਕੁਦਰਤ ਦੀ ਇਹਨਾਂ ਦੇਣਾ ਦਾ ਚੇਤਾ ਇਹ ਕਰਾਉਂਦੇ ਨੇ।
ਅਕਾਸ਼ਾਂ ਵਿੱਚ ਉਸ ਓ ਜ਼ੋਨ ਦੀ , ਚਾਦਰ ਵਿਛਾ ਛੱਡੀ।
ਧਰਤ ਦੇ ਜੀਵ ਦੀ ਕਿੰਝ ਉਸ ਨੇ, ਰੱਖਿਆ ਕਰਾ ਛੱਡੀ।
ਇਹ ਲੂਹ ਤਾਂ ਪੋਹ ਨ ਸੱਕੀ ਅੱਜ ਤੱਕ, ਧਰਤੀ ਦੇ ਬੰਦੇ ਨੂੰ,
ਕਿਵੇਂ ਕਾਇਨਾਤ ਇਸ ਦੀ ਏਸ ਨੇ, ਅੱਜ ਤੱਕ ਬਚਾਅ ਛੱਡੀ।
ਇਸ ਓ ਜ਼ੋਨ ਦੀ ਆਹ ਪਰਤ ਤੇ, ਕਈ ਛੇਕ ਹੋ ਗਏ ਨੇ।
ਕੁਦਰਤ ਦੇ ਬਣਾਏ ਜਾਲ, ਮਲੀਆ ਮੇਟ ਹੋ ਗਏ ਨੇ।
ਬਨਸਪਤ ਨੂੰ ਵੀ ਦਿਨ ਰਾਤੀਂ, ਆਹ ਕੱਟ ਕੱਟ ਕੇ ਮੁਕਾਏਂ ਤੂੰ।
ਤੇ ਪਾਣੀ ਧਰਤ ਦਾ ਦਿਨ ਰਾਤ ਹੀ, ਦੂਸ਼ਿਤ ਕਰਾਏਂ ਤੂੰ।
ਧਰਤ ਦੀ ਹਿੱਕੜੀ ਤੇ ਛੱਡਦਾਂ, ਨਿੱਤ ਗੰਧਲਾ ਪਾਣੀ,
ਤੇ ਤੱਕ ਕੁਤਰਤ ਦੇ ਪਾਣੀ ਨੂੰ ਵੀ, ਕਿੰਝ ਗੰਧਲਾ ਬਣਾਏਂ ਤੂੰ।
ਔਹ ਝਰਨੇ ਸ਼ਰ ਸ਼ਰਾ ਕੇ ਕਹਿ ਰਹੇ ਨੇ, ਦਾਸਤਾਂ ਆਪਣੀ,
ਤੇਰੇ ਲਈ ਪੀਣ ਲਈ ਪਾਣੀ ਦੀ ਤਾਂ, ਇਕ ਬੂੰਦ ਨਹੀਂ ਰਹਿਣੀ।
ਦਿਨ ਉਹ ਆ ਰਿਹਾ ਨੇੜੇ ਕਿ ਜਦ, ਇਸ ਧਰਤ ਦੇ ਉਤੇ,
ਬਾਰਸ਼ ਕੀ? ਕਦੀ ਵਰਖਾ ਦੀ, ਇਕ ਵੀ ਬੂੰਦ ਨਹੀਂ ਪੈਣੀ।
ਨਜ਼ਰ ਮਾਰੋ ਜਿਧਰ ਇਹ ਲੱਭਦੀ, ਏ ਗੰਦਗੀ ਸਾਰੇ,
ਧਰਤ ਦੀ ਹਿੱਕੜੀ ਤੇ ਕਿੰਝ, ਅੱਜ ਤੂੰ ਢੇਰ ਲਾ ਛੱਡੇ।
ਤੇ ਖੇਤਾਂ ਵਿੱਚ, ਨਿੱਤ ਹੀ ਜ਼ਹਿਰ ਦੇ ਛੱਟੇ ਵਰ੍ਹਾਂਵੇ ਤੂੰ,
ਇਨ੍ਹਾਂ ਜ਼ਹਿਰਾਂ ਨੇ ਬਣ ਬੀਮਾਰੀਆਂ, ਟੱਬਰ ਮੁਕਾ ਛੱਡੇ।
ਉਨ੍ਹਾਂ ਜੀਵਾਂ ਦਾ ਕੀ ਏ ਦੋਸ਼, ਜੋ ਪਾਣੀ 'ਚ ਰਹਿੰਦੇ ਨੇ,
ਕਰ ਗੰਧਲੇ ਤੂੰ ਪਾਣੀ, ਉਨ੍ਹਾਂ ਦੇ ਤੂੰਬੇ ਉਡਾ ਛੱਡੇ।
ਤੇਰੇ ਦੂਸ਼ਤ-ਪੁਣੇ ਓ ਜ਼ੋਨ ਦੀ ਵੀ, ਪਰਤ ਪਾੜੀ ਕਿੰਝ,
ਤੈਨੂੰ ਇਸ ਗਰਮ ਲੂਹ ਨੇ ਸਾੜ ਕੇ, ਵੇਖੀਂ ਮੁਕਾ ਦੇਣਾ।



ਬਰਫ਼ ਦਾ ਬਣ ਜਾਊ ਪਾਣੀ, ਸਮੁੰਦਰ ਟੱਡ ਮੂੰਹ ਆਪਣਾ,
ਨਿਗਲ ਕੇ ਸੁੱਸਰੀ ਦੇ ਵਾਂਗਰਾਂ, ਤੈਨੂੰ ਸੁਆ ਦੇਣਾ।
ਇਹ ਸੀਨਾ ਧਰਤ ਦਾ ਇੱਕ ਦਿਨ ਤਾਂ, ਇਹ ਬੇਕਾਰ ਹੋ ਜਾਣਾ।
ਤੇ ਰਹਿਣਾ ਇਕ ਘੜੀ ਵੀ ਏਸ ਤੇ, ਦੁਸ਼ਵਾਰ ਹੋ ਜਾਣਾ।
ਸਮਝ ਕਰ ਧਰਤ ਦੇ ਬੰਦੇ, ਜੇ ਕੁਝ ਚਿਰ ਹੋਰ ਜੀਣਾ ਹੈ,
ਕੁਦਰਤੀ ਦਾਤ ਦੀ ਰਾਖੀ ਤਾਂ, ਇਹ ਤੂੰ ਹੀ ਕਰਾਉਣੀ ਹੈ।
ਲਾਡਪੁਰੀ ਛੱਡ ਦੂਸ਼ਿਤ ਪੁਣਾ, ਛੱਡ ਰੁੱਖ ਤੂੰ ਕਟਣੇ,
ਕੁਦਰਤੀ ਕ੍ਰੋਪ ਤੋਂ ਜੇ ਧਰਤ ਆਪਣੀ, ਤੂੰ ਬਚਾਉਣੀ ਹੈ।

# ਤਾੜਨਾ

ਓ ਭਾਰਤ ਦੇ ਵਸਨੀਕੋ, ਏਥੇ ਫੁੱਟ ਦਾ ਬੀਜ ਉਗਾਇਓ ਨਾਂਹ।
ਇਸ ਪੁੰਗਰਦੀ ਫੁਲਵਾੜੀ ਵਿੱਚ, ਨਫ਼ਰਤ ਦੀਆਂ ਅੱਗਾਂ ਲਾਇਓ ਨਾਂਹ।

.......................................................................................

ਇਹਦੀ ਤੋਰ ਤਾਂ ਅਜੇ ਇੰਞਾਣੀ ਏ, ਫੁਲਵਾੜੀ ਅਜੇ ਸਜਾਉਣੀ ਏ।
ਇਸਨੇ ਤਾਂ ਅਜੇ ਇਹ ਵਧ ਫੁੱਲ ਕੇ, ਇਸ ਦੀ ਤਕਦੀਰ ਬਨਾਉਣੀ ਏਂ।
ਇਸ ਦੇ ਵਾਸ਼ਿੰਦਿਆਂ ਨੂੰ ਚੁੱਕ ਕੇ, ਕਿਤੇ ਪੁੱਠੇ ਰਸਤੇ ਪਾਇਓ ਨਾਂਹ।
ਓ ਭਾਰਤ ਦੇ ਵਸਨੀਕੋ............................।

ਮੰਗਾਂ ਜੋ ਬਹਿ ਕੇ ਹੱਲ ਕਰੋ, ਭੰਨ ਤੋੜ ਨਾਂਹ ਇਸ ਦਾ ਚਾਰਾ ਏ।
ਇਹ ਪੂੰਜੀ ਤੇਰੀ ਆਪਣੀ ਏ, ਇਸ ਤੋਂ ਨਾਂਹ ਬਿਨਾਂ ਗੁਜ਼ਾਰਾ ਏ।
ਕਿਤੇ ਸ਼ੈਤਾਨਾਂ ਦੇ ਆਖੇ ਲੱਗ, ਭੁੱਲ ਇਸਦਾ ਘਾਣ ਕਰਾਇਉ ਨਾਂਹ।
ਓ ਭਾਰਤ ਦੇ ਵਸਨੀਕੋ............................।

ਅਸਾਂ ਖੁਸ਼ਹਾਲੀ ਦੀ ਦੌੜਾਂ ਵਿੱਚ, ਕਈਆਂ ਤੋਂ ਅੱਗੇ ਜਾਣਾ ਹੈ।
ਆਪੋ ਵਿੱਚ ਰਲ ਮਿਲ ਕੇ ਆਪਾਂ, ਫੁਲਵਾੜੀ ਤਾਈਂ ਸਜਾਣਾ ਹੈ।
ਭੰਨ ਤੋੜ ਤੇ ਅੱਗਾਂ ਲਾ ਕਿਧਰੇ, ਇਸਦਾ ਨੁਕਸਾਨ ਕਰਾਇਓ ਨਾਂਹ।
ਓ ਭਾਰਤ ਦੇ ਵਸਨੀਕੋ............................।

ਹਾਕਮ ਸਰਕਾਰੋ ਸਮਝ ਲਵੋ, ਹੱਕ ਏਸ ਗ਼ਰੀਬ ਦਾ ਖਾਇਉ ਨਾਂਹ।
ਏਥੇ ਸੱਭ ਹੱਕ ਬਰਾਬਰ ਨੇ, ਇਹਦੀ ਸ਼ਕਤੀ ਨੂੰ ਅਜ਼ਮਾਇਉ ਨਾਂਹ।
ਇਨ੍ਹਾਂ ਨਿੱਕਲੀਆਂ ਆਵਾਜ਼ਾਂ ਨੂੰ, ਕਿਤੇ ਜ਼ੋਰਾਂ ਨਾਲ ਦਬਾਇਉ ਨਾਂਹ।
ਓ ਭਾਰਤ ਦੇ ਵਸਨੀਕੋ............................।

ਆਓ ਅਮਨ ਨਾਲ ਸਾਰੇ ਵਸੀਏ, ਕਿਤੇ ਬੂਰ ਪਿਆ ਨਾਂਹ ਸੁੱਕ ਜਾਵੇ।
ਗੱਡੀ ਚਲਦੀ ਖੁਸ਼ਹਾਲੀ ਦੀ, ਨਾਂਹ ਲਾਡਪੁਰੀ ਇਹ ਰੁਕ ਜਾਵੇ।
ਆਪਣੇ ਚਮਨਾਂ ਦੀ ਖੁਸ਼ਹਾਲੀ ਨੂੰ , ਆਪੇ ਅੱਗਾਂ ਲਾਇਓ ਨਾਂਹ।
ਓ ਭਾਰਤ ਦੇ ਵਸਨੀਕੋ............................।



# ਦਰਦ

ਅਤਿਵਾਦ ਫੈਲਿਆ ਜੱਗ ਉੱਤੇ, ਕਿੰਵ ਲੋਕ ਨਿਹੱਥੇ ਮਾਰ ਰਹੇ।
ਜ਼ੁਲਮਾਂ ਦੇ ਬਲਦੇ ਭਾਂਬੜ ਵਿੱਚ, ਮਜ਼ਲੂਮਾਂ ਨੂੰ ਨੇ ਸਾੜ ਰਹੇ।
ਇਸ ਤੇਜ਼ ਹਨ੍ਹੇਰੀ ਦੇ ਅੰਦਰ, ਨਿਰਦੋਸ਼ੇ ਮਾਰੇ ਜਾਂਦੇ ਨੇ।
ਕੋਝੇ ਮਨਸੂਬਿਆਂ ਦੀ ਖ਼ਾਤਰ ਘਰ-ਘਾਟ ਉਜਾੜੇ ਜਾਂਦੇ ਨੇ।
ਯੋਰਪ ਤਾਂ ਕੀ ਇਸ ਦੁਨੀਆਂ ਵਿੱਚ ਅਮਨਾਂ ਨੂੰ ਅੱਗ ਅੱਜ ਲਾ ਦਿੱਤੀ।
ਸਾਰੀ ਮਨੁੱਖਤਾ ਸੋਚਣ ਲਈ, ਇਸ ਨੇ ਮਜਬੂਰ ਕਰਾ ਦਿੱਤੀ।
ਮੁੱਠੀ ਭਰ ਦੁਨੀਆਂ ਦੇ ਲੋਕੀਂ, ਅਮਨਾਂ ਨੂੰ ਅੱਗ ਪਏ ਲਾਂਦੇ ਨੇ।
ਤੇ ਏਸ ਘਨੌਣੀ ਹਰਕਤ ਲਈ, ਮਾਸੂਮ ਵੀ ਮਾਰ ਮੁਕਾਂਦੇ ਨੇ।
ਇਸ ਦੇ ਕੋਈ ਆਉਣ ਦਾ ਸਮਾਂ ਨਹੀਂ, ਕਿੱਥੇ ਕਿਸ ਨੇ ਹੈ ਕੀ ਕਰਨਾ?
ਕਿੰਵ ਭੋਲੇ ਲੋਕ ਨਿਹੱਥਿਆਂ ਤੇ, ਇਹ ਆਪਣਾ ਵਾਰ ਚਲਾਂਦੇ ਨੇ।
ਕੀ ਹੁੰਦੀ ਪੀੜ ਪਰਾਈ ਏ? ਇਹ ਗੱਲ ਇਨ੍ਹਾਂ ਨੂੰ ਟੁੰਬਦੀ ਨਹੀਂ,
ਮਜ਼ਲੂਮ ਦਾ ਖੂਨ ਵਹਾਉਣ ਲਈ, ਗੋਲੀ ਮੀਂਹ ਵਾਂਗ ਵਰ੍ਹਾਂਦੇ ਨੇ।
ਕੀ ਕੀਤਾ ਇਨ੍ਹਾਂ ਮਾਸੂਮਾਂ ਨੇ, ਭੁੱਖਣ ਭਾਣੇ ਜੋ ਵਿਲਕ ਰਹੇ,
ਇਨ੍ਹਾਂ ਵਿਲਕ ਰਹੀਆਂ ਆਵਾਜ਼ਾਂ ਤੇ, ਇਹ ਤਰਸ ਨਾਂਹ ਭੋਰਾ ਖਾਂਦੇ ਨੇ।
ਵਹਿਸ਼ੀਪਣ ਅਤੇ ਦਰਿੰਦਗੀ ਦਾ, ਇਨ੍ਹਾਂ ਕਦ ਤੱਕ ਨਾਚ ਨਚਾਉਣਾ ਏਂ।
ਭੋਲੇ ਭਾਲੇ ਇਨਸਾਨਾਂ ਦਾ, ਇਨ੍ਹਾਂ ਕਦ ਤੱਕ ਘਾਣ ਕਰਾਉਣਾ ਏਂ।
ਇਨ੍ਹਾਂ ਇਨਸਾਨਾਂ ਤੇ ਤਰਸ ਕਰੋ, ਅਮਨਾਂ ਨੂੰ ਅੱਗ ਕਿਉਂ ਲਾ ਛੱਡੀ।
ਹਰ ਪਾਸੇ ਖੂਨ ਵਹਾ ਕੇ ਕਿਉਂ, ਹਉਏ ਦੀ ਖੇਡ ਰਚਾ ਛੱਡੀ।
ਜੀਉ ਤੇ ਜਿਊਣ ਦਿਉ ਦੂਜਾ, ਆਓ ਅਮਨਾਂ ਨੂੰ ਅਪਨਾ ਲਈਏ।
ਛੱਡੋ ਰਸਤਾ ਇਹ ਲਾਡਪੁਰੀ, ਮਾਨੁੱਖਤਾ ਅਸੀਂ ਬਚਾਅ ਲਈਏ।

# ਹੱਕਦਾਰ

ਇਹ ਕਿਹੜੇ ਬੰਦੇ ਧਰਤੀ ਤੇ ਅੱਜ ਪੈਰ ਪਸਾਰੀ ਜਾਂਦੇ ਨੇ।
ਦੂਜੇ ਦੀਆਂ ਜੇਬਾਂ ਕੱਟ ਕੱਟ ਕੇ, ਉਹ ਮਹਿਲ ਉਸਾਰੀ ਜਾਂਦੇ ਨੇ।
ਸਾਰਾ ਦਿਨ ਕਾਮਾ ਕੰਮ ਕਰਦਾ, ਉਹਨੂੰ ਟੁੱਕਰ ਵੀ ਮਿਲਦਾ ਨਾਹੀਂ,
ਇਹਦੀ ਸੁੰਞੀ ਹਿੱਕੜੀ ਉਤੇ ਉਹ, ਡਾਕਾ ਹੀ ਮਾਰੀ ਜਾਂਦੇ ਨੇ।
ਇਹਦਾ ਲੀਰੋ ਲੀਰ ਪਜਾਮਾ ਏ, ਅੱਖਾਂ ਵਿੱਚ ਅੱਥਰੂ ਛਲਕ ਰਹੇ,
ਉਹ ਦਿਨੇ ਰਾਤ ਗੁਲਸ਼ੱਰਿਆਂ ਦੀ, ਛਹਿਬਰ ਹੀ ਲਾਈ ਜਾਂਦੇ ਨੇ।
ਦਿਨ ਰਾਤ ਉਹ ਖਾਈ ਜਾਂਦੇ ਨੇ, ਇਹਦੀ ਹੋਂਦ ਮਿਟਾਈ ਜਾਂਦੇ ਨੇ।
ਇਹ ਮੂਧੇ ਮੂੰਹ ਏ ਅੱਜ ਡਿਗਿਆ, ਉਹ ਲੁੱਟ ਮਚਾਈ ਜਾਂਦੇ ਨੇ।
ਇਹਦੇ ਬੱਚਿਆਂ ਨੂੰ ਕੋਈ ਪੁੱਛਦਾ ਨਹੀਂ ,ਮਾਰੇ ਮਾਰੇ ਇਹ ਫਿਰਦੇ ਨੇ,
ਉਹਦੇ ਬੱਚੇ ਪੰਜ ਤਾਰਾ ਹੋਟਲ ਵਿੱਚ, ਨਸ਼ੇ ਉਡਾਈ ਜਾਂਦੇ ਨੇ।
ਭੁੱਖਾਂ ਨਾਲ ਇਹਦਾ ਢਿੱਡ ਭਰਿਆ, ਤੰਗੀਆਂ ਬੱਚੇ ਨੇ ਝਾਕ ਰਹੇ,
ਉਹ ਜੋਕਾਂ ਬਣਕੇ ਦਿਨੇ ਰਾਤ, ਇਹ ਧਰਤੀ ਖਾਈ ਜਾਂਦੇ ਨੇ।
ਇਹ ਡੁਲ੍ਹਿਆ ਖ਼ੂੰਨ ਪਸੀਨਾਂ ਬਣ, ਇਹ ਧਰਤੀ ਏਸ ਰੁਆ ਦਿੱਤੀ,
ਡੁਲ੍ਹੇ ਹੋਏ ਇਹਦੇ ਹੰਝੂਆਂ ਦਾ ਉਹ ਕੌਣ ਸਹਾਰਾ ਲਾ ਬੈਠਾ।
ਕੱਚੇ ਵੀ ਢਾਈ ਜਾਂਦਾ ਏ, ਪੱਕੇ ਤਾਂ ਬਣਨੇ ਕੀ ਇਹਦੇ,
ਮਜ਼ਲੂਮ ਦੇ ਡੁਲ੍ਹਦੇ ਹੰਝੂਆਂ ਤੇ, ਕੋਈ ਹੋਰ ਪਸਾਰਾ ਪਾ ਬੈਠਾ।
ਅੱਜ ਚਮਨ ਏਸ ਦੇ ਸੁੱਕ ਚੱਲੇ, ਮੂਧੇ ਮੂੰਹ ਡਿਗ ਕੇ ਵਿਲਕ ਰਿਹਾ,
ਇਹਨੂੰ ਦਿਨੇ ਰਾਤ ਇਹ ਕਿਹੜਾ ਜੋ, ਨੁੱਕਰੇ ਹੀ ਲਾਈ ਜਾਂਦਾ ਏ।
ਰੋਂਦੇ ਨੂੰ ਰੁਆਈ ਜਾਂਦਾ ਏ, ਢੱਠਦੇ ਨੂੰ ਢਾਈ ਜਾਂਦਾ ਏ,
ਉਹ ਜ਼ੁਲਮ ਮਚਾਉਂਦਾ, ਪਰ ਆਪਣੇ ਉਹ ਸ਼ਗਨ ਮਨਾਈ ਜਾਂਦਾ ਏ।
ਸੁੰਞ ਵਰਤੀ ਇਹਦੇ ਚਮਨਾਂ ਵਿੱਚ ਚਮਨਾਂ ਦਾ ਬੂਰ ਵੀ ਸੁੱਕ ਚਲਿਆ,
ਇਹਦੀ ਅੰਗੜਾਈ ਅੱਜ ਵਿਲਕ ਰਹੀ, ਇਹ ਚਲਦੇ ਕਿਸੇ ਸਹਾਰੇ ਨੇ।



ਪੌਂ ਬਾਰਾਂ ਦਿਨੇ ਰਾਤ ਉਹਦੇ, ਉਹਦੀ ਖੁਸ਼ਹਾਲੀ ਦਾ ਅੰਤ ਨਹੀਂ,
ਔਹ ਦਿਨੇ ਰਾਤ ਇਹਦੇ ਸਿਰ ਤੇ, ਚਲਦੇ ਪਏ ਉਹਦੇ ਆਰੇ ਨੇ।
ਕਿੰਨਾ ਚਿਰ ਏਦਾਂ ਚਲਦਾ ਰਹੂ, ਕਿੰਨਾਂ ਚਿਰ ਇਹਦੇ ਅੱਥਰੂ ਇਹ,
ਰੇੜ੍ਹਾਂ ਦੇ ਰੇੜ੍ਹ ਵਗਾ ਕੇ ਤੇ, ਹਾੜੇ ਆਪਣੇ ਇਹ ਪਾਵਣਗੇ।
ਕਿੰਨਾਂ ਚਿਰ ਇਸ ਧਰਤੀ ਉੱਤੇ, ਇਹ ਪੈਰ ਪਸਾਰੀ ਬੈਠਾ ਰਹੂ,
ਕਿੰਨਾਂ ਚਿਰ ਇਹਦੇ ਹੱਥਾਂ ਦਾ, ਇਹ ਖ਼ੂਨ ਚਲਾਈ ਜਾਵਣਗੇ।
ਇਹ ਵਿਲਕ ਰਿਹਾ ਉਸ ਪੂੰਜੀ ਨੂੰ ਹੱਡ ਭੰਨ ਕੇ ਇਸਨੇ ਕੀਤੀ ਜੋ,
ਉਹ ਦੇਣ ਦਾ ਵੀ ਨਾਂਹ, ਨਾਂਅ ਰੱਖੇ, ਇਹਨੂੰ ਤੜਫਾਈ ਜਾਂਦਾ ਏ।
ਮਾਰੇ ਡਾਕਾ ਇਹਦੇ ਹੱਕਾਂ ਤੇ, ਅੱਜ ਹੱਕ ਪਰਾਏ ਹੋ ਚਲੇ,
ਅੱਲੇ ਇਹਦੇ ਇਹ ਜ਼ਖਮਾਂ ਤੇ, ਉਹ ਲੂਣ ਵਰ੍ਹਾਈ ਜਾਂਦਾ ਏ।
ਇਹ ਰੋ ਰੋ ਪਾਗ਼ਲ ਹੋ ਚਲਿਆ, ਇਹਦੇ ਬੱਚੇ ਰੁਲਣ ਬਜ਼ਾਰਾਂ ਵਿੱਚ,
ਅੱਜ ਢਾਰਸ ਇਹਨੂੰ ਕੌਣ ਦਏ, ਸਰਕਾਰ ਓਹਦੇ ਸਿਰ ਚਲਦੀ ਏ।
ਇਹ ਆਸਾਂ ਦੇ ਸਿਰ ਜੀਂਦਾ ਏ, ਕੋਈ ਹੋਰ ਸਹਾਰਾ ਸੋਚੇ ਇਹ,
ਇਹ ਸੋਚ ਰਿਹਾ ਆਉਂਦਾ ਵੇਲਾ, ਕਿ ਕਦ ਸਰਕਾਰ ਬਦਲਦੀ ਏ।
ਸਰਕਾਰ ਕਰੂ ਕੀ ਲਾਡਪੁਰੀ, ਇਹਦੀ ਹੋਂਦ ਬਦਲਨੀ ਪੈਣੀ ਏ।
ਇਹਦੀ ਸੋਚ ਬਦਲਣੀ ਪੈਣੀ ਏ, ਕਿਰਦਾਰ ਬਦਲਣਾ ਪੈਣਾਂ ਏ।
ਪੈਰਾਂ ਵਿੱਚ ਡੁਲ੍ਹਦੇ ਆਹ ਹੰਝੂ, ਜੋ ਪੂੰਝੇ ਬਣ ਦਿਲਦਾਰ ਇਹਦਾ,
ਇਹ ਡਾਕੇ ਵਜਦੇ ਹੱਕ ਉੱਤੇ ਹੱਕਦਾਰ ਬਦਲਣਾਂ ਪੈਂਣਾ ਏ।

# ਪੱਗ

ਪੱਗਾਂ ਵਾਲਿਓ ਪੱਗ ਦੀ ਸਾਰ ਕੀ ਏ,
ਸਾਡੀ ਸਭਿਅਤਾ ਵਾਲੀ ਪਹਿਚਾਣ ਏ ਪੱਗ।
ਸਭ ਰੀਤੀ ਰਿਵਾਜਾਂ 'ਚ, ਕੰਮ ਆਉਂਦੀ,
ਸਾਡੀ ਜਾਨ ਤੇ ਸਾਡਾ ਈਮਾਨ ਏ ਪੱਗ।
ਕੁਝ ਏਸ ਗੱਲ ਨੂੰ ਭਾਵੇਂ ਨਾ ਮੰਨਣ,
ਪੱਗਾਂ ਬਿਨਾਂ ਵਿਆਹ ਨ ਸੱਜਦੇ ਨੇ।
ਭਾਈ ਪੱਗ ਵਟਾਉਣ ਭਰਾ ਬਣਦੇ,
ਚੰਗੀ ਸੋਂਹਦੀ ਆ ਵਿੱਚ ਜਹਾਨ ਦੇ ਪੱਗ।

.....................................................................................

ਪੱਗਾਂ ਵਾਲਿਓ ਪੱਗ ਕਿਉਂ ਬੰਨ੍ਹਦੇ, ਕੀ ਇਸ ਦੀ ਪਹਿਚਾਣ?
ਸਾਰਾ ਗਾਉਂਦਾ ਏ, ਇਹਦਾ ਜੱਸ ਜਹਾਨ।

.....................................................................................

ਪੱਗਾਂ ਬੰਨ੍ਹ ਕੇ ਲੋਕ ਵਿਆਹੀਂ, ਤੁਰਲੇ ਕੱਢ-ਕੱਢ ਜਾਂਦੇ।
ਪੋਚਵੀਆਂ ਪੱਗਾਂ ਨਾਲ ਗਭਰੂ, ਮੁੱਛਾਂ ਨੂੰ ਵੱਟ ਲਾਂਦੇ।
ਪੱਗਾਂ ਨਾਲ ਹੀ ਸਾਰੇ ਸਮਝਣ, ਆਪਣਾ ਇਹ ਸਨਮਾਨ।
ਸਾਰਾ ਗਾਉਂਦਾ ਏ, ਇਹਦਾ ਜੱਸ ਜਹਾਨ ....................।
ਦਸਮ ਪਿਤਾ ਪੱਗਾਂ ਨਾਲ ਇਸ ਨੂੰ, ਗਿੱਦੜੋਂ ਸ਼ੇਰ ਬਣਾਇਆ।
ਕੜਾ, ਕੇਸ, ਕਿਰਪਾਨ, ਕਛਹਿਰਾ, ਕੰਘਾ ਨਾਲ ਸਜਾਇਆ।
ਧਮਕ ਏਸ ਦੀ ਪੈ ਗਈ ਸੀ, ਕਦੇ ਵਿੱਚ ਅਫ਼ਗਾਨਿਸਤਾਨ।
ਸਾਰਾ ਗਾਉਂਦਾ ਏ, ਇਹਦਾ ਜੱਸ ਜਹਾਨ ....................।
ਪਿਤਾ ਦੇ ਪਿੱਛੋਂ ਪੁੱਤਰ ਦੇ ਸਿਰ, ਅੱਜ ਵੀ ਪੱਗ ਏ ਬੱਝਦੀ।
ਭਾਈ ਭਾਈ ਪੱਗ ਵਟਾਉਂਦੇ, ਮਿਲਣੀ ਦੇ ਵਿੱਚ ਸੱਜਦੀ।
ਇਸ ਦੀ ਅਜੇ ਗਵਾਹੀ ਦਿੰਦੇ, ਸਾਡੇ ਵੇਦ ਪੁਰਾਣ।
ਸਾਰਾ ਗਾਉਂਦਾ ਏ, ਇਹਦਾ ਜੱਸ ਜਹਾਨ ....................।
ਸ਼ਗਨਾਂ ਦੇ ਜਦ ਕੱਪੜੇ ਦਿੰਦੇ, ਨਾਲ ਪੱਗਾਂ ਨੂੰ ਲਾਂਦੇ।
ਪੱਗ ਬੰਨ੍ਹ ਕੇ ਲਾੜੇ ਦੇ ਸਿਰ 'ਤੇ, ਉਸ ਨੂੰ ਹਨ ਸਜਾਂਦੇ।
ਅਰਬ ਦੇਸ਼ਾਂ ਵਿੱਚ ਲਾਡਪੁਰੀ, ਅੱਜ ਪੱਗ ਦੀ ਏ ਪਹਿਚਾਣ।
ਸਾਰਾ ਗਾਉਂਦਾ ਏ, ਇਹਦਾ ਜੱਸ ਜਹਾਨ ....................।



# ਚੁੰਨੀ

ਚੁੰਨੀ ਸ਼ਰਮ ਹਯਾ ਤੇ ਮਾਣ ਸਾਡਾ, ਸਾਡੀ ਸਭਿਅਤਾ ਦੀ ਪਹਿਰੇਦਾਰ ਚੁੰਨੀ।
ਗੁਰੂਆਂ, ਪੀਰਾਂ ਦੀ ਏਸ ਨੂੰ ਥਾਪਣਾ ਏ, ਸੋਂਹਦੀ ਅੱਜ ਵੀ ਵਿੱਚ ਪਰਿਵਾਰ ਚੁੰਨੀ।
ਕਾਹਨੂੰ ਵਿੱਚ ਵਿਆਹ ਦੇ ਘੁੰਡ ਕੱਢਣ, ਜੇਕਰ ਚੁੰਨੀ ਦੀ ਨਹੀਂ ਪਛਾਣ ਕੋਈ,
ਸਾਡੀ ਸਭਿਅਤਾ ਦੀ ਲੰਬੜਦਾਰ ਚੁੰਨੀ, ਸਹਿਜ-ਸ਼ੀਲਤਾ ਦੀ ਸ਼ਰਮਸਾਰ ਚੁੰਨੀ।

.....................................................................................

ਇਹ ਚੁੰਨੀ ਲੈ ਸਿਰ 'ਤੇ, ਨਾਂਹ ਸਿਰ ਚੁੰਨੀਆਂ ਤੋਂ ਬਿਨ ਸੋਹੰਦੇ।
ਕਿਉਂ ਨੰਗੇ ਸਿਰ ਕਰਕੇ, ਆਪਣਾ ਸਭਿਆਚਾਰ ਗਵਾਉਂਦੇ।

.....................................................................................

ਤੂੰ ਕੇਸ ਕਟਾ ਕੁੜੀਏ, ਕਾਹਨੂੰ ਫੰਡ੍ਹੇ ਜਿਹੇ ਬਣਵਾਏ।
ਇਹ ਵੇਸ ਨਹੀਂ ਸਾਡਾ, ਇਹ ਤਾਂ ਭੇਸ ਬਦੇਸ਼ੋਂ ਆਏ।
ਚੜ੍ਹ ਉੱਪਰ ਸਟੇਜਾਂ ਦੇ, ਕਿਉਂ ਨੈਣਾਂ ਦੇ ਤੀਰ ਚਲਾਉਂਦੇ।
ਇਹ ਚੁੰਨੀ ਲੈ ਸਿਰ 'ਤੇ.............।
ਸਾਡੇ ਗੁਰੂਆਂ, ਪੀਰਾਂ ਦੀ, ਇਹ ਰੱਖ ਕੁੜੀਏ ਸਾਂਭ ਨਿਸ਼ਾਨੀ।
ਤੇਰੀ ਸ਼ਰਮ, ਹਯਾ ਦਾ ਤਾਂ, ਇਸ ਦੁਨੀਆਂ ਵਿੱਚ ਨਹੀਂ ਸੀ ਸਾਨੀ।
ਕਿਉਂ ਲੱਖਾਂ ਜਿਹੀ ਇੱਜ਼ਤ, ਪਲ ਵਿੱਚ ਪੈਰਾਂ ਹੇਠ ਰੁੜ੍ਹਾਉਂਦੇ।
ਇਹ ਚੁੰਨੀ ਲੈ ਸਿਰ 'ਤੇ.............।
ਮੁਸਲਿਮ ਮੁਟਿਆਰਾਂ ਨੇ ਨਾਂਹ, ਅੱਜ ਤੱਕ ਸਿਰ ਤੋਂ ਪਰਦਾ ਲਾਹਿਆ।
ਪੱਛਮੀ ਇਸ ਸਭਿਅਤਾ ਦਾ, ਉਨ੍ਹਾਂ ਤਾਂ ਪੈਣ ਦਿੱਤਾ ਨਾ ਛਾਇਆ।
ਚੁੰਨੀ ਸਿਰ ਲੈਣੋਂ ਕਿਉਂ, ਅੱਜ ਜਾਂਦੇ ਓ ਕੰਨ ਕਤਰਾਉਂਦੇ।
ਇਹ ਚੁੰਨੀ ਲੈ ਸਿਰ 'ਤੇ.............।
ਪੇਂਡੂ ਮੁਟਿਆਰਾਂ ਨੇ, ਅੱਜ ਵੀ ਰਸਮਾਂ ਖ਼ੂਬ ਨਿਭਾਈਆਂ।
ਸ਼ਹਿਰਾਂ ਦੀਆਂ ਕੁੜੀਆਂ ਪਰ, ਅੱਜ ਇਹ ਹੁੰਦੀਆਂ ਜਾਣ ਪਰਾਈਆਂ।
ਇਹ ਸਭਿਤਾ ਲਾਡਪੁਰੀ, ਕਾਹਨੂੰ ਰੀਸੋ ਰੀਸ ਮੁਕਾਉਂਦੇ।
ਇਹ ਚੁੰਨੀ ਲੈ ਸਿਰ 'ਤੇ.............।

# ਪੰਜਾਬੀ ਗਭਰੂ

ਖੁੱਲ੍ਹਾ ਡੁੱਲ੍ਹਾ ਸੁਭਾਅ ਪੰਜਾਬੀਆਂ ਦਾ,
ਆਪਣੀ ਮਰਜ਼ੀ ਦੇ ਮਾਲਕ ਕਹਾਉਣ ਇਹ ਤਾਂ।
ਖੁੱਲ੍ਹਾ ਖਾਣਾ ਪੀਣਾ ਰੱਜ ਕੇ ਕੰਮ ਕਰਨਾ,
ਕੰਮੋਂ ਕਦੇ ਨਾਂਹ ਜੀਅ ਚੁਰਾਉਣ ਇਹ ਤਾਂ।
ਭੰਗੜੇ ਪਾਉਣੇ ਤੇ ਅੱਥਰ ਇਹ ਪੁਣਾ ਕਰਨਾ,
ਇਨ੍ਹਾਂ ਕੰਮਾਂ ਤੋਂ ਭਲਾ ਹਟਾਏ ਕਿਹੜਾ,
ਮੁੱਛਾਂ ਵੱਟਣ ਤੇ ਮਟਕ ਦੇ ਨਾਲ ਚੱਲਣ,
'ਲਾਡਪੁਰੀ' ਪੰਜਾਬੀ ਅਖਵਾਉਣ ਇਹ ਤਾਂ।

..........................................................................................

ਦੁਨੀਆਂ ਸਾਰੀ ਤੋਂ ਹੀ, ਵੱਖਰੇ, ਲੱਭਣ ਇਹ ਪੰਜਾਬੀ।
ਬਿਨ ਪੀਤੇ ਹੀ ਲੋਟ ਪੋਟ ਇਹ ਹੁੰਦੇ, ਜਿਵੇਂ ਸ਼ਰਾਬੀ।

..........................................................................................

ਜਿੱਥੇ ਵੀ ਪੰਜਾਬੀ ਜਾਂਦੇ, ਆਪਣੀ ਸ਼ਾਖ ਬਣਾਉਂਦੇ।
ਖੁੱਲ੍ਹਾ ਖਾਂਦੇ, ਖੁੱਲ੍ਹਾ ਪੀਂਦੇ, ਆਪਣੀ ਨੀਂਦੇ ਸੌਂਦੇ।
ਇਨ੍ਹਾਂ ਦੀ ਹਰ ਟੋਰ ਟੋਰ ਵਿੱਚ, ਲੱਭਦੀ ਏ ਬੇਤਾਬੀ।
ਦੁਨੀਆਂ ਸਾਰੀ ਤੋਂ ਹੀ ਵੱਖਰੇ........................।

ਖੀਵੇ ਹੋਣ ਤਾਂ ਪੈਰ ਇਨ੍ਹਾਂ ਦੇ, ਆਪੇ ਭੰਗੜਾ ਪਾਉਂਦੇ।
ਆਕੜ ਉੱਕੀ ਝੱਲਣ ਨਾਂਹ ਇਹ, ਅੱਖਾਂ ਕੱਢ ਵਖਾਂਉਂਦੇ।
ਪਿਆਰ ਨਾਲ ਪੁਚਕਾਰੇ ਜਾਂਦੇ, ਇਹ ਸਤਿਕਾਰ ਦੇ ਆਦੀ।
ਦੁਨੀਆਂ ਸਾਰੀ ਤੋਂ ਹੀ ਵੱਖਰੇ........................।

ਹੱਥੀਂ ਕਰਨੀ ਕਿਰਤ ਏਸ ਨੇ, ਗੁਣ ਵਿਰਸੇ ਤੋਂ ਪਾਇਆ।
ਅਮਰੀਕਾ, ਕੈਨੇਡਾ ਵਿੱਚ, ਇਸ ਨਵਾਂ ਪੰਜਾਬ ਵਸਾਇਆ।



ਖਾਣਾ ਇਸ ਦਾ ਮੱਕੀ ਦੀ ਰੋਟੀ, ਤੇ ਸਾਗ ਸੁਆਦੀ।
ਦੁਨੀਆਂ ਸਾਰੀ ਤੋਂ ਹੀ ਵੱਖਰੇ........................।

ਮੁੱਛਾਂ ਨੂੰ ਵੱਟ ਦੇ ਕੇ ਰੱਖੇ, ਦਾੜ੍ਹੀ ਨੂੰ ਪੁਚਕਾਰੇ।
ਐਪਰ ਕੰਮ ਇਹ ਕਰ ਲੈਂਦਾ, ਆਪਣੇ ਵਿੱਤ ਤੋਂ ਵੀ ਬਾਹਰੇ।
ਕੰਮਾਂ ਦੇ ਵਿੱਚ ਢਿੱਲ ਨਾ ਕਰਦਾ, ਕਰਦਾ ਬੜੀ ਸ਼ਤਾਬੀ।
ਦੁਨੀਆਂ ਸਾਰੀ ਤੋਂ ਹੀ ਵੱਖਰੇ........................।

ਸਾਰੇ ਦੇਸ਼ਾਂ ਵਿੱਚ ਏਸ ਨੇ, ਧਾਂਕ ਅਨੋਖੀ ਪਾਈ।
ਪਰ ਬਾਹਰ ਜਾ ਕੇ ਵੀ ਇਸ, ਭਾਰਤ ਨਾਂਹ ਮਾਂ ਭੁਲਾਈ।
ਮਿਹਨਤ ਕਰਦਾ ਤਾਹੀਉਂ ਤਾਂ, ਅੱਜ ਤੱਕ ਰਿਹਾ ਨਾਂਹ ਫਾਡੀ।
ਦੁਨੀਆਂ ਸਾਰੀ ਤੋਂ ਹੀ ਵੱਖਰੇ........................।

ਓ ਲੋਕੋ ਭੁੱਲ ਕਿਸੇ ਪੰਜਾਬੀ ਨਾਲ, ਨਾਂਹ ਪੰਗਾ ਪਾਇਓ।
ਇਸ ਨੂੰ ਪਿਆਰਾਂ ਨਾਲ ਬੁਲਾਇਓ, ਤੇ ਸਤਿਕਾਰ ਦਵਾਇਓ।
ਲਾਡਪੁਰੀ ਆਕੜ ਵਾਲੇ ਦੀ, ਲਾਹ ਦਿੰਦੇ ਉਸਤਾਦੀ।
ਦੁਨੀਆਂ ਸਾਰੀ ਤੋਂ ਹੀ ਵੱਖਰੇ........................।

# ਸਮੇਂ ਦਾ ਚੱਕਰ

ਸਮੇਂ ਦਾ ਬਦਲਦਾ ਇਹ ਰੰਗ, ਕੁਝ ਏਵੇਂ, ਨਿਰਾਲਾ ਏ।
ਕਦੀ ਕਹਿਰਾਂ ਦੀ ਗਰਮੀ ਤੇ, ਕਦੀ ਕੱਕਰਾਂ ਦਾ ਪਾਲਾ ਏ।
ਸਵੱਲੀ ਨਜ਼ਰ ਹੋਵੇ ਓਸਦੀ, ਤਾਂ ਖਿੜਖਿੜਾ ਦੇਵੇ।
ਨਜ਼ਰ ਪੁੱਠੀ ਪਈ, ਤਾਂ ਚੁੱਪ ਦੀ, ਸੁੰਞ ਹੀ ਬਣਾ ਦੇਵੇ।

ਕਦੇ ਉੱਚੇ ਪਹਾੜਾਂ ਨੂੰ, ਉਹ ਢਹਿ ਢੇਰੀ ਕਰਾ ਦੇਵੇ।
ਕਦੇ ਉਹ ਰੇਤ ਦੇ ਟਿੱਬੇ, ਸਮੁੰਦਰ ਵਿੱਚ ਵਹਾ ਦੇਵੇ।
ਕਦੀ ਚੰਬਾ ਖਿੜੇ ਤੇ ਚਮਨ ਵਿੱਚ, ਗੁਲਜ਼ਾਰ ਆਉਂਦੀ ਏ।
ਖੁਸ਼ਕ ਮੌਸਮ ਦੇ ਆਉਂਦੇ ਹੀ ਤਾਂ, ਇਹ ਸੋਕਾ ਵਰ੍ਹਾਉਂਦੀ ਏ।

ਕਦੀ ਬਚਪਨ, ਲੜਕਪਨ, ਫਿਰ ਜੁਆਨੀ ਤੇ ਬੁਢਾਪਾ ਆ,
ਇਹ ਆਪਣੇ ਰੰਗ ਬਦਲੇ, ਸਮੇਂ ਦੇ ਚੱਕਰਾਂ ਦੇ ਫੇਰਾਂ ਵਿੱਚ।
ਕਦੇ ਆਉਂਦੀ ਅਮੀਰੀ, ਮਹਿਫਲਾਂ ਜੰਮਣ ਚੁਫੇਰੇ ਹੀ,
ਜੇ ਗ਼ੁਰਬਤ ਆ ਜਾਏ, ਕੁੱਝ ਲੱਭਦੀ ਗ਼ੁਰਬਤ ਦੇ ਢੇਰਾਂ ਵਿੱਚ।

ਸਮੇਂ ਦਾ ਫੇਰ ਪੁੱਠਾ ਪੈ ਜਾਏ, ਜਦ ਜ਼ਲਜ਼ਲਾ ਆਵੇ,
ਇਹ ਨੀਵੇਂ ਕਰ ਦਏ ਉੱਚੇ, ਤੇ ਉੱਚੇ ਥੇਹ ਬਣਾ ਦੇਵੇ।
ਬਦਲਦਾ ਰੁੱਖ ਵਹਿਣਾਂ ਦਾ, ਵਹਿਣ ਉਲਟੇ ਵਹਾ ਦੇਵੇ,
ਉਹ ਸੁੱਤੇ ਨੂੰ ਉਠਾ ਦੇਵੇ, ਨਵੀਂ ਕੋਈ ਚਿਣਗ ਲਾ ਦੇਵੇ।

ਸਮੇਂ ਨੇ ਛੱਡਿਆ ਨਹੀਂ ਉਹ, ਕਿ ਜਿਸ ਨੇ ਮੌਤ ਬੰਨ੍ਹੀ ਸੀ,
ਸਮੇਂ ਦੇ ਚੱਕਰਾਂ ਦਾ ਭੇਤ, ਕੋਈ ਵਿਰਲਾ ਹੀ ਪਾ ਸਕਦਾ।
ਕੋਈ ਬਚਿਆ ਨਾਂਹ ਇਸ ਗੇੜੋਂ, ਕੋਈ ਆਉਂਦਾ ਵੀ ਬਚਣਾ ਨਹੀਂ,
ਇਹ ਉੱਚਿਆਂ ਨੂੰ ਏ ਢਾਹ ਸਕਦਾ, ਤੇ ਰੁੜ੍ਹਦੇ ਨੂੰ ਬਚਾ ਸਕਦਾ।



ਅਮੀਰੀ ਤੇ ਗ਼ਰੀਬੀ, ਇੱਕ ਹੀ ਪਹੀਏ ਦੇ ਦੋ ਪਾਸੇ,
ਕਦੀ ਇਕ ਪਾਸ ਆਉਂਦੀ ਏ, ਕਦੀ ਦੂਜੇ ਦੇ ਜਾਂਦੀ ਏ।
ਕਦੇ ਮਿੰਨਤ ਕਰਾਉਂਦੀ ਏ, ਤੇ ਤਰਲੇ ਵੀ ਪੁਆਉਂਦੀ ਏ,
ਕਦੇ ਹਿੱਕਾਂ ਦੇ ਜ਼ੋਰੀਂ, ਆਪਣਾ ਜਲਵਾ ਵਖਾਂਉਂਦੀ ਏ।

ਲਿਖਤ ਮੇਰੀ ਇਹ ਰਹਿੰਦੇ ਜੱਗ ਨੂੰ, ਟੁੰਬ ਟੁੰਬ ਜਗਾਉਂਦੀ ਰਹੂ।
ਸਮੇਂ ਦੇ ਗੇੜ ਦੀ ਇਹ 'ਲਾਡਪੁਰੀ' ਯਾਦਾਂ ਕਰਾਉਂਦੀ ਰਹੂ।

## ਸਚਾਈਆਂ

ਨੋਂਹ ਤੇ ਸੱਸ ਦੇ ਜੰਗ ਇਸ ਯੁੱਗ ਅੰਦਰ,
ਘਰ ਜੰਗ ਨਾਂ' ਨਰਕ ਬਣਾਏ ਹੋਏ।
ਘਰ ਘਰ ਵਿੱਚ ਸੱਸਾਂ ਨੇ ਦਾਜ ਕਾਰਣ,
ਲਾਡਪੁਰੀ ਪੁਆੜੇ ਨੇ ਪਾਏ ਹੋਏ।

.....................................................................

ਚਲੀ ਪੱਛਮੀ ਹਵਾ ਭਾਰਤ ਦੇਸ਼ ਅੰਦਰ,
ਸਭਿਆਚਾਰ ਸਾਡਾ ਲੀਰੋ ਲੀਰ ਹੋਇਆ।
ਹੋਇਆ ਨੰਗ ਮੁਨੰਗ ਲਿਬਾਸ ਸਾਡਾ,
ਲਾਡਪੁਰੀ ਬੇਪੜਦ ਦਿਲਗੀਰ ਹੋਇਆ।

# ਕੁਦਰਤ (ਗਜ਼ਲ)

ਇਹ ਕੁਦਰਤ ਦੇ ਨਜ਼ਾਰੇ, ਟੁੰਬ ਕੇ ਸਾਨੂੰ ਜਗਾਉਂਦੇ ਨੇ।
ਤੇ ਆਪਣੀ ਦਾਸਤਾਂ ਇਹ ਆਪਣੀ ਮੂੰਹੀਂ ਸੁਣਾਉਂਦੇ ਨੇ।
ਖ਼ੁਦਾਅ ਦੀ ਦਿੱਤੀਆਂ ਦਾਤਾਂ ਦਾ, ਨਿੱਘ ਹਾਂ ਮਾਣਦੇ ਆਪਾਂ,
ਉਹਦੇ ਨਿੱਕੇ ਜਿਹੇ ਭੌਰੇ ਵੀ, ਤਾਂ ਕੁੱਝ ਕੁੱਝ ਗੁਣਗੁਣਾਂਉਂਦੇ ਨੇ।
ਬਹਾਰਾਂ ਖਿੜਦੀਆਂ ਸਾਡੇ ਮਨਾਂ ਨੂੰ, ਖਿੜਖਿੜਾਵਣ ਇਹ,
ਤੇ ਇਸ ਖੇੜੇ ਨੂੰ ਤੱਕਣ ਲਈ, ਚਮਨ ਆਪੇ ਬੁਲਾਉਂਦੇ ਨੇ।

ਦਿਲਾਂ ਦੀ ਰੀਝ ਤੇ ਸੱਧਰਾਂ ਦੀ, ਅੰਗੜਾਈ ਬੁਲਾਉਂਦੀ ਤਦ,
ਜਦੋਂ ਗੁਲਸ਼ਨ 'ਚ ਫੁੱਲ ਖਿੜਦੇ, ਤੇ ਪੰਛੀ ਚਹਿ ਚਹਾਉਂਦੇ ਨੇ।
ਇਹਦੀ ਬਣਤਰ ਦਾ ਕੀ ਕਹਿਣਾ, ਫ਼ਿਜ਼ਾ ਇਸ ਦੀ ਨਿਰਾਲੀ ਏ,
ਇਹਦੀ ਕੁਦਰਤ ਦੇ ਜਲਵੇ, ਦਾਸਤਾਂ ਆਪਣੀ ਸੁਣਾਉਂਦੇ ਨੇ।
ਇਹ ਜੰਨਤ ਦਾ ਨਜ਼ਾਰਾ ਏ, ਇਲਾਹੀ ਰੂਪ ਹੈ ਇਸਦਾ,
ਇਹਦੇ ਫੁੱਲਾਂ ਦੇ ਰੰਗਾਂ ਦੇ ਨਜ਼ਾਰੇ ਤਾਂ ਵਖਾਉਂਦੇ ਨੇ।

ਇਹ ਵੇਲਾਂ ਪਾ ਲਈ ਵਲਗਣ, ਜਿਵੇਂ ਨਾਗਾਂ ਨੇ ਵਲ ਪਾਇਆ,
ਸੁਹੱਪਣ ਦੱਸ ਕੇ, ਸਾਡੇ ਮਨਾਂ ਨੂੰ ਟੁੰਬ ਟੁੰਬਾਉਂਦੇ ਨੇ।
ਪਹਾੜਾਂ ਦੇ ਨਜ਼ਾਰੇ ਤਾਂ ਮਨਾਂ ਨੂੰ ਇਸ ਤਰ੍ਹਾਂ ਟੁੰਬਣ,
ਮਨਾਂ ਦੀ ਸੁੱਤੀਆਂ ਰੀਝਾਂ ਦਾ, ਖੇੜਾ ਇਹ ਖਿੜਾਉਂਦੇ ਨੇ।
ਇਕ ਆਵਾਜ਼ ਦੀ ਕਾਫੀ, ਇਹ ਕੁਦਰਤ ਨੂੰ ਜਗਾਉਣੇ ਲਈ,
ਔਹ ਚਾਦਰ ਬਰਫ ਦੀ ਵਿੱਚੋਂ, ਇਹ ਝਰਨੇ ਸ਼ੁਰਸ਼ੁਰਾਉਂਦੇ ਨੇ।

ਨਜ਼ਾਰਾ ਏਸ ਦਾ ਮਾਣੋ, ਮਨਾਂ ਵਿੱਚ ਆਉਣ ਦਿਉ ਮਸਤੀ,
ਨ ਇਸ ਨੂੰ ਛੇੜਿਉ, ਛੇੜਨ ਨਾ' ਇਸ ਦੇ ਰੂਪ ਜਾਂਦੇ ਨੇ।
ਇਹਦੀ ਹਰ ਸ਼ਾਖ ਕਹਿੰਦੀ ਏ, ਕਿ ਮਸਤੀ ਮਾਣ ਲੈ ਭਾਵੇਂ,
ਕਿਤੇ ਸੁੱਕੇ ਨਾ ਅੰਗੜਾਈ, ਇਹ ਆਪਾ ਨਹੀਂ ਛੁਹਾਉਂਦੇ ਨੇ।
ਨਜ਼ਾਰੇ ਨਿੱਤ 'ਲਾਡਪੁਰੀ' ਭਾਵੇਂ ਰੱਜ ਰੱਜ ਮਾਣੋ,
ਤੇਰੇ ਵੱਲ ਤੱਕ ਤੱਕ ਕੇ ਤੱਕ, ਕਿਵੇਂ ਇਹ ਮੁਸਕਰਾਉਂਦੇ ਨੇ।



# ਵਿਦਿਆਰਥੀ

ਸਾਰੀ ਉਮਰ ਗਿਆਨ ਕੱਠਾ ਕਰਕੇ, ਨਾਂਹ ਵਿਦਵਾਨ ਬਣ ਜਾਈਦਾ।
ਏਸ ਵਿਦਿਆ ਦਾ ਮਾਣ ਕਾਹਦਾ ਸੱਜਣਾ, ਨਾ ਮਾਣ ਕਦੇ ਵੀ ਕਰਾਈਦਾ।

..........................................................................................

ਏਥੇ ਗਿਆਨ ਦਾ ਤਾਂ ਭਰਿਆ ਸਮੁੰਦਰ, ਨਾਂਹ ਲੱਭਦਾ ਤਾਂ ਕੋਈ ਕਿਨਾਰਾ ਏ।
ਲੱਖ ਡਿਗਰੀਆਂ ਪਾ ਲਏ ਏਸ ਜੱਗ ਤੇ, ਇਹ ਤਾਂ ਵੀ ਤਾਂ ਸਿੱਖਣਹਾਰਾ ਏ।
ਭਾਵੇਂ ਗਿਆਨ ਦੀਆਂ ਗੰਢਾਂ ਲੱਖ ਬੰਨ੍ਹ ਲਓ, ਗਿਆਨੀ ਤਾਂ ਵੀ ਨਹੀਂ ਕਹਾਈਦਾ।
ਸਾਰੀ ਉਮਰ ਗਿਆਨ ਕੱਠਾ ਕਰਕੇ............................।

ਸ਼ੇਕਸਪੀਅਰ ਨੇ ਕਿਹਾ ਅਗਿਆਨੀ ਮੈਂ, ਅਜੇ ਤਾਂ ਕੁੱਝ ਵੀ ਨਹੀਂ ਜਾਣਦਾ।
ਕਹਿੰਦਾ ਗਿਆਨ ਦੇ ਸਮੁੰਦਰ ਦੇ ਕੰਢੇ ਤੇ, ਖੜੋਤਾ ਮੈਂ ਤਾਂ ਰੇਤਾ ਛਾਣਦਾ।
ਕਿਹਾ ਨਾਨਕ ਨੇ ਨੀਵਾਂ ਸਦਾ ਭਾਰਾ ਹੁੰਦਾ, ਨੀਵੇਂ ਬਣ ਮਾਣ ਪਾਈਦਾ।
ਸਾਰੀ ਉਮਰ ਗਿਆਨ ਕੱਠਾ ਕਰਕੇ............................।

ਹੋਵੋ ਸਫਲ ਤਾਂ ਮਾਣ ਕਾਹਦਾ ਏਸ ਦਾ, ਨਾਂਹ ਮਾਣ-ਮੱਤੇ ਬਣ ਜਾਈਦਾ।
ਆਉਂਦੀ ਔਕੜ ਜੇ ਫੇਲ੍ਹ ਹੋਣ ਵਾਲੀ ਤਾਂ, ਉੱਕਾ ਹੀ ਨਹੀਂ ਘਬਰਾਈਦਾ।
ਕਦੇ ਜੀਵਨ 'ਚ ਹੁੰਦੇ ਓ ਅਸਫਲ, ਨ ਮਨ ਆਪਣਾ ਡੁਲਾਈਦਾ।
ਸਾਰੀ ਉਮਰ ਗਿਆਨ ਕੱਠਾ ਕਰਕੇ............................।

ਸਾਰੀ ਉਮਰ ਹੀ ਇਨਸਾਨ ਸਿੱਖਦਾ, ਤੇ ਵਿਦਿਆਰਥੀ ਕਹਾਉਂਦਾ ਏ।
ਇਹ ਤਾਂ ਗਿਆਨ ਦੇ ਇਹ ਭਰੇ ਹੋਏ ਸਾਗਰ, ਦੇ ਕੰਢੇ ਤਾਰੀਆਂ ਲਗਾਉਂਦਾ ਏ।
ਲਾਡਪੁਰੀ ਸਿੱਖੋ ਉਮਰ ਇਹ ਸਾਰੀ, ਹਠ ਕਦੇ ਵੀ ਨਹੀਂ ਢਾਈਦਾ।
ਸਾਰੀ ਉਮਰ ਗਿਆਨ ਕੱਠਾ ਕਰਕੇ............................।

# ਪੰਜਾਬ

ਸਾਰੇ ਜੱਗ ਤੋਂ ਚੰਗਾ, ਸਾਨੂੰ ਇਹ ਪੰਜਾਬ ਪਿਆਰਾ।
ਇਸ ਦੀ ਤੱਕਣੀ ਤੱਕ ਕੇ, ਸਾਨੂੰ ਮਿਲਦਾ ਇਕ ਹੁਲਾਰਾ।

.................................................................................................

ਬਣਿਆ ਵੇਖੋ ਮਾਲ, ਬਦੇਸ਼ਾਂ ਦੇ ਵਿਚ ਵਿਕਦਾ ਸਾਰੇ।
ਸੰਯੁਕਤ ਰਾਜ ਦੇ ਵਾਂਗਰ, ਵਾਰੇ ਇਹਦੇ ਅੱਜ ਨਿਆਰੇ।
ਦੂਜੇ ਦੇਸ਼ਾਂ ਨੇ ਵੀ ਮੰਗਿਆ, ਇਸ ਤੋਂ ਅੰਨ ਉਧਾਰਾ।
ਸਾਰੇ ਜੱਗ ਤੋਂ ਚੰਗਾ................।

ਇਸਦੇ ਡੈਮਾਂ ਨੇ ਤਾਂ, ਬਿਜਲੀ ਪਿੰਡ ਪਿੰਡ ਵਿੱਚ ਪੁਚਾਈ।
ਸਾਰੇ ਜੱਗ ਦੇ ਅੰਦਰ, ਇਹਦੀ ਮਚ ਗਈ ਅੱਜ ਦੁਹਾਈ।
ਸੈਲਾਨੀ ਅੱਜ ਆਉਂਦੇ, ਇਹਦਾ ਤੱਕਣ ਲਈ ਨਜ਼ਾਰਾ।
ਸਾਰੇ ਜੱਗ ਤੋਂ ਚੰਗਾ................।

ਨਹਿਰਾਂ ਨੇ ਇਸਦੇ ਤਾਂ, ਚੱਪੇ ਚੱਪੇ ਜਾਲ ਵਿਛਾਏ।
ਖੇਤਾਂ ਦੇ ਵਿੱਚ ਇਸਨੇ, ਹੈ ਨੇ ਅੰਨ ਦੇ ਢੇਰ ਲਗਾਏ।
ਭਾਰਤ ਦਾ ਕੇਵਲ ਨਹੀਂ, ਇਹ ਤਾਂ ਜੱਗ ਦਾ ਅੱਜ ਸਹਾਰਾ।
ਸਾਰੇ ਜੱਗ ਤੋਂ ਚੰਗਾ................।

ਮਾਨਚੈਸਟਰ ਇਹਦਾ, ਅੱਜ ਲੁਧਿਆਣਾ ਸ਼ਹਿਰ ਕਹਾਵੇ।
ਚੰਡੀਗੜ੍ਹ, ਵੇਖਣ ਨੂੰ ਦੁਨੀਆਂ, ਦੂਰੋਂ ਭੱਜ ਭੱਜ ਆਵੇ।
ਹਰਮੰਦਰ ਸਾਹਿਬ ਇਹਦਾ, ਅੱਜ ਅੱਖਾਂ ਦਾ ਬਣਿਆ ਤਾਰਾ।
ਸਾਰੇ ਜੱਗ ਤੋਂ ਚੰਗਾ................।

ਆਨੰਦਪੁਰ ਦੀ ਧਰਤੀ, ਵਿਸਾਖੀ ਸਾਲੋ ਸਾਲ ਮਨਾਵੇ।
ਕਰਤਾਰਪੁਰੇ ਦੀ ਲੱਕੜ, ਸਾਡੀ ਘਰ ਘਰ ਸ਼ਾਨ ਵਧਾਵੇ।
ਪਿੰਡ ਪਿੰਡ ਦੇ ਵਿੱਚ ਰੌਣਕ, ਅਜ ਭਾਰਤ ਦਾ ਇਹ ਸੁਨਿਆਰਾ।
ਸਾਰੇ ਜੱਗ ਤੋਂ ਚੰਗਾ................।

ਇਸਦਾ ਗਭਰੂ ਸੂਰਬੀਰ, ਅੱਜ ਸਰਹੱਦਾਂ ਤੇ ਗੱਜੇ।
ਕਿਤੇ ਨਜ਼ਰ ਨਾਂਹ ਦੇਸ਼ ਨੂੰ, ਭੁੱਲ ਭੈੜੇ ਦੁਸ਼ਮਣ ਦੀ ਲੱਗੇ।
ਲਾਡਪੁਰੀ ਬਣਿਆ ਅੱਜ ਇਹ, ਭਾਰਤ ਦਾ ਰਾਜ ਦੁਲਾਰਾ।
ਸਾਰੇ ਜੱਗ ਤੋਂ ਚੰਗਾ................।



# ਨਮਕ-ਹਰਾਮੀ

.ਨਮਕ-ਹਰਾਮੀ ਉਹ ਹੁੰਦੇ, ਜਿਹੜੇ ਗ਼ੈਰ ਦੀ ਖਾਣ ਕਮਾਈ।
ਭੋਰਾ ਭੋਰਾ ਛੱਕ ਜਾਂਦੇ ਨੇ, ਬਣ ਜਾਂਦੇ ਹਰਜਾਈ।
ਲੋੜ ਪੈਣ ਤੇ ਲੱਤਾਂ ਮਾਰਨ, ਬਣ ਜਾਂਦੇ ਬੇਗ਼ਾਨੇ,
ਓ ਨਮਕ-ਹਰਾਮੀਆਂ ਨੇ, ਕਦਰ ਕਦੇ ਨਾ ਪਾਈ।

.................................................................................................

ਦੇਸ਼ ਦੀ ਖਾਤਰ ਇਕ ਪਾਸੇ, ਇਹ ਸੂਰਮੇ ਜਿੰਦਾਂ ਵਾਰਨ।
ਖ਼ੂਨ ਦਾ ਇਕ-ਇਕ ਤੁਪਕਾ ਡਿੱਗੇ, ਵੈਰੀ ਤੋਂ ਨਾਂਹ ਹਾਰਨ।
ਦੂਜੇ ਪਾਸੇ ਨਮਕ-ਹਰਾਮੀਆਂ, ਦੇਸ਼ ਦੀ ਇੱਜ਼ਤ ਲਾਹੀ।
ਓਏ ਨਮਕ ਹਰਾਮੀਆਂ ਨੇ................।

ਦਸਮ ਪਿਤਾ ਸੀ ਗੰਗੂ ਉਤੇ, ਕੀਤਾ ਖ਼ੂਬ ਭਰੋਸਾ।
ਰੱਜ ਰੱਜ ਖਾਧਾ ਖਾਣੇ ਦੇ ਵਿੱਚ, ਨਮਕ ਉਨ੍ਹਾਂ ਦਾ ਚੋਖਾ।
ਜ਼ੋਰਾਵਰ, ਫਤਹਿ ਸਿੰਘ ਬਦਲੇ, ਰਕਮ ਸੀ ਚੋਖੀ ਪਾਈ।
ਓਏ ਨਮਕ ਹਰਾਮੀਆਂ ਨੇ................।

ਅਜ ਵੀ ਨਮਕ-ਹਰਾਮੀ ਲੱਖਾਂ, ਦੇਸ਼ ਦੇ ਅੰਦਰ ਵਸਦੇ।
ਰਕਮਾਂ ਲੈ ਕੇ ਗ਼ੈਰਾਂ ਨੂੰ, ਉਹ ਭੇਤ ਘਰਾਂ ਦਾ ਦਸਦੇ।
ਕੀ ਇਤਬਾਰ ਇਨ੍ਹਾਂ ਦਾ, ਪੈਸੇ ਪਿਛੇ ਹੋਣ ਸੁਦਾਈ।
ਓਏ ਨਮਕ ਹਰਾਮੀਆਂ ਨੇ................।

ਵਿਰਲੇ ਕਈ ਲੀਡਰ ਬਣ ਕੇ, ਵਾਹ ਸ਼ੋਭਾ ਪਾਈ ਜਾਂਦੇ।
ਅੰਦਰੋਂ ਅੰਦਰੀ ਖ਼ੂਬ ਦੇਸ਼ ਨੂੰ, ਰਗੜਾ ਲਾਈ ਜਾਂਦੇ।
ਮਾੜੇ ਕੰਮ ਕਰਦੇ ਨਾਂਹ ਲੋਕੋ, ਸ਼ਰਮ ਇਨ੍ਹਾਂ ਨੂੰ ਆਈ।
ਓਏ ਨਮਕ ਹਰਾਮੀਆਂ ਨੇ................।

ਲੋਕੋ ਕਰੋ ਜ਼ਲੀਲ ਇਨ੍ਹਾਂ ਨੂੰ, ਕਰ ਦੇਵੋ ਅੱਜ ਨੰਗੇ।
ਕਿਧਰੇ ਗੈਰਾਂ ਦੀ ਖਾ ਕੇ, ਇਹ ਨਵੇਂ ਪਾਉਣ ਨਾਹ ਪੰਗੇ।
ਲਾਡਪੁਰੀ ਇਹ ਨੇਕ ਕਮਾਈ, ਜਾਣ ਨਾਂਹ ਕਿਧਰੇ ਖਾਈ।
ਓਏ ਨਮਕ ਹਰਾਮੀਆਂ ਨੇ................।

# ਪਿੰਡ

.ਆ ਜਾ ਤੈਨੂੰ ਪਿੰਡ ਦੀ ਬਹਾਰ ਮੈਂ ਵਖਾਵਾਂ,
ਸਾਡੇ ਪਿੰਡ ਅੱਜ ਸ਼ਹਿਰ ਤੋਂ ਪਿਆਰੇ।
ਪਿੰਡਾਂ ਵਿੱਚ ਖਿੜੀਆਂ ਬਹਾਰਾਂ ਚਾਰੇ ਪਾਸੇ,
ਆ ਜਾ ਫਸਲਾਂ ਦੇ ਤੱਕ ਲੈ ਨਜ਼ਾਰੇ।
..........................................................................................

ਪਿੰਡ ਪਿੰਡ ਵਿੱਚ ਨੇ ਸਕੂਲ ਬਾਲਵਾੜੀਆਂ।
ਸਿਹਤ ਵਾਲੇ ਕੇਂਦਰ ਤੇ ਬੈਂਕਾਂ ਪਿਆਰੀਆਂ
ਸੱਪਾਂ ਵਾਂਙੂੰ ਵਲ ਪਾਉਂਦੀਆਂ ਇਹ ਜਾਣ ਸੜਕਾਂ,
ਤੇ ਬੰਬੀਆਂ ਤੇ ਪਾਣੀ ਦੇ ਫੁਹਾਰੇ।
ਆ ਜਾ ਤੈਨੂੰ ਪਿੰਡ ਦੀ....................,

ਟਰੈਕਟਰ, ਟਰਾਲੀਆਂ ਤੇ ਕਾਰਾਂ ਅੱਜ ਆ ਗਈਆਂ।
ਘਰ ਘਰ ਵਿੱਚ ਨੇ ਬਹਾਰਾਂ ਉਹ ਲਗਾ ਗਈਆਂ।
ਪਿੰਡ ਦੀ ਸੁਆਣੀ ਅੱਜ ਰਿੜਕੇ ਇਹ ਦੁੱਧ,
ਇੱਕ ਬਿਜਲੀ ਦੇ ਬਟਣ ਸਹਾਰੇ।
ਆ ਜਾ ਤੈਨੂੰ ਪਿੰਡ ਦੀ...................

ਬਿਜਲੀ ਨੇ ਘਰ ਘਰ ਭਾਗ ਅੱਜ ਲਾਏ ਨੇ।
ਬਿਜਲੀ ਦੇ ਖੰਭਿਆਂ ਦੇ ਜਾਲ ਇਹ ਵਿਛਾਏ ਨੇ।
ਕੇਬਲ ਕੁਨੈਕਸ਼ਨ ਘਰ ਘਰ ਲੱਗੇ।
ਫੋਨ ਪਿੰਡ ਪਿੰਡ ਲੱਗ ਗਏ ਨੇ ਸਾਰੇ।
ਆ ਜਾ ਤੈਨੂੰ ਪਿੰਡ ਦੀ...................

ਝੂਮ ਝੂਮ ਫਸਲਾਂ ਨੇ ਜਸ਼ਨ ਮਨਾਏ ਨੇ।
ਖੇਤਾਂ ਵਿੱਚ ਅੰਨ ਦੇ ਅੰਬਾਰ ਇਸ ਲਾਏ ਨੇ।
ਸਰ੍ਹੋਂਆਂ ਦੇ ਫੁੱਲਾਂ ਨਾਲ ਖੇਤ ਲੱਦੇ ਹੋਏ,
ਭੌਰ ਫੁੱਲਾਂ ਉੱਤੇ ਲੈਂਦੇ ਨੇ ਨਜ਼ਾਰੇ।
ਆ ਜਾ ਤੈਨੂੰ ਪਿੰਡ ਦੀ...................



ਪਿੰਡਾਂ ਵਿੱਚ ਪਿੰਡਾਂ ਦੇ ਹੀ ਝਗੜੇ ਨਬੇੜਦੇ।
ਝਗੜੇ ਇਹ ਲੋਕ ਅਜ ਘੱਟ ਹੀ ਸਹੇੜਦੇ।
ਪਿੰਡ ਦੀਆਂ ਸੜਕਾਂ ਇਹ ਆਪ ਹੀ ਬਣਾਉਂਦੇ,
ਚੈੱਕ ਕਰਦੇ ਨੇ ਮਹਿਕਮੇ ਇਹ ਸਾਰੇ।
ਆ ਜਾ ਤੈਨੂੰ ਪਿੰਡ ਦੀ...................

ਦੁੱਧ ਦੀਆਂ ਪਿੰਡਾਂ ਵਿੱਚ ਨਹਿਰਾਂ ਅੱਜ ਚੱਲੀਆਂ।
ਨੌਜਵਾਨ-ਖੇਡਾਂ ਅੱਜ ਪਾਈਆਂ ਤਰਥੱਲੀਆਂ।
ਲਾਡਪੁਰੀ ਪਿੰਡਾਂ 'ਚ ਬਹਾਰ ਆ ਗਈ,
ਗਾਉਂਦੇ ਰੌਣਕਾਂ ਦੇ ਗੀਤ ਇਹ ਕਰਾਰੇ।
ਆ ਜਾ ਤੈਨੂੰ ਪਿੰਡ ਦੀ...................

# ਕਾਮੇ

.ਦੇਸ਼ ਦਿਆਂ ਕਾਮਿਆਂ ਓ ਤੇਰੇ ਤੇ ਕਿਸਾਨ ਨਾਲ,
ਚਲਦਾ ਏ ਸਾਰਾ ਸੰਸਾਰ।
ਖ਼ੂਨ ਤੇ ਪਸੀਨੇ ਵਾਲੀ ਤੇਰੀ ਆਹ ਕਮਾਈ ਨਾਲ,
ਦੇਸ਼ ਵਿੱਚ ਆਉਂਦੀ ਏ ਬਹਾਰ।
..................................................................................................
ਡੁੱਲ੍ਹਦਾ ਏ ਤੇਰਾ ਇਹ ਪਸੀਨਾ ਜਿਸ ਧਰਤੀ ਤੇ,
ਓਸ ਧਰਤੀ ਨੂੰ ਭਾਗ ਲਾ ਦਏਂ।
ਜਿੱਥੇ ਤੇਰੇ ਮੁੜ੍ਹਕੇ ਦੀ ਆਉਂਦੀ ਖ਼ੁਸ਼ਬੋਈ,
ਓਥੇ ਰੱਜ-ਰੱਜ ਸੋਨਾ ਤੂੰ ਵਰ੍ਹਾ ਦਏਂ।
ਕਾਮਿਆਂ ਓ ਤੇਰੀ ਇਹ ਕਮਾਈ ਵਾਲੀ ਰੀਸ ਨਹੀਂ,
ਤੇਰੇ ਨਾਲ ਖਿੜੇ ਗੁਲਜ਼ਾਰ।
ਦੇਸ਼ ਦਿਆ ਕਾਮਿਆਂ ਓ..................।

ਨਿਗਾਹ ਇਹ ਸਵੱਲੀ ਤੇਰੀ ਜਿਸ ਥਾਂ ਤੇ ਹੋਵੇ,
ਓਥੇ ਖੇੜੇ ਦੀਆਂ ਆਉਂਦੀਆਂ ਬਹਾਰਾਂ ਨੇ।
ਰੱਬ ਓਸ ਧਰਤੀ ਦੇ ਭਾਗ ਏ ਜਗਾਂਉਂਦਾ,
ਓਥੇ ਪੈਂਦੀਆਂ ਬਈ ਅਰਸ਼ੋਂ ਫੁਹਾਰਾਂ ਨੇ।
ਕਿਰਤੀਆ ਕੰਮ ਕਰੇਂ ਤਨ, ਮਨ ਨਾਲ,
ਧੰਨ ਨਾਲ ਤੇਰਾ ਘੱਟ ਹੀ ਪਿਆਰ।
ਦੇਸ਼ ਦਿਆ ਕਾਮਿਆਂ ਓ..................।

ਕਾਰਖਾਨੇ ਦੇਸ਼ ਦੇ ਇਹ ਤੇਰੇ ਨਾਲ ਚਲਦੇ ਨੇ,
ਰੱਜ ਰੱਜ ਕਰਦਾਂ ਕਮਾਈ ਤੂੰ।
ਦੇਸ਼ ਦੀ ਇਹ ਪੂੰਜੀ ਤੇਰੇ ਨਾਲ ਹੀ ਤਾਂ ਵਧੀ,
ਐਸੀ ਕੰਮ ਦੀ ਸਪੀਡ ਇਹ ਵਧਾਈ ਤੂੰ।
ਤੇਰੇ ਉੱਤੇ ਮਾਣ ਸਾਨੂੰ ਮਾਣ ਨਾਲ ਰੱਤਿਆ ਓਏ,
ਦੇਸ਼ ਤਾਈਂ ਦਿੱਤਾ ਤੂੰ ਸੁਆਰ।
ਦੇਸ਼ ਦਿਆ ਕਾਮਿਆਂ ਓ..................।



ਖੇਤ ਨੇ ਬੁਲਾਉਂਦੇ ਤੈਨੂੰ ਤੇਰੇ ਤੇ ਉਡੀਕਾਂ ਤੇਰੇ ਬਿਨਾ ਕੌਣ,
ਚੁੱਕੇ ਇਹਦਾ ਭਾਰ ਪਈ।
ਤੂੰ ਹੀ ਇਨ੍ਹਾਂ ਖੇਤਾਂ ਦੀਆਂ ਰਮਜ਼ਾਂ ਨੂੰ ਜਾਣੇ,
ਅੱਜ ਤੂੰ ਹੀ ਇਹਦਾ ਲਗੇਂ ਸਰਦਾਰ ਪਈ।
ਗਾਉਂਦਾ ਜਦੋਂ ਖੇਤਾਂ ਵਿੱਚ ਆਉਂਦੀਆਂ ਬਹਾਰਾਂ,
ਤੂੰ ਹੀ ਲੱਗਦਾ ਇਨ੍ਹਾਂ ਦਾ ਦਿਲਦਾਰ।
ਦੇਸ਼ ਦਿਆ ਕਾਮਿਆਂ ਓ..................।

ਦੂਰ ਦੂਰ ਜਾ ਕੇ ਤੂੰ ਕਮਾਈ ਕਰੇਂ ਬੱਲਿਆ ਓਏ,
ਘਰ ਵਾਲਾ ਛੱਡਿਆ ਪਿਆਰ ਪਈ।
ਰੁੱਖੀ ਸੁੱਖੀ ਖਾ ਕੇ ਵੀ ਹੱਡ ਭੰਨ ਕੰਮ ਕਰੇਂ,
ਕਿਹੋ ਜਿਹਾ, ਤੇਰਾ ਕਿਰਦਾਰ ਪਈ।
''ਲਾਡਪੁਰੀ'' ਰੀਸ ਨਹੀਂ ਤੇਰੇ ਉਤੇ ਕਾਮਿਆਂ ਓਏ,
ਅੱਜ ਮਿਹਰਬਾਨ ਸਰਕਾਰ।
ਦੇਸ਼ ਦਿਆ ਕਾਮਿਆਂ ਓ..................।

# ਸਚਾਈ

ਮੁਫ਼ਤ ਖੋਰੇ ਜਹਾਨ 'ਚ ਲੱਖ ਲੱਭਣ,
ਆਸਾਂ ਦੂਜਿਆਂ ਦੇ ਉਤੇ ਲਾਉਣ ਵਾਲੇ।
ਲਾਡਪੁਰੀ ਵਿਰਲੇ ਇਥੇ ਲਭਦੇ ਨੇ,
ਜਿਹੜੇ ਦੇਸ਼ ਲਈ ਅਹੁਤੀਆਂ ਪਾਉਣ ਵਾਲੇ।

# ਕਿਸਾਨ

.ਪਿੰਡਾਂ ਵਿੱਚ  ਵਸਦਾ ਭੰਡਾਰੀ ਸਾਰਿਆਂ ਦਾ,
ਜਿਸ ਜੱਗ ਦੇ ਭਰੇ ਭੰਡਾਰੇ।
ਰੁੱਖੀ ਸੁੱਖੀ ਖਾ ਕੇ ਵੀ ਇਹ ਕੰਮ ਕਰਦਾ,
ਇਹਦੇ ਕੰਮ ਤੋਂ ਜਾਈਏ ਬਲਹਾਰੇ।

...............................................................................................

ਸਰਘੀ ਦੇ ਵੇਲੇ ਉੱਠ ਖੇਤਾਂ ਨੂੰ ਫਰੋਲਦਾ।
ਸੱਪਾਂ ਦੀਆਂ ਸਿਰੀਆਂ ਇਹ ਪੈਰਾਂ 'ਚ, ਮਧੋਲਦਾ।
ਖੇਤਾਂ ਵਿੱਚ ਓਦੋਂ ਇਹਦੇ ਹਲ ਚਲਦੇ ਨੇ,
ਜਦੋਂ ਅਸੀਂ ਚੜ੍ਹ ਸੌਂਦੇ ਆਂ ਚੁਬਾਰੇ।
ਪਿੰਡਾਂ ਵਿੱਚ ਵਸਦਾ...........।

ਖੇਤਾਂ ਵਿੱਚ ਡੋਲ੍ਹ ਕੇ ਪਸੀਨੇ ਆਪਣੇ ਨੂੰ,
ਦੇਸ਼ ਆਪਣੇ ਦੇ ਭਾਗ ਨੂੰ ਜਗਾਉਂਦਾ ਏ।
ਤਨ, ਮਨ, ਧੰਨ ਨਾਲ ਕੰਮ ਕਰਦਾ ਏ,
ਇਹ ਤਾਂ ਖੇਤਾਂ ਵਿੱਚ ਸੋਨੇ ਨੂੰ ਉਗਾਉਂਦਾ ਏ।
ਸੁੱਤੀ ਹੋਈ ਰੀਝ ਓਦੋਂ ਜਾਗ ਉੱਠਦੀ ਏ,
ਜਦੋਂ ਖੇਤਾਂ ਵਿੱਚ ਲੱਗਣ ਮੁਨਾਰੇ।
ਪਿੰਡਾਂ ਵਿੱਚ ਵਸਦਾ...........।

ਬੈਂਕਾਂ ਤੋਂ ਦਰਜ਼ਾ ਲੈ ਹੰਭਲਾ ਤਾਂ ਮਾਰੇ,
ਅਜ ਕਰਜ਼ੇ ਨੇ ਢਾਹ ਇਹਨੂੰ ਲਾਈ ਏ।
ਭਾਰ ਇਹ ਵੰਡਾਵੇ ਕਿਹੜਾ, ਸੂਦ ਤੋਂ ਛੁਡਾਵੇ ਕਿਹੜਾ,
ਜਾਪੇ ਇਹਨੂੰ ਫਾਹੀ ਜਿਹੀ ਪਾਈ ਏ।
ਭੁੱਖੇ ਨੂੰ ਰਜਾਵੇ ਅਤੇ ਦੇਸ਼ ਨੂੰ ਸੁਆਰੇ,
ਇਹਦੀ ਧੁੰਮ ਅੱਜ ਪਈ ਸਰਕਾਰੇ।
ਪਿੰਡਾਂ ਵਿੱਚ ਵਸਦਾ...........।



ਜਿਨਸਾਂ ਦੇ ਭਾਅ ਜੇ ਵਧਾਵੇ ਸਰਕਾਰ।
ਨਾਲੇ ਡੀਜ਼ਲ ਦੇ ਰੇਟ ਜੇ ਘਟਾ ਦਏ।
ਖਾਦ ਵੇਲੇ ਸਿਰ ਮਿਲੇ, ਹੌਂਸਲਾ ਵਧਾਵੇ ਇਹਦਾ,
ਸੋਨੇ ਵਾਲੇ ਢੇਰ ਇਹ ਤਾਂ ਲਾ ਦਏ।
ਮਾਣ ਤਾਣ ਇਹਦਾ ਹੋਵੇ ਪੂਰਾ ਸਾਰੇ ਜੱਗ ਉੱਤੇ,
ਧਮਕ ਪਏ ਦਰਬਾਰੇ।
ਪਿੰਡਾਂ ਵਿੱਚ ਵਸਦਾ...........।

ਨੌਜਵਾਨ ਪੁੱਤ ਇਹਦੇ ਜਾਣ ਨਾਂਹ ਬਦੇਸ਼ਾਂ ਵਿੱਚ,
ਬਾਹਰ ਵੱਲ ਜਾ ਕੇ ਧੱਕੇ ਖਾਣ ਨਾਂਹ।
ਏਜੰਟਾਂ ਦੇ ਟੇਟੇ ਚੜ੍ਹ, ਖ਼ੂਨ ਤੇ ਪਸੀਨੇ ਵਾਲੀ,
ਆਪਣੀ ਕਮਾਈ ਉਹ ਰੁੜ੍ਹਣ ਨਾਂਹ।
ਲਾਡਪੁਰੀ ਘਰ ਵਿੱਚ ਰਿਜ਼ਕ ਜੇ ਪੂਰਾ ਮਿਲੇ ,
ਫਿਰਨ ਕਿਉਂ ਮਾਰੇ ਮਾਰੇ।
ਪਿੰਡਾਂ ਵਿੱਚ ਵਸਦਾ...........।

# ਸਚਾਈ

ਸੱਚ ਬੋਲਣੋ ਰੁਕੇ ਮਨਸੂਰ ਨਹੀਂ,
ਕਿਵੇਂ ਪੱਥਰ ਤੇ ਪੱਥਰ ਉਹ ਖਾਈ ਜਾਵੇ।
ਐਪਰ ਯਾਰ ਦਾ ਵੱਜਿਆ ਫੁੱਲ ਇਕੋ,
ਲਾਡਪੁਰੀ ਤੱਕ ਕਿਵੇਂ ਕੁਰਲਾਈ ਜਾਵੇ।

# ਪੈਸਾ

.ਪੈਸਾ ਹੈ ਪਰਧਾਨ ਏਸ ਯੁਗ ਪੈਸਾ ਹੈ ਪਰਧਾਨ।
ਪੈਸੇ ਤੋਂ ਬਿਨ ਕੋਈ ਨਾਂਹ ਪੁੱਛੇ, ਕੋਰਾ ਇਹ ਇਨਸਾਨ।
ਪੈਸਾ ਹੈ ਪਰਧਾਨ.........................।

.........................................................................................................

ਪੈਸੇ ਤੋਂ ਬਿਨ ਛੁੱਟ ਜਾਂਦੇ ਨੇ, ਭੈਣ-ਭਾਈ ਤੇ ਮਾਪੇ।
ਪੈਸੇ ਨੇ ਇਸ ਯੁੱਗ ਦੇ ਅੰਦਰ, ਪਾਏ ਕਈ ਸਿਆਪੇ।
ਪੈਸੇ ਦੇ ਨਾਲ ਬੈਠੇ ਬੈਠੇ, ਸੇਵਾ ਸੱਭ ਕਰਾਣ।
ਪੈਸਾ ਹੈ ਪਰਧਾਨ.........................।

ਪੈਸਾ ਹੈ ਤਾਂ ਸਾਰੀ ਦੁਨੀਆਂ, ਨੇੜੇ ਢੁੱਕ ਢੁੱਕ ਬਹਿੰਦੀ।
ਜੇ ਪੈਸਾ ਨਹੀਂ ਪੱਲੇ, ਦੁਨੀਆਂ ਬੁਰਾ ਭਲਾ ਸਭ ਕਹਿੰਦੀ।
ਪੈਸੇ ਨਾਲ ਵਪਾਰ ਨੇ ਚਲਦੇ, ਪੈਸਾ ਸਭ ਦੀ ਜਾਨ।
ਪੈਸਾ ਹੈ ਪਰਧਾਨ.........................।

ਜੇ ਪੈਸਾ ਹੈ ਪੱਲੇ ਪੁੱਤਰ, ਧੀਆਂ ਫਿਰਨ ਚੁਫੇਰੇ।
ਪੈਸਾ ਨਹੀਂ ਤਾਂ ਮੂੰਹ ਸਭਨਾਂ ਨੇ, ਦੂਜੇ ਪਾਸੇ ਫੇਰੇ।
ਜੇ ਪੈਸਾ ਨਹੀਂ ਪੁੱਤਰ ਆਖਣ, ਚੁੱਕ ਬੁੱਢਿਆ ਸਾਮਾਨ।
ਪੈਸਾ ਹੈ ਪਰਧਾਨ.........................।

ਪੈਸੇ ਦੇ ਨਾਲ ਸਾਕ ਸੰਬੰਧੀ, ਅੱਗੇ ਪਿੱਛੇ ਭੱਜਦੇ।
ਕਾਰ, ਕੋਠੀਆਂ, ਬੰਗਲੇ ਸਾਰੇ, ਪੈਸੇ ਦੇ ਨਾਲ ਸੱਜਦੇ।
ਪੈਸੇ ਦੇ ਨਾਲ ਮਿਲ ਜਾਂਦਾ ਏ, ਰੁਤਬਾ ਕੋਈ ਮਹਾਨ।
ਪੈਸਾ ਹੈ ਪਰਧਾਨ.........................।

ਪੈਸੇ ਲਈ ਮੁੰਡੇ ਕੁੜੀਆਂ, ਨੱਚ ਨੱਚ ਕੇ ਹੁੰਦੇ ਝੱਲੇ।
ਪੈਸਾ ਹੈ ਤਾਂ ਹੋ ਜਾਂਦੀ, ਸਾਰੀ ਹੀ ਬੱਲੇ ਬੱਲੇ।



ਪੈਸਾ ਹੈ ਤਾਂ ਗਾਉਣ ਲਈ ਭਾਵੇਂ ਸੱਦ ਲਵੋ ਤੁਸੀਂ ਮਾਨ।
ਪੈਸਾ ਹੈ ਪਰਧਾਨ.........................।

ਲੋਕੋ ਆਪਣੀ ਸਭਿਅਤਾ ਇਸ ਪੈਸੇ ਪਿਛੇ ਨਾਂਹ ਰੋੜ੍ਹੋ।
ਪੈਸੇ ਬਦਲੇ ਰਿਸ਼ਤੇ ਨਾਤੇ ਤੁਸੀਂ ਕਦੇ ਨਾਂਹ ਤੋੜੋ।
ਮਾਪਿਆਂ ਦਾ ਵੀ ਲਾਡਪੁਰੀ ਹੋਵੇ ਪੂਰਾ ਸਨਮਾਨ।
ਪੈਸਾ ਹੈ ਪਰਧਾਨ.........................।

# ਰੁਬਾਈ

ਇੱਕ ਦਿਹਾੜੇ ਕੁਝ ਕੁ ਮਿੱਟੀ ਹੱਥ ਮੇਰੇ ਜੋ ਆਈ।
ਮਹਿਕ ਭਰੀ ਖੁਸ਼ਬੋਆਂ ਲੱਦੀ ਰੰਗਤ ਦੂਣ ਸਵਾਈ।
ਪੁੱਛਿਆ ਮੈਂ ਤੂੰ ਕੀ ਏ ਅੜੀਏ ਚੰਦਨ ਜਾਂ ਕਸਤੂਰੀ?
ਤੇਰੀ ਮਹਿਕੋਂ ਭੁੱਲ ਕੇ ਅੜੀਏ, ਮੈਂ ਇਹ ਸੋਚ ਵੰਝਾਈ।
ਕਹਿੰਦੀ ਸੁਣ ਲੈ ਬੀਬਾ, ਮੈਂ ਨਹੀਂ ਮਿੱਟੀ ਤੋਂ ਬਿਨ ਕੋਈ।
ਨ ਮੈਂ ਚੰਦਨ ਨ ਕਸਤੂਰੀ, ਨ ਕੋਈ ਚੀਜ਼ ਨਰੋਈ।
ਕੁਝ ਦਿਹਾੜੇ ਫੁੱਲਾਂ ਦੀ ਮੈਂ ਰੱਜ ਰੱਜ ਸੰਗਤ ਮਾਣੀ,
ਓਸੇ ਕਰਕੇ, ਲਾਡਪੁਰੀ ਮੈਂ ਬਣ ਗਈ ਮਹਿਕ ਪਲੋਈ।

# ਮੰਗਤੇ

.ਮੰਗਤਿਆਂ ਦੀ ਇਹ ਦੁਨੀਆਂ ਮੰਡੀ, ਮੰਗਤੇ ਫਿਰਨ ਬਥੇਰੇ।
ਮੰਗਤਿਆਂ ਨੇ ਆਹ ਘੇਰੇ ਪਾ ਲਏ, ਸਾਨੂੰ ਚਾਰ ਚੁਫੇਰੇ।
ਇਨ੍ਹਾਂ ਮੰਗਤਿਆਂ ਤੋਂ ਕਿਵੇਂ ਜਾਨ ਬਚਾਈਏ।

.............................................................................................

ਕੋਈ ਦਾਨ ਲਈ ਮੰਗੇ, ਕੋਈ ਤਾਂ ਬੜਾ ਗ਼ਰੀਬ ਕਹਾਵੇ।
ਕੋਈ ਧਰਮ ਦੀ ਆੜ ਏ ਲੈਂਦਾ, ਗਾ ਕੇ ਕੋਈ ਸੁਣਾਵੇ।
ਕਿਵੇਂ ਇਨ੍ਹਾਂ ਤੋਂ ਖਹਿੜਾ ਛੁੱਟੂ, ਕਿਵੇਂ ਅਸੀਂ ਵਰਾਈਏ।
ਇਨ੍ਹਾਂ ਮੰਗਤਿਆਂ ਤੋਂ....................।

ਸਾਕ ਸੰਬੰਧੀ ਪੈਸਾ ਮੰਗਣ ਆ ਵੜਦੇ ਨੇ ਵਿਹੜੇ।
ਵਾਪਸ ਮੰਗੋ ਮੂੰਹ ਵੱਟਦੇ, ਤੇ ਕਰਦੇ ਝਗੜੇ ਝੇੜੇ।
ਏਹੋ ਜਿਹੇ ਵੇਲੇ ਤੇ ਦਸੋ, ਖਹਿੜਾ ਕਿਵੇਂ ਛੁਡਾਈਏ।
ਇਨ੍ਹਾਂ ਮੰਗਤਿਆਂ ਤੋਂ....................।

ਵੋਟਾਂ ਮੰਗਣ ਇਨ੍ਹਾਂ ਲੀਡਰਾਂ, ਘਰ ਘਰ ਦੇ ਵਿਚ ਆਉਣਾ।
ਵੋਟਾਂ ਮੰਗਣ ਦੇ ਲਈ ਉਨ੍ਹਾਂ, ਨਵਾਂ ਬਹਾਨਾ ਲਾਉਣਾ।
ਲੀਡਰਾਂ ਨੂੰ ਹੁਣ ਦੱਸੋ, ਕਿਹੜਾ ਲਾਰਾ ਲੱਪਾ ਲਾਈਏ।
ਇਨ੍ਹਾਂ ਮੰਗਤਿਆਂ ਤੋਂ....................।

ਵਿੱਚ ਕਚਹਿਰੀ ਪੈਸੇ ਮੰਗਣ, ਲਾ ਲਾ ਕਈ ਬਹਾਨੇ।
ਵਿੱਚ ਘਰਾਂ ਦੇ ਆ ਵੜਦੇ ਨੇ, ਮੰਗਣ ਦੇ ਲਈ ਦਾਣੇ।
ਨਾਕੇ ਵਾਲੇ ਵੀਰਾਂ ਨੂੰ, ਆਹ ਦੱਸੋ ਕਿੰਵ ਪਤਿਆਈਏ।
ਇਨ੍ਹਾਂ ਮੰਗਤਿਆਂ ਤੋਂ....................।

ਰੱਬ ਮੰਗਤਿਆਂ ਦੇ ਮਨ ਵਿੱਚ ਕੋਈ, ਪਿਆਰ ਦੀ ਚਿਣਗ ਜਗਾਵੇ।
ਇਸ ਪਰੰਪਰਾ ਮੰਗਣ ਦੀ ਨੂੰ, ਰੱਬ ਹੀ ਆਣ ਹਟਾਵੇ।
ਲਾਡਪੁਰੀ ਇਹ ਭੈੜੀਆਂ ਰੀਤਾਂ, ਦੱਸੋਂ ਕਿਵੇਂ ਹਟਾਈਏ।
ਇਨ੍ਹਾਂ ਮੰਗਤਿਆਂ ਤੋਂ....................।



# ਪੁਕਾਰ

.ਅਤਿਵਾਦੀਓ ਕੁਝ ਤਾਂ ਹੋਸ਼ ਕਰੋ, ਕੁਝ ਸਮਝ ਕਰੋ ਕੁਝ ਸੋਚ ਕਰੋ,
ਕਿਹੜੇ ਮਨਸੂਬਿਆਂ ਦੀ ਖਾਤਰ, ਮਾਨਸ ਦਾ ਖ਼ੂੰਨ ਵਹਾਉਂਦੇ ਓ।
ਭੋਲੇ ਭਾਲੇ ਇਨਸਾਨਾਂ ਦਾ, ਬਿਨ-ਕਾਰਣ ਘਾਣ ਕਰਾਉਂਦੇ ਓ।
ਅਤਿਵਾਦੀਓ ਕੁਝ ਤਾਂ......................।

.............................................................................................

ਕਰੋ ਵਾਰ ਨਿਹੱਥਿਆਂ ਲੋਕਾਂ ਤੇ,ਇਹ ਕੰਮ ਹੈ ਅਤਿ ਨਾਦਾਨਾਂ ਦਾ।
ਕਿਸ ਮਜ਼੍ਹਬ ਦੇ ਪੰਨਿਆਂ ਤੇ ਲਿਖਿਆ,ਕਿ ਘਾਣ ਕਰੋ ਇਨਸਾਨਾਂ ਦਾ।
ਚੋਰੀ ਛਿੱਪੇ ਕਿੰਞ ਲੁਕ ਲੁਕ ਕੇ,ਇੰਵ ਗੋਲੀਆਂ ਤੁਸੀਂ ਵਰ੍ਹਾਉਂਦੇ ਓ।
ਭੋਲੇ ਭਾਲੇ ਇਨਸਾਨਾ ਦਾ.................।

ਜਿਹੜੇ ਵੀਰੇ ਤੋਂ ਵੱਖ ਹੋਇਆਂ,
ਪਿਆਰਾਂ ਦਾ ਹੱਥ ਵਧਾਵੇ ਉਹ।
ਇਨਸਾਨਾਂ ਵਾਂਙੂੰ ਜੀਣੇ ਦਾ,ਇਹ ਰਸਤਾ ਅਸਲ ਵਖਾਵੇ ਉਹ।
ਓਏ ਕਿਹਦੇ ਟੋਟੇ ਚੜ੍ਹ ਬੌਲਿਉ, ਲੁੱਕ ਲੁੱਕ ਕੇ ਤੀਰ ਚਲਾਉਂਦੇ ਓ।
ਭੋਲੇ ਭਾਲੇ ਇਨਸਾਨਾ ਦਾ.................।

ਕਿਹੜਾ ਮਸਲਾ ਹੈ ਦੁਨੀਆਂ ਤੇ,ਨਾਂਹ ਗੱਲਾਂ ਨਾਲ ਜੋ ਹੱਲ ਹੋਵੇ।
ਉਹ ਕਿਹੜਾ ਅਸਲ ਸੁਝਾਅ ਸੱਜਣਾ,ਨਾਂਹ ਜਿਸਤੇ ਮੂਲੋਂ ਚੱਲ ਹੋਵੇ।
ਅੱਤਵਾਦ ਦਾ ਨਾਅਰਾ ਲਾਕੇ ਕਿਉਂ, ਬਲਦੀ ਤੇ ਤੇਲ ਪਵਾਉਂਦੇ ਓ।
ਭੋਲੇ ਭਾਲੇ ਇਨਸਾਨਾ ਦਾ.................।

ਕੀ ਲੋੜ ਸੀ ਵਹਿਸ਼ੀ ਬਣਨੇ ਦੀ, ਦਹਿਸ਼ਤ ਦਾ ਦੌਰ ਚਲਾ ਛੱਡਿਆ।
ਆਹ ਤਾਜ ਜਿਹੇ ਤੂੰ ਹੋਟਲ ਨੂੰ, ਖੰਡਰ ਦਾ ਢੇਰ ਬਣਾ ਛਡਿਆ।
ਇਨਸਾਨਾਂ ਨੂੰ ਹੈਵਾਨਾਂ ਵਾਙੂੰ, ਪਲ ਵਿਚ ਮਾਰ ਮੁਕਾਉਂਦੇ ਓ।
ਭੋਲੇ ਭਾਲੇ ਇਨਸਾਨਾ ਦਾ.................।

ਦਸਮੇਸ਼ ਪਿਤਾ ਮਾਨੁੱਖਤਾ ਲਈ, ਸਾਰਾ ਪਰਵਾਰ ਲੁਟਾ ਛੱਡਿਆ।
ਸੀ ਪੰਥ ਖਾਲਸਾ ਜਬਰ ਜ਼ੁਲਮ ਦਾ, ਪਹਿਰੇਦਾਰ ਬਣਾ ਛੱਡਿਆ।

ਤੁਸੀਂ ਇਨਸਾਨਾਂ ਨੂੰ ਮਾਰਨ ਦਾ, ਕੀ ਕੋਝਾ ਪਾਠ ਪੜ੍ਹਾਉਂਦੇ ਓ।
ਭੋਲੇ ਭਾਲੇ ਇਨਸਾਨਾ ਦਾ................।
ਓ ਦਹਿਸ਼ਤਵਾਦ ਦਰਿੰਦਗੀ ਦਾ, ਤੁਸੀਂ ਕਦ ਤਕ ਨਾਚ ਨਚਾਵੋਗੇ।
ਇਨਸਾਨਾ ਦਾ ਇਨਸਾਨਾਂ ਹੱਥੋਂ, ਕਦ ਤਕ ਘਾਣ ਕਰਾਵੋਗੇ।
ਲਾਡਪੁਰੀ ਤੇਰੇ ਵੀਰੇ, ਇਹ ਜ਼ੁਲਮ ਜਿਨ੍ਹਾਂ ਤੇ ਢਾਉਂਦੇ ਓ।
ਭੋਲੇ ਭਾਲੇ ਇਨਸਾਨਾ ਦਾ................।

## ਆਦਤ

ਜੋ ਆਦਤ ਮੁੱਢ ਕਦੀਮਾਂ ਦੀ, ਉਹ ਆਦਤ ਕਿਵੇਂ ਭਜਾ ਸਕਦੇ।
ਬਚਪਨ ਦੀ ਜਿਸ ਵਿੱਚ ਘਾਟ ਕੋਈ, ਉਸ ਘਾਟ ਨੂੰ ਕਿਵੇਂ ਹਟਾ ਸਕਦੇ।
ਚੁਗਲੀ ਵਾਲਾ ਜੋ ਬੰਦਾ ਏ, ਚੁਗਲੀ ਕਰਨੋ ਨਾਂਹ ਰਹਿ ਸਕਦਾ।
ਸੱਚ ਦਾ ਝੂਠੇ ਦੇ ਉੱਤੇ ਤਾਂ, ਪਰਛਾਵਾਂ ਵੀ ਨਹੀਂ ਪੈ ਸਕਦਾ।
ਚੋਰੀ ਕਰਨੇ ਵਾਲਾ ਤਾਂ, ਆਪਣੇ ਘਰ ਵੀ ਚੋਰੀ ਲਾ ਸਕਦਾ।
ਜੋ ਲਾਉਂਦਾ ਸਦਾ ਬਹਾਨਾ ਏਂ, ਉਹ ਨਵੀਂ ਸਕੀਮ ਬਣਾ ਸਕਦਾ।
ਰੁੱਸਣ ਦੀ ਜਿਸ ਨੂੰ ਆਦਤ ਏ, ਕੋਈ ਉਸ ਨੂੰ ਕਿਵੇਂ ਮਨਾ ਸਕਦਾ।
ਮੂੰਹ ਸੁੱਜਿਆ ਜਿਸ ਦਾ ਰਹੇ ਸਦਾ, ਕਿਹੜਾ ਮੁਸਕਾਨ ਲਿਆ ਸਕਦਾ।
ਨਫ਼ਰਤ ਦੀ ਅੱਗ ਵਿੱਚ ਜਲਦਾ ਜੋ, ਉਹ ਦੋਸਤ ਕਿਵੇਂ ਬਣਾ ਸਕਦਾ।
ਈਰਖਾ ਵਾਲਾ ਬੰਦਾ ਤਾਂ, ਕੋਈ ਭਾਂਬੜ ਨਵਾਂ ਮਚਾ ਸਕਦਾ।
ਗੱਪ ਮਾਰਨ ਵਾਲਾ ਬੰਦਾ ਤਾਂ, ਨਿੱਤ ਨਵੀਂ ਹੀ ਗੱਪ ਸੁਣਾ ਸਕਦਾ।
ਜੋ ਵਿਅੰਗ ਕਿਸੇ ਤੇ ਕੱਸਦਾ ਏ, ਉਹ ਵਿਅੰਗ ਤਾਂ ਲਾ ਹੀ ਦਿੰਦਾ ਏ।
ਮੀਸਣਿਆਂ ਦਾ ਨਿੰਮ੍ਹਾਂ ਹਾਸਾ, ਦਿਲ ਕੋਈ ਦੁਖਾ ਹੀ ਦਿੰਦਾ ਏ।
ਜੋ ਸ਼ਰਮਸ਼ਾਰ ਸਦਾ ਰਹਿੰਦਾ, ਉਹ ਨੀਵੀਂ ਪਾ ਹੀ ਲੈਂਦਾ ਏ।
ਭੌਂਕਣ ਵਾਲਾ ਜੋ ਬੰਦਾ ਏ, ਉਹ ਸ਼ੋਰ ਮਚਾ ਹੀ ਲੈਂਦਾ ਏ।
ਜਿਸ ਲੋਈ ਲਾਹ ਹੀ ਛੱਡੀ ਏ, ਉਹ ਉੱਚਾ ਬਣ ਦਿਖਲਾਉਂਦਾ ਏ।
ਨੌਂ ਸੌ ਚੂਹਾ ਵੀ ਖਾ ਕੇ ਤਾਂ, ਉਹ ਸੁੱਚਾ ਬਣ ਦਿਖਲਾਉਂਦਾ ਏ।
ਜੋ ਵੀ ਬਣ ਗਈ ਆਦਤ ਮੁੱਢ ਤੋਂ, ਉਸ ਤੋਂ ਕੋਈ ਕਿਵੇਂ ਹਟਾਏਗਾ।
ਜੇ ਆਦਤ ਲਾਡਪੁਰੀ ਹਟ ਗਈ, ਝੂਠਾ ਵਾਰਿਸ ਕਹਿਲਾਏਗਾ।



## ਸ਼ਹੀਦਾਂ ਨੂੰ

.ਦੇਸ਼ ਲਈ ਦਿੱਤੀ ਕੁਰਬਾਨੀ ਜਿਨ੍ਹਾਂ ਸੂਰਿਆਂ ਨੇ,
ਆਪਣਾ ਖ਼ੂਨ ਵਹਾਇਆ।
ਜਿੰਦ ਲਾ ਦਾਅ ਉਤੇ ਆਪਣਾ ਦੇਸ਼ ਬਚਾਇਆ।
.....................................................................................................
ਬੰਬੇ ਵਿਚ ਅਤਿਵਾਦੀ ਆ ਕੇ, ਤਾਜ ਦੇ ਵਿਚ ਸੀ ਵੜ ਗਏ।
ਸਾਡੀ ਪੁਲਸ ਤੇ ਸਾਡੇ ਕਮਾਂਡੋ, ਬਾਹਰ ਤਾਜ ਦੇ ਖੜ੍ਹ ਗਏ।
ਕੁਝ ਮਾਰੇ ਕੁਝ ਫੜੇ, ਜਿਨ੍ਹਾਂ ਨੇ ਜਬਰ ਜ਼ੁਲਮ ਸੀ ਢਾਇਆ।
ਜਿੰਦ ਲਾ ਦਾਅ ਉਤੇ.................।

'ਕਰਕਰੇ' ਅਤੇ 'ਅਸ਼ੋਕ' ਅਫਸਰਾਂ, ਦਿਤੀ ਸੀ ਕੁਰਬਾਨੀ।
ਧੰਨ ਸ਼ੇਰਾ ਤੇਰੀ ਧੰਨ ਕਮਾਈ, ਨਾਂਹ ਕੋਈ ਤੇਰਾ ਸਾਨੀ।
ਖ਼ੂੰਨ ਤੂੰ ਆਪਣਾ ਦੇਸ਼ ਕੌਮ ਦੀ, ਖਾਤਰ ਲੇਖੇ ਲਾਇਆ।
ਜਿੰਦ ਲਾ ਦਾਅ ਉਤੇ.................।

ਲੁਕ ਲੁਕ ਗੋਲੀਆਂ ਚਲਾਉਣ ਜੋ ਨਿਹੱਥਿਆਂ ਤੇ,
ਲੁਕ ਲੁਕ ਤੀਰ ਜੋ ਚਲਾਉਂਦੇ ਨੇ।
ਵਹਿਸ਼ੀਆਂ, ਦਰਿੰਦਿਆਂ ਤੋਂ ਪਾਠ ਪੜ੍ਹ ਅਤਿ ਵਾਲਾ,
ਦੇਸ਼ ਵੱਚ ਭੜਥੂ ਇਹ ਪਾਉਂਦੇ ਨੇ।
ਧੰਨ ਸਾਡੀ ਪੁਲਸ ਤੇ ਧੰਨ ਫੌਜੀ, ਜਿਨ੍ਹਾਂ ਇਨ੍ਹਾਂ ਨੂੰ ਮਾਰ ਮੁਕਾਇਆ।
ਜਿੰਦ ਲਾ ਦਾਅ ਉਤੇ.................।

ਧੰਨ ਸਦਾ ਰਹਿਣਗੀਆਂ ਅਮਰ ਸ਼ਹੀਦੀਆਂ,
ਹਿੱਕਾਂ ਤਾਣ ਜਿੰਦਾਂ ਜਿਨ੍ਹਾਂ ਵਾਰੀਆਂ।
ਧੰਨ ਸੂਰੇ ਜਿਹੜੇ ਸਰਹੱਦਾਂ ਉਤੇ ਜੂਝਦੇ,
ਮੁਸ਼ਕਲਾਂ ਝੱਲਣ ਜੋ ਭਾਰੀਆਂ।
ਲਾਡਪੁਰੀ ਇਨ੍ਹਾਂ ਵੀਰ ਜਵਾਨਾਂ, ਸਾਹਸ ਕਿਵੇਂ ਵਖਾਇਆ।
ਜਿੰਦ ਲਾ ਦਾਅ ਉਤੇ.................।

# ਫੋਕੇ ਰਿਵਾਜ

.ਫੋਕੇ ਰਸਮ ਰਿਵਾਜਾਂ ਸਾਡਾ ਕਰ ਦਿੱਤਾ ਅੱਜ ਕੰਘਾ।
ਇਕ ਦੂਜੇ ਦੀਆਂ ਰੀਸਾਂ ਸਾਨੂੰ ਕੀਤਾ ਨੰਗ ਮੁਨੰਗਾ।
..........................................................................................

ਫੈਸ਼ਨ ਰੀਤ ਰਿਵਾਜਾਂ ਸਾਨੂੰ ਭੈੜੀ ਇੱਲਤ ਪਾਈ।
ਰੀਸੋ ਰੀਸੀ ਇਕ ਦੂਜੇ ਦੇ ਹੁੰਦੇ ਜਾਣ ਸੁਦਾਈ।
ਦਾਜਾਂ ਨੇ ਵੱਧ ਵੱਧ ਕੇ ਯਾਰੋ ਪਾ ਦਿੱਤਾ ਅੱਜ ਪੰਗਾ।
ਫੋਕੇ ਰਸਮ ਰਿਵਾਜਾਂ..........।

ਕੀ ਛੋਟੀ, ਕੀ ਵੱਡੀ, ਕੀ ਨੱਢੀ ਕੀ ਬੁੱਢੜੀ ਠੇਰੀ।
ਬਰਗੰਡੀ ਤੇ ਮੇਕ ਅਪ ਹੋਰਾਂ, ਜਾਪੇ ਹਰ ਕੋਈ ਘੇਰੀ।
ਦਰਜੀ ਦੇ ਹੈ ਕਾਬੂ ਆਇਆ, ਅੱਜ ਦਾ ਹਰ ਕੋਈ ਬੰਦਾ।
ਫੋਕੇ ਰਸਮ ਰਿਵਾਜਾਂ..........।

ਮੈਰੇਜ ਦੇ ਲਈ ਬੁੱਕ ਕਰਾਉਂਦੇ, ਪੈਲਸ ਅਤੇ ਸਰਾਵਾਂ।
ਕੁੜੀਆਂ ਤੋਂ ਸਭ ਨਾਚ ਕਰਾਉਂਦੇ, ਨ ਕੁੜਤੀ ਨ ਬਾਂਹਵਾਂ।
ਸਭਿਅਤਾ ਸਾਡੀ ਦੇ ਲਈ ਲਗਦਾ, ਉੱਕਾ ਨਾਂਹ ਇਹ ਚੰਗਾ।
ਫੋਕੇ ਰਸਮ ਰਿਵਾਜਾਂ..........।

ਬਿਜਲੀ ਦੇ ਬਿੱਲਾਂ ਨੇ ਸਾਡੀ, ਜਿੰਦ ਕੁੜਿੱਕੀ ਪਾਈ।
ਏ.ਸੀ.ਹੋਰਾਂ ਬਿਜਲੀ ਦੀ, ਰੱਜ ਰੱਜ ਕੇ ਖਪਤ ਵਧਾਈ।
ਬਿਜਲੀ ਦਾ ਬਿੱਲ ਤਕੜਾ ਤੱਕ ਕੇ, ਸੁਕਿਆ ਸਭ ਦਾ ਸੰਘਾ।
ਫੋਕੇ ਰਸਮ ਰਿਵਾਜਾਂ..........।

ਬੈਂਕਾਂ ਤੋਂ ਲੈ ਕਰਜ਼ਾ ਕਈਆਂ, ਕਾਰ ਮਕਾਨ ਬਣਾਏ।
ਕਿਸ਼ਤਾਂ ਪੂਰੀਆਂ ਹੁੰਦੀਆਂ ਨਾਹੀਂ, ਵਖਤ ਘਰਾਂ ਵਿਚ ਪਾਏ।
ਕਿਸ਼ਤਾਂ, ਬਿੱਲਾ ਘਰ ਘਰ ਵਿੱਚ, ਖੜਕਾਇਆ ਏ ਅੱਜ ਡੰਡਾ।
ਫੋਕੇ ਰਸਮ ਰਿਵਾਜਾਂ..........।

ਫੋਕੇ ਰਸਮ ਰਿਵਾਜ ਤਿਆਗੋ, ਰੀਸਾਂ ਤੋਂ ਸਭ ਡਰਿਉ।
ਚਾਦਰ ਤੱਕ ਕੇ ਪੈਰ ਪਸਾਰੋ, ਆਪੋ ਵਿਚ ਨਾਂਹ ਲੜਿਉ।
ਕਰਨੀਆਂ ਰੀਸਾਂ ਲਾਡਪੁਰੀ, ਇਹ ਕੰਮ ਬਹੁਤ ਹੀ ਮੰਦਾ।
ਫੋਕੇ ਰਸਮ ਰਿਵਾਜ਼ਾਂ..........।



# ਤਰਲਾ

.ਲੱਖ ਤਰਲੇ ਕਰਦੀ ਵੇ, ਬਾਬਲਾ ਅਜੇ ਘਰੋਂ ਨ ਤੋਰੀਂ।
ਇਨ੍ਹਾਂ ਨਾਜ਼ਕ ਕਲੀਆਂ ਨੂੰ, ਨਾਂਹ ਐਵੇਂ ਪੈਰਾਂ ਵਿੱਚ ਮਰੋੜੀਂ।
..........................................................................................

ਇਹ ਖੇਡ ਖੇਡ ਗੁੱਡੀਆਂ, ਮੈਂ ਬਚਪਨ ਤੇਰੇ ਘਰ ਲੰਘਾਇਆ।
ਇਹ ਸਾਂਭ ਸਾਂਭ ਰਖਿਆ, ਮੈਂ ਤੇਰੇ ਪਿਆਰਾਂ ਦਾ ਸਰਮਾਇਆ।
ਇਹ ਪਿਆਰ ਦੀਆਂ ਤੰਦਾਂ, ਨਾਂਹ ਐਵੇਂ ਏਨੀ ਛੇਤੀ ਤੋੜੀ।
ਇਨ੍ਹਾਂ ਨਾਜ਼ਕ ਕਲੀਆਂ ਨੂੰ........।

ਕਈ ਸੱਧਰਾਂ ਸੁਪਨੇ ਨੇ, ਅਜੇ ਵੀ ਇਸ ਦਿਲ ਵਿੱਚ ਸਮੋਏ।
ਫੁੱਲ ਸੱਧਰਾਂ ਚਾਅਵਾਂ ਦੇ, ਅਜੇ ਮੈਂ ਬੁੱਕਲ ਵਿੱਚ ਲਕੋਏ।
ਅਜੇ ਚਾਅਵਾਂ ਦਾ ਮੋਤੀ, ਕਿਤੇ ਨ ਦੂਜੇ ਨਾਲ ਤੂੰ ਜੋੜੀਂ।
ਇਨ੍ਹਾਂ ਨਾਜ਼ਕ ਕਲੀਆਂ ਨੂੰ........।

ਮੇਰੀ ਸੂਝ ਇਆਣੀ ਏਂ, ਅਜੇ ਨਾਂਹ ਏਨੀ ਹੋਈ ਸਿਆਣੀ।
ਇਸ ਨਾਜ਼ੁਕ ਜਿੰਦੜੀ ਤੋਂ, ਅਜੇ ਤਾਂ ਝਿੜਕ ਸਹੀ ਨਹੀਂ ਜਾਣੀ।
ਕਿਤੇ ਨਾਜ਼ਕ ਸੱਧਰਾਂ ਨੂੰ, ਅਜੇ ਨਾਂਹ ਨ੍ਹੇਰੇ ਵਿੱਚ ਤੂੰ ਹੋੜੀਂ।
ਇਨ੍ਹਾਂ ਨਾਜ਼ਕ ਕਲੀਆਂ ਨੂੰ........।

ਤੂੰ ਤੋਰ ਦਈਂ ਘਰ ਤੋਂ ਜਦੋਂ ਸੱਧਰਾਂ ਨੇ ਰੂਪ ਵਟਾਉਣਾ।
ਤੇਰੇ ਪਿਆਰ ਕਲੋਲਾਂ ਨਾਲ, ਅਜੇ ਮੈਂ ਆਪਣਾ ਜੀਅ ਪਰਚਾਉਣਾ।
ਰੀਝਾਂ ਤੇ ਸੱਧਰਾਂ ਨੂੰ, ਕਿਤੇ ਨਾਂਹ ਬੰਧਸ਼ਾਂ ਦੇ ਵਿਚ ਰੋੜ੍ਹੀਂ।
ਇਨ੍ਹਾਂ ਨਾਜ਼ਕ ਕਲੀਆਂ ਨੂੰ........।

ਵੇ ਬਾਬਲ ਤੇਰੀ ਮੈਂ, ਨਾਂਹ ਅੱਜ ਤੱਕ ਦਾਗ਼ ਪੱਗ ਨੂੰ ਲਾਇਆ।
ਇਹ ਸਾਂਭ ਸਾਂਭ ਰਖਿਆ, ਮੈਂ ਤੇਰੀ ਇੱਜ਼ਤ ਦਾ ਸਰਮਾਇਆ।
ਇਹ ਇੱਜ਼ਤ ਜਾਣਾ ਲਾਡਪੁਰੀ, ਨਾਂਹ ਮਿਲਣੀ ਲੱਖ ਕਰੋੜੀਂ।
ਇਨ੍ਹਾਂ ਨਾਜ਼ਕ ਕਲੀਆਂ ਨੂੰ........।

# ਵੀਰ ਦੀ ਯਾਦ

.ਝੱਲੀ ਨਹੀਂ ਹੁਣ ਜਾਂਦੀ, ਮੈਥੋਂ ਤੇਰੀ ਵੀਰ ਜੁਦਾਈ,
ਵੀਰਾ ਮੁੜ ਆ ਵੇ, ਭੈਣ ਕਰੇ ਅਰਜੋਈ।

.................................................................................................

ਭੈਣ, ਵੀਰ ਦੇ ਰਿਸ਼ਤੇ ਨੂੰ, ਰੱਬ ਪਿਆਰਾਂ ਦਾ ਰੰਗ ਲਾਇਆ।
ਪ੍ਰੀਤਾਂ ਦੀ ਡੋਰੀ ਦੇ ਅੰਦਰ, ਯਾਦਾਂ ਦਾ ਸਰਮਾਇਆ।
ਇੱਕ ਇੱਕ ਤੰਦ ਵਿੱਚ ਮਹਿਕ ਵਤਨ ਦੀ, ਮਾਨੋ ਗਈ ਪਰੋਈ।
ਵੀਰਾ ਮੁੜ ਆ ਵੇ............।

ਦੋ ਟਕਿਆਂ ਦੀ ਖਾਤਰ ਵੀਰਾ, ਜਾ ਵੜਿਆਂ ਪਰਦੇਸੀਂ।
ਨਿੱਘ ਵਤਨ ਦਾ ਦੁੱਖ ਪਰਦੇਸੀ, ਡੂੰਘੇ ਦਿਲ ਨਾਲ ਮੇਚੀਂ।
ਕਲ੍ਹ ਰਾਤੀਂ ਮਾਂ ਯਾਦਾਂ ਦੇ ਵਿੱਚ, ਹੌਕੇ ਭਰ ਭਰ ਰੋਈ।
ਵੀਰਾ ਮੁੜ ਆ ਵੇ............।

ਡਾਲਰਾਂ ਖਾਤਰ ਗ਼ੈਰਾਂ ਦੀ ਦੱਸ, ਕਰਦਾਂ ਕਿਵੇਂ ਗ਼ੁਲਾਮੀ।
ਪਰਦੇਸੀਂ ਜਾ ਝਾੜੂ ਮਾਰੇਂ, ਘਰ ਵਿਚ ਪਈ ਵਿਰਾਨੀ।
ਵਤਨਾਂ ਦੀ ਮਿੱਟੀ ਵਿੱਚ ਅੜਿਆ, ਅਤਿ ਦੀ ਏ ਖੁਸ਼ਬੋਈ।
ਵੀਰਾ ਮੁੜ ਆ ਵੇ............।

ਜਿਹੜੀ ਮਾਂ ਨੂੰ ਛੱਡ ਕੇ ਵੀਰਾ, ਬੈਠਾਂ ਦੇਸ਼ ਬੇਗਾਨੇ।
ਚੰਦਰਿਆ ਵੇ ਉਸ ਮਾਂ ਦੇ ਤਾਂ, ਬੈਠੀ ਮੌਤ ਸਰ੍ਹਾਣੇ।
ਤੇਰੇ ਲਈ ਵੀ ਅੱਜ ਤਾਂ ਵੀਰਾ, ਉਹ ਪਰਦੇਸਣ ਹੋਈ।
ਵੀਰਾ ਮੁੜ ਆ ਵੇ............।

ਯਾਦ ਸਾਡੀ ਵੀ ਤੈਨੂੰ ਵੀਰਾ, ਰੋਜ਼ ਸਤਾਉਂਦੀ ਹਊ।
ਦਿੱਲ ਦੁਖਾਉਂਦੀ ਹਊ ਤੇਰਾ, ਤੇ ਦਿਲ ਤੜਪਾਉਂਦੀ ਹਊ।
ਯਾਦਾਂ ਦੀ ਹਊ ਗੰਢੜੀ ਬੈਠਾ, ਦਿੱਲ ਦੇ ਵਿਚ ਲਕੋਈ।
ਵੀਰਾ ਮੁੜ ਆ ਵੇ............।

ਦੇਸ਼ ਬਗ਼ਾਨੇ ਦੇ ਵਿੱਚ ਲੋਕੋ, ਭੁੱਲ ਕੇ ਕਦੇ ਨਾਂਹ ਜਾਈਏ।
ਲਾਡਪੁਰੀ ਨਾਂਹ ਦੇਸ਼ ਬੇਗਾਨੇ, ਜਿੰਦ ਕੁੜਿੱਕੀ ਲਾਈਏ।
ਸਾਂਭ ਸਾਂਭ ਕੇ ਰਖਣੀ ਨਾਂਹ ਪਊ, ਯਾਦਾਂ ਦੀ ਖੁਸ਼ਬੋਈ।
ਵੀਰਾ ਮੁੜ ਆ ਵੇ............।



# ਪੱਛਮੀ ਸਭਿਅਤਾ

.ਇਸ ਪੱਛਮੀ ਸਭਿਅਤਾ ਨੇ ਪਾਇਆ, ਸਾਡੇ ਤੇ ਪਰਛਾਵਾਂ।
ਸ਼ਰਮ ਹਯਾ ਪਰ ਲਾ ਕੇ ਉੱਡੇ, ਨਾਂਹ ਭੈਣਾਂ ਨਾਂਹ ਮਾਵਾਂ।
ਇਸ ਪੱਛਮੀ........................।

.................................................................................................

ਕਿੱਧਰ ਅੱਜ ਤੁਰ ਪਏ ਨੇ ਸਾਡੇ, ਨਵੇਂ ਦੇਸ਼ ਦੇ ਹਾਣੀ।
ਅੱਜ ਇੱਕ ਨਹੀਂ ਗਾਉਂਦਾ, ਗਾਉਂਦੀ ਮੁੰਡਿਆਂ ਕੁੜੀਆਂ ਦੀ ਢਾਣੀ।
ਨੰਗੇ ਹੋ ਕੇ ਨੱਚਦੇ ਇਹ ਵਿੱਚ ਪੈਲਸ ਅਤੇ ਸਰਾਵਾਂ।
ਇਸ ਪੱਛਮੀ........................।

ਅੱਜ ਦੇ ਸੁੱਘੜ ਸਿਆਣੇ ਵੀ ਨਾਂਹ, ਭੈੜੀ ਰੀਤ ਇਹ ਰੋਕਣ।
ਅਜ ਲੱਚਰ ਗੀਤਾਂ ਨੂੰ, ਸਾਡੇ ਵੱਡੇ ਵੀ ਨਾਂਹ ਟੋਕਣ।
ਵਿੱਚ ਬਰੂਹਾਂ ਦੇ ਅੱਜ ਬੈਠਾ, ਸਭਿਅਤਾ ਦਾ ਸਿਰਨਾਵਾਂ।
ਇਸ ਪੱਛਮੀ........................।

ਰਿਸ਼ੀਆਂ ਅਤੇ ਪੈਗੰਬਰਾਂ ਦਾ, ਅੱਜ ਹੋਇਆ ਦੇਸ਼ ਬੇਗਾਨਾ।
ਕੁੜਤੀ ਲੱਥੀ, ਬਾਹਵਾਂ ਲੱਥੀਆਂ, ਲੀਰੋ ਲੀਰ ਪਜਾਮਾਂ।
ਸਭਿਅਤਾ ਸਾਡੀ ਅੰਬਰੀਂ ਉੱਡੀ, ਵਗੀਆਂ ਗਰਮ ਹਵਾਵਾਂ।
ਇਸ ਪੱਛਮੀ........................।

ਲੱਚਰ ਗੀਤਾਂ ਨੇ ਅੱਜ ਕੀਤਾ, ਏਸ ਦੇਸ਼ ਦਾ ਕੰਘਾ।
ਕਲਚਰ ਸਾਡਾ ਸਦੀਉਂ ਚਲਿਆ, ਕਰ ਦਿੱਤਾ ਇਸ ਨੰਗਾ।
ਬਚਿਆ ਏਸ ਹਵਾ ਤੋਂ ਏ, ਕੋਈ ਵਿਰਲਾ ਟਾਵਾਂ ਟਾਵਾਂ।
ਇਸ ਪੱਛਮੀ........................।

ਸੂਟ, ਸਾੜ੍ਹੀਆਂ ਪਾਉਂਦੇ ਜਿਹੜੇ, ਲਗਦੇ ਸਭ ਤੋਂ ਚੰਗੇ।
ਸੂਟ ਨਾਂਹ ਪਾਉਂਦੇ ਜਿਹੜੇ ਲੱਗਦੇ, ਤਿੱਤਰ ਰੰਗ ਬਰੰਗ।
ਸਿਰ ਮੁੰਨੀਆਂ ਨੇ ਕੇਸ ਕਟਾਏ, ਪਈਆਂ ਕਿਹਦੀਆਂ ਹਾਵਾਂ।
ਇਸ ਪੱਛਮੀ........................।

ਓ ਮਾਨੋ ਓ ਮਾਨੋ, ਆਪਣੀ ਸਭਿਅਤਾ ਅਸਲ ਪਛਾਣੋ।
ਸਭਿਅਤਾ ਦੇ ਤੁਸੀਂ ਸਿਰ ਕੱਢ ਰਾਖੇ, ਮੂਲ ਏਸ ਦਾ ਜਾਣੋ।
ਭੁੱਲ ਜਾਣ ਨਾ ਲਾਡਪੁਰੀ ਉਹ, ਸਾਡੀਆਂ ਅਸਲੀ ਰਾਹਵਾਂ।
ਇਸ ਪੱਛਮੀ........................।

# ਭਾਰਤ ਦੇਸ਼

ਦੇਸ਼ ਅਸਾਡੇ ਭਾਰਤ ਆਪਣੀ, ਨਵੀਂ ਪਛਾਣ ਬਣਾਈ।
ਹਰ ਖੇਤਰ ਤੇ ਹਰ ਪੈਂਤੜ ਵਿੱਚ, ਧੁੰਮ ਏਸ ਨੇ ਪਾਈ।

.........................................................................................

ਦੇਸ਼ ਬੇਗ਼ਾਨੇ ਲੁੱਟ ਲੁੱਟ ਖਾ ਗਏ, ਇਹ ਕੰਗ਼ਾਲ ਬਣਾਇਆ।
ਕੱਚਾ ਮਾਲ ਸੀ ਲੈ ਗਏ ਇਹਦਾ, ਲੈ ਗਏ ਲੁੱਟ ਸਰਮਾਇਆ।
ਭਾਰਤ ਇਹ ਸੋਨੇ ਦੀ ਚਿੜੀਆ, ਹੋਇਆ ਤਦ ਕਰਜ਼ਾਈ।
ਹਰ ਖੇਤਰ ਤੇ ਹਰ ਪੈਂਤੜ................।

ਵਿਦਿਆ ਦੇ ਖੇਤਰ ਵਿੱਚ ਸੀ, ਇਸ ਦੀ ਸਾਰੇ ਸਰਦਾਰੀ।
ਮੱਲ ਏਸ ਨੇ ਸਭਿਅਤਾ ਦੇ, ਹਰ ਖੇਤਰ ਵਿਚ ਸੀ ਮਾਰੀ।
ਕਪੜੇ ਦੇ ਖੇਤਰ ਵਿੱਚ ਹੈ ਸੀ, ਸ਼ੁਹਰਤ ਦੂਣ ਸਵਾਈ।
ਹਰ ਖੇਤਰ ਤੇ ਹਰ ਪੈਂਤੜ................।

ਸਦੀਆਂ ਤੋਂ ਗ਼ੈਰਾਂ ਨੇ ,ਲੁੱਟ ਲੁੱਟ ਕਰ ਦਿੱਤਾ ਸੀ ਕੰਘਾ।
ਦੌਲਤ ਲੁੱਟ, ਕਿਰਦਾਰ ਏਸ ਦਾ, ਕਰ ਦਿੱਤਾ ਸੀ ਨੰਗਾ।
ਗ਼ੁਲਾਮੀ ਦੀਆਂ ਜੰਜ਼ੀਰਾਂ ਵਿੱਚ ਸੀ, ਬਣ ਗਈ ਚੀਕ ਪਰਾਈ।
ਹਰ ਖੇਤਰ ਤੇ ਹਰ ਪੈਂਤੜ................।

ਫਿਰ ਦੁਨੀਆਂ ਦੀਆਂ ਨਜ਼ਰਾਂ ਤੋਂ, ਬਚ ਇਸ ਨੇ ਧੁੰਮਾਂ ਪਾਈਆਂ।
ਹਰ ਖੇਤਰ ਤੇ ਹਰ ਪੈਂਤੜ ਵਿੱਚ, ਪਈਆਂ ਫੇਰ ਦੁਹਾਈਆਂ।
ਗ਼ੈਰ-ਨਜ਼ਰ ਨਾਂਹ ਲੱਗੇ ਕਿਧਰੇ, ਦੇਵਾਂ ਅੱਜ ਦੁਹਾਈ।
ਹਰ ਖੇਤਰ ਤੇ ਹਰ ਪੈਂਤੜ................।

ਖੇਤੀਂ ਅੱਜ ਫਿਰ ਸੋਨਾ ਉੱਗੇ, ਉਦਯੋਗਾਂ ਵਿੱਚ ਮੋਹਰੀ।
ਅੰਬਰੀਂ ਇਸ ਦੀਆਂ ਧੁੰਮਾਂ ਪਈਆਂ, ਨਵੀਂ ਰੀਤ ਇਸ ਤੋਰੀ।
ਅੱਜ ਮੁਹਰੀ ਦੇਸ਼ਾਂ ਦੇ ਅੰਦਰ, ਇਸ ਨੇ ਸ਼ਾਖ ਬਣਾਈ।
ਹਰ ਖੇਤਰ ਤੇ ਹਰ ਪੈਂਤੜ................।

ਇਸ ਦਾ ਭ੍ਰਿਸ਼ਟਾਚਾਰ ਗ਼ਰੀਬੀ, ਜੇਕਰ ਤੁਸੀਂ ਮੁਕਾਉਣੀ।
ਲਾਡਪੁਰੀ ਜੇ ਧੁੰਮ ਏਸ ਦੀ, ਦੁਨੀਆਂ ਤੇ ਹੈ ਪਾਉਣੀ।
ਮਿਹਨਤ ਅਤੇ ਮੁਸ਼ੱਕਤ ਦੀ ਫਿਰ, ਕਰ ਲੌ ਨੇਕ ਕਮਾਈ।
ਹਰ ਖੇਤਰ ਤੇ ਹਰ ਪੈਂਤੜ................।



# ਜਿੰਦ

ਇਹ ਜਿੰਦ ਸਰਮਾਇਆ ਏ, ਜਿੰਦ ਇਹ ਦੇਸ਼ ਦੀ ਖਾਤਰ ਵਾਰੋ।
ਚੜ੍ਹ ਟੇਟੇ ਗ਼ੈਰਾਂ ਦੇ, ਨਾਂਹ ਭੁੱਲ ਕੇ ਆਪਣਾ ਦੇਸ਼ ਉਜਾੜੋ।
ਇਹ ਜਿੰਦ..................।

.........................................................................................

ਇਸ ਦੇਸ਼ ਦੀ ਖਾਤਰ ਕਲ੍ਹ, ਅਸਾਂ ਜਿੰਦ ਵਾਰ ਗ਼ੁਲਾਮੀ ਲਾਹੀ।
ਵੱਖ ਹੋਣ ਦੀ ਗ਼ੈਰਾਂ ਨੇ, ਸਾਡੇ ਵਿੱਚ ਸੀ ਇੱਲਤ ਪਾਈ।
ਲਾਲਚ ਦੇ ਵਿਚ ਆ ਕੇ, ਕਿਧਰੇ ਆਪਣਾ ਘਰ ਨ ਸਾੜੋ।
ਚੜ੍ਹ ਟੇਟੇ ਗ਼ੈਰਾਂ ਦੇ................।

ਦਸ਼ਮੇਸ਼ ਪਿਤਾ ਇਸ ਲਈ, ਸੀ ਸਾਰਾ ਸਰਬੰਸ ਲੁਟਾਇਆ।
ਇਹ ਪੰਥ ਖਾਲਸਾ ਸੀ, ਉਸ ਰਖਵਾਲਾ ਫੇਰ ਬਣਾਇਆ।
ਨਿੱਕੀ ਜਿਹੀ ਗਲ ਖਾਤਰ, ਇਕ ਦੂਜੇ ਨੂੰ ਨਾਂਹ ਪਾੜੋ।
ਚੜ੍ਹ ਟੇਟੇ ਗ਼ੈਰਾਂ ਦੇ................।

ਸਾਡੀ ਕਮਜ਼ੋਰੀ ਤੋਂ, ਦੁਸ਼ਮਣ ਚਾਹਵੇ ਨਫ਼ਾ ਕਮਾਉਣਾ।
ਭੈੜੇ ਮਨਸੂਬਿਆਂ ਨਾਲ, ਸਾਨੂੰ ਆਪੋ ਵਿੱਚ ਲੜਾਉਣਾ।
ਇਹ ਚਿਣਗ ਜੁਦਾਈ ਦੀ, ਘਰ ਦੇ ਵਿਚ ਕਦੀ ਨਾਂਹ ਵਾੜੋ।
ਚੜ੍ਹ ਟੇਟੇ ਗ਼ੈਰਾਂ ਦੇ................।

ਗੁੱਡੀ ਇਸ ਦੀ ਫਿਰ ਤੋਂ, ਆਪਾਂ ਅੰਬਰਾਂ ਉੱਤੇ ਚੜ੍ਹਾਉਣੀ।
ਭਾਰਤ ਹੁਣ ਫਿਰ ਮੁੜਕੇ, ਹੈ ਸੋਨੇ ਦੀ ਚਿੜੀ ਕਹਾਉਣੀ।
ਅਣਖਾਂ ਜਾਨਣ ਸਾਰੇ, ਓ ਨਲੂਏ ਵਰਗੇ ਸਰਦਾਰੋ।
ਚੜ੍ਹ ਟੋਟੇ ਗ਼ੈਰਾਂ ਦੇ................।

ਕੋਈ ਲਾਲਚ ਦੇ ਤੈਨੂੰ, ਫਿਰ ਇਹ ਦੇਸ਼ ਤੁੜਾਉਣਾ ਚਾਹੁੰਦਾ।
ਪਾੜੇ ਦੀ ਅੱਗ ਹੈ ਲਾਡਪੁਰੀ, ਉਹ ਫਿਰ ਭੜਕਾਉਣਾ ਚਾਹੁੰਦਾ।
ਨੀਯਤ ਖੋਟੀ ਉਸਦੀ, ਤੇ ਇੰਝ ਫੁੱਲ ਕਦੀ ਨ ਚਾੜ੍ਹੋ।
ਚੜ੍ਹ ਟੇਟੇ ਗ਼ੈਰਾਂ ਦੇ................।

# ਲੱਖ ਪਰਦੇਸੀ

ਲੱਖ ਪਰਦੇਸੀ ਹੋਈਏ ਆਪਣਾ ਦੇਸ਼ ਭੁਲਾਇਉ ਨਾਂਹ।
ਮੋਹ ਵਤਨਾਂ ਦਾ ਪਰਦੇਸੀਂ ਜਾ, ਮੂਲ ਤੁੜਾਇਉ ਨਾਂਹ।

........................................................................................

ਵਤਨਾਂ ਦੀ ਇਸ ਮਿੱਟੀ ਦਾ, ਕੁਝ ਨਿੱਘ ਨਿਆਰਾ ਏ।
ਸਾਨੂੰ ਆਪਣਾ ਭਾਰਤ, ਆਪਣਾ ਦੇਸ਼ ਪਿਆਰਾ ਏ।
ਗ਼ੈਰਾਂ ਦੀ ਮਿੱਟੀ ਵਿੱਚ, ਜੋਬਨ ਕਿਤੇ ਲੰਘਾਇਉ ਨਾਂਹ।
ਲੱਖ ਪਰਦੇਸੀ.............।

ਭੁੱਲਿਉ ਇਸ ਦਾ ਨਿੱਘ ਨਾਂਹ, ਨਾਂਹ ਭੁੱਲਿਉ ਇਹ ਪਿਆਰ ਇਹਦਾ।
ਸਾਡੀ ਸਭਿਅਤਾ, ਮਿੱਠੀ ਬੋਲੀ, ਤੇ ਕਿਰਦਾਰ ਇਹਦਾ।
ਡਾਲਰਾਂ ਪਿੱਛੇ ਗ਼ੈਰਾਂ ਦੀਆਂ ਕਿਤੇ, ਝਿੜਕਾਂ ਖਾਇਓ ਨਾਂਹ।
ਲੱਖ ਪਰਦੇਸੀ.............।

ਅਣਖ ਤੇਰੀ ਦੇ ਅੱਜ ਵੀ ਤਾਂ, ਜੱਗ ਗਾਣੇ ਗਾਉਂਦਾ ਏ।
ਵਤਨ ਤੇਰਾ ਝੱਲਿਆ ਇਹ ਤੈਨੂੰ, ਯਾਦ ਕਰਾਂਉਂਦਾ ਏ।
ਵਤਨਾਂ ਦੇ ਨਿੱਘ ਨੂੰ ਝੱਲਿਉ, ਕਿਤੇ ਦੂਰ ਭਜਾਇਉ ਨਾਂਹ।
ਲੱਖ ਪਰਦੇਸੀ.............।

ਆਪਣਿਆਂ ਦਾ ਨਿੱਘ ਇਵੇਂ, ਤੂੰ ਅੱਜ ਵੀ ਪਾ ਸਕਦਾਂ।
ਆਪਣੀ ਨੇਕ ਕਮਾਈ, ਆਪਣੇ ਦੇਸ਼ ਚ, ਲਾ ਸਕਦਾਂ।
ਗ਼ੈਰਾਂ ਦੇ ਰੰਗਾਂ ਵਿੱਚ ਕਿਧਰੇ ਰੰਗ ਹੀ ਜਾਇਉ ਨਾਂਹ।
ਲੱਖ ਪਰਦੇਸੀ.............।

ਤੇਰੇ ਲਈ ਸਰਕਾਰ ਤੇਰੀ, ਕਾਨੂੰਨ ਬਣਾਇਆ ਏ।
ਲਾ ਲੈ ਘਰ ਵਿੱਚ ਪੂੰਜੀ ਤੂੰ, ਹੱਕਦਾਰ ਬਣਾਇਆ ਏ।
ਲਾਡਪੁਰੀ ਰਹਿ ਵਿੱਚ ਬਦੇਸ਼ਾਂ ਧੱਕੇ ਖਾਇਉ ਨਾਂਹ।
ਲੱਖ ਪਰਦੇਸੀ.............।



# ਯਾਦ

ਮਾਂ ਯਾਦ ਤੇਰੀ ਆਈ, ਨੀ ਰੋਵਾਂ ਬਾਤ ਅਧੂਰੀ ਨੂੰ।
ਤੇਰੀ ਲੋਰੀ ਮਿੱਠੀ ਨੂੰ, ਤੇ ਤੇਰੀ ਖੰਡ ਦੀ ਚੂਰੀ ਨੂੰ।

........................................................................................

ਯਾਦ ਤੇਰੀ ਅੱਜ ਮੈਨੂੰ ਡਾਢਾ ਤੜਪਾਇਆ ਏ।
ਅਜ ਯਾਦ ਤੇਰੀ, ਯਾਦ ਵਤਨ ਕਰਾਇਆ ਏ।
ਦਿਲਾਂ ਵਾਲੀ ਰੀਝ ਅਤੇ ਦਿੱਲ ਦੇ ਵਿਛੌਣੇ ਉੱਤੇ,
ਸੁੰਵ ਦੀ ਹਜ਼ੂਰੀ ਨੂੰ।
ਮਾਂ ਯਾਦ ਤੇਰੀ ਆਈ......।

ਗ਼ਮ ਇਹ ਵਿਛੋੜੇ ਵਾਲਾ, ਕਿਤੇ ਸੁੱਕ ਜਾਏ ਨਾਂਹ।
ਬਾਤ ਪੂਰੀ ਹੋਣੋ ਪਹਿਲਾਂ, ਇਹ ਮੁੱਕ ਜਾਏ ਨਾਂਹ।
ਤੜਪ ਇਹ ਦਿਲਾਂ ਵਾਲੀ, ਯਾਦ ਉਹ ਪਿਆਰਾਂ ਵਾਲੀ,
ਯਾਦ ਕਰੇ ਲੂੰ ਲੂੰ।
ਮਾਂ ਯਾਦ ਤੇਰੀ ਆਈ......।

ਡਾਲਰਾਂ ਦੀ ਖਾਤਰ ਮੈਂ, ਦੇਸ਼ ਇਹ ਬੇਗ਼ਾਨੇ ਆਇਆ।
ਪਿਆਰਾਂ ਵਾਲੇ ਤੇਰੇ ਅੰਮੀ, ਛੱਡ ਮੈਂ ਖਜ਼ਾਨੇ ਆਇਆ।
ਤੜਪ ਇਹ ਵਤਨਾਂ ਦੀ, ਯਾਦ ਬਣੀ ਅੰਮੀਏ ਨੀਂ,
ਯਾਦ ਨੇ ਤਾਂ ਕੱਢ ਦਿੱਤਾ ਧੂੰ।
ਮਾਂ ਯਾਦ ਤੇਰੀ ਆਈ......।

ਇੰਜ ਵਿੱਚ ਵਿਛੋੜੇ ਦੇ, ਅੱਜ ਦੱਸ ਮੈਨੂੰ ਕੌਣ ਵਰਾਊ।
ਕੌਣ ਅੱਥਰੂ ਪੂੰਝੇ ਤੇ, ਕਿਹੜਾ ਘੁੱਟ ਸੀਨੇ ਨਾਲ ਲਾਊ।
ਸੱਖਣੇ ਆਹ ਦਿਲ ਉੱਤੇ, ਸੱਖਣੀਆਂ ਰੀਝਾਂ ਉੱਤੇ,
ਅੱਜ ਆ ਵਿਛਾਵੇ ਕੌਣ ਰੂੰ।
ਮਾਂ ਯਾਦ ਤੇਰੀ ਆਈ......।

ਮਾਂ ਦੇਸ਼ ਬੇਗ਼ਾਨੇ ਦੀ, ਮੈਂ ਸੀ ਆਪਣੀ ਰੀਝ ਪੁਗਾਈ।
ਪਰ ਦਿਲ ਦੇ ਵਿਹੜੇ ਵਿੱਚ, ਮੈਂ ਅੱਜ ਜਾਣੋ ਸੁੰਞ ਵਰਤਾਈ।
ਰਾਤ ਭੈੜੀ ਮੁੱਕਦੀ ਨਾਂਹ, ਘੜੀ ਆਉਂਦੀ ਢੁੱਕਦੀ ਨਾਂਹ,
ਦਸ ਹੁਣ ਮੈਂ ਕੀ ਕਰੂੰ।
ਮਾਂ ਯਾਦ ਤੇਰੀ ਆਈ......।

ਮੈਂ ਕੰਨਾਂ ਨੂੰ ਹੱਥ ਲਾਂ, ਮੁੜ ਨਹੀਂ ਆਉਣਾ ਦੇਸ਼ ਬੇਗਾਨੇ।
ਹਊ ਨਾਰ ਤੜਪਦੀ ਲਾਡਪੁਰੀ, ਮੈਂ ਆਵਾਂ ਕਿਹੜੇ ਬਹਾਨੇ।
ਉਜੜਿਆ ਦਿਲਾਂ ਦਾ ਇਹ ਬਾਗ਼ ਮੈਂ ਵਸਾਵਾਂ ਕਿਵੇਂ,
ਚਿੜੀ ਵਾਂਗ ਕਰਾਂ ਚੂੰ ਚੂੰ।
ਮਾਂ ਯਾਦ ਤੇਰੀ ਆਈ......।

## ਸਚਾਈਆਂ

ਭਾਰਤ ਦੇਸ਼ ਨੇ ਨਵੀਂ ਪੁਲਾਂਘ ਪੁੱਟੀ,
ਝੰਡਾ ਚੰਨ ਦੀ ਹਿੱਕ ਤੇ ਗੱਡ ਦਿੱਤਾ।
ਨਵੀਂ ਖੋਜ ਤੇ ਨਵੀਂ ਪੁਲਾਂਘ ਦੇ ਲਈ,
ਲਾਡਪੁਰੀ ਨਵਾਂ ਯੰਤਰ ਛੱਡ ਦਿੱਤਾ।

..............................................................

ਸਾਡੀ ਐਸੋਸੀਏਸ਼ਨ ਦੀ ਧੁੰਮ ਪੈ ਗਈ,
ਨਵੇਂ ਉਦਮੀਆ ਲਈ ਦਾਅਵੇਦਾਰ ਬਣ ਜਾਊ।
ਗੁਰਬਤ, ਬੇਰੁਜ਼ਗਾਰੀ ਤੇ ਤੰਗੀਆਂ ਦੀ,
ਲਾਡਪੁਰੀ ਜਾਪੇ ਪਹਿਰੇਦਾਰ ਬਣ ਜਾਊ।



## ਨਸ਼ਾ

ਪੀਣੀ ਛੱਡ, ਨਸ਼ਾ ਨਾਂ ਮੂਲੋਂ, ਇਹ ਬੁਲ੍ਹਾਂ ਨੂੰ ਲਾਈਏ।
ਜਿੰਦ ਸਰਮਾਇਆ ਏ, ਨਾਂਹ ਨਸ਼ਿਆਂ ਨਾਲ ਗਵਾਈਏ।

....................................................................................

ਕਿੱਧਰ ਪੈ ਚੱਲਿਆਂ, ਤੂੰ ਮੇਰੇ ਦੇਸ਼ ਦੇ ਸ਼ੈਲ ਜਵਾਨਾਂ।
ਜ਼ਿੰਦਗੀ ਤੇਰੀ ਸੜ ਜਾਊ, ਨਾਲੇ ਘੂਰਨ ਘਰੋਂ ਰਕਾਨਾ।
ਝਗੜੇ ਦੀ ਜੜ੍ਹ ਸੱਜਣਾਂ, ਨਾਂਹ ਹੁਣ ਝਗੜਾ ਹੋਰ ਵਧਾਈਏ।
ਜਿੰਦ ਸਰਮਾਇਆ ਏ .....................................।
ਕਲ੍ਹ ਦੀ ਗਲ ਸੀ, ਜਦ ਤੂੰ ਕਾਬਲ ਅਤੇ ਕੰਧਾਰ ਹਿਲਾਏ।
ਬਣ ਸ਼ੇਰ ਤੂੰ ਆਪਣੇ ਸਿੱਕੇ, ਚੀਨ ਦੇ ਤੱਕ ਚਲਾਏ।
ਝੋਰਾ ਜਿੰਦਗੀ ਦਾ ਕਿਉਂ, ਆਪਾਂ ਜਿੰਦ ਆਪਣੀ ਨੂੰ ਲਾਈਏ।
ਜਿੰਦ ਸਰਮਾਇਆ ਏ .....................................।
ਕੀ ਪੈੱਗਾਂ ਵਿੱਚ ਰਖਿਆ, ਪੀ ਲੈ ਅੰਮ੍ਰਿਤ ਦਾ ਪੈੱਗ ਸੱਜਣਾ।
ਨੀਲਾ ਬਾਣਾ ਪਾ ਲੈ, ਵੇਖੀਂ ਸਭ ਨੂੰ ਚੰਗਾ ਲੱਗਣਾ।
ਗੁਰਤਾਗੱਦੀ ਦਾ ਇਹ ,ਘਰ ਘਰ ਵਿੱਚ ਪੈਗ਼ਾਮ ਪੁਚਾਈਏ।
ਜਿੰਦ ਸਰਮਾਇਆ ਏ .....................................।
ਨਸ਼ਿਆਂ ਦੇ ਵਿੱਚ ਪੈ ਕੇ, ਕਈਆਂ ਵਸਦੇ ਘਰ ਉਜਾੜੇ।
ਪੈੱਗ ਨਹੀਂ ਇਹ ਤਾਂ ਆਪਾਂ ਨੇ ਹਨ, ਸੱਪ ਘਰਾਂ ਵਿੱਚ ਵਾੜੇ।
ਲੱਗ ਚੰਗਿਆਂ ਦੇ ਸੰਗੀਂ, ਹੁਣ ਵੀ ਡੁਲ੍ਹੇ, ਬੇਰ ਬਚਾਈਏ।
ਜਿੰਦ ਸਰਮਾਇਆ ਏ .....................................।
ਇਸ ਸਾਡੇ ਭਾਰਤ ਨੇ, ਹੁਣ ਵੀ ਉੱਚ ਉਡਾਰੀ ਲਾਉਣੀ।
ਸੋਨੇ ਦੀ ਚਿੜੀਆ ਇਹ ਅੱਜ ਫਿਰ, ਦੁਨੀਆਂ ਵਿੱਚ ਕਹਾਉਣੀ।
ਲਾਡਪੁਰੀ ਛੱਡ ਇੱਲਤਾਂ , ਜਿੰਦੜੀ ਦੇਸ਼ ਦੇ ਲੇਖੇ ਲਾਈਏ।
ਜਿੰਦ ਸਰਮਾਇਆ ਏ .....................................।

# ਰੀਸ

ਜ਼ਿੰਦਗੀ ਦੀ ਦੌੜ ਵਿੱਚ ਵੱਡਾ ਬਣਨੇ ਦਾ,
ਮੈਂ ਤਾਂ ਉਕਾ ਹੀ ਮੁਕਾ ਲਿਆ ਏ ਚਾਅ।
ਕਿਸ਼ਤ ਇਹ ਮੁੱਕਦੀ ਨਾਂਹ, ਜਾਨ ਮੇਰੀ ਛੁੱਟਦੀ ਨਾਂਹ,
ਗਲ ਮੈਂ ਤਾਂ ਫਾਹਾ ਲਿਆ ਪਾ।
ਲੋਕਾਂ ਵਾਂਙੂੰ ਬੰਗਲੇ ਤੇ ਕੋਠੀਆਂ ਬਨਾਉਣ ਵਾਲੀ,
ਮੇਰੇ ਮੰਨ ਰੀਝ ਹੈ ਸੀ ਆ ਗਈ।
ਬੈਂਕਾਂ 'ਚੋ ਕਰਜ਼ਾ ਲੈ ਕੋਠੀਆਂ ਬਣਾ ਲਈਆਂ,
ਤੇ ਕਾਰ ਵਾਲੀ ਰੀਝ ਵੀ ਪੁਗਾ ਲਈ।
ਲੋਕੀਂ ਕਹਿਣ ਵੱਡਾ ਬੰਦਾ ਕੋਠੀਆਂ ਦਾ ਮਾਲਕ ਇਹ,
ਰੀਸ ਇਹਦੀ ਕਾਹਦੀ ਏ ਭਰਾ।
ਕਿਸ਼ਤ ਇਹ ਮੁੱਕਦੀ ਨਾਂਹ, ਜਾਨ ਮੇਰੀ ਛੁੱਟਦੀ ਨਾਂਹ,
ਗਲ ਮੈਂ ਤਾਂ ਫਾਹਾ ਲਿਆ ਪਾ।

ਬੈਕਾਂ ਨੇ ਸੂਦ ਉਤੇ ਸੂਦ ਪਾਇਆ ਰੱਜ ਰੱਜ,
ਵੇਖੀ ਜਦੋਂ ਉਨ੍ਹਾਂ ਦੀ ਡੀਟੇਲ ਮੈਂ।
ਸੂਦ ਪੂਰਾ ਹੁੰਦਾ ਨਹੀਂ, ਅਸਲ ਇਹ ਮੁਕਦਾ ਨਾਂਹ,
ਸਮਝਿਆ ਜਿੰਦਗੀ 'ਚ ਫੇਲ੍ਹ ਮੈਂ।
ਗਲ ਫਾਹਾ ਪਿਆ ਹੁਣ ਦੇਣਾ ਪੈਣਾ ਤੋਬਾ ਮੈਨੂੰ,
ਬੰਦ ਬਾਕੀ ਹੋ ਗਏ ਨੇ ਰਾਹ।
ਕਿਸ਼ਤ ਇਹ ਮੁੱਕਦੀ ਨਾਂਹ, ਜਾਨ ਮੇਰੀ ਛੁੱਟਦੀ ਨਾਂਹ,
ਗਲ ਮੈਂ ਤਾਂ ਫਾਹਾ ਲਿਆ ਪਾ।

ਲੋਕੋ ਵੱਡਾ ਬਣਿਉ ਨਾਂਹ, ਜਾਨ ਨਾਂਹ ਕੁੜਿੱਕੀ ਪਾਇਉ,
ਐਵੇਂ ਲੈ ਨਾਂਹ ਕੋਠੀਆਂ ਉਸਾਰਿਉ।



ਚਾਦਰ ਨੂੰ ਵੇਖ ਕੇ ਪਸਾਰਿਓ ਪਈ ਪੈਰ ਤੁਸੀਂ
ਕਰਜ਼ ਲੈ ਹੰਭਲਾ ਨਾਂਹ ਮਾਰਿਓ।
ਸਾਰਾ ਕੁਝ ਵਿਕ ਜਾਊ, ਪੈਰ ਜੇ ਤਿਲਕ ਜਾਊ,
ਫੇਰ ਉੱਚੀ ਮਾਰਿਉ ਨਾਂਹ ਧਾਅ।
ਕਿਸ਼ਤ ਇਹ ਮੁੱਕਦੀ ਨਾਂਹ ਜਾਨ ਮੇਰੀ ਛੁੱਟਦੀ ਨਾਹ,
ਗਲ ਮੈਂ ਤਾਂ ਫਾਹਾ ਲਿਆ ਪਾ।

ਸਾਡੇ ਤੋਂ ਲਉ ਸਿਖਿਆ ਤੇ ਥੋੜ੍ਹੀ ਖਾ ਕੇ ਜੀ ਲਵੋ,
ਰੀਸ ਕਰਨੇ ਦੀ ਮਨ ਧਾਰੀਏ ਨਾਂਹ।
ਰੁੱਖੀ ਸੁੱਕੀ ਖਾ ਕੇ ਠੰਢਾ ਪਾਣੀ ਪੀ ਕੇ ਜੀ ਲਈਏ,
ਦੂਜਿਆਂ ਨੂੰ ਵੇਖ ਮੱਥਾ ਮਾਰੀਏ ਨਾਂਹ।
ਲਾਡਪੁਰੀ ਰੀਸਾਂ ਸਾਰੇ ਜੱਗ ਨੂੰ ਏ ਸਾੜ ਦਿੱਤਾ,
ਕਰ ਦਿੱਤਾ ਬੰਦ ਇਸ ਸਾਹ।
ਕਿਸ਼ਤ ਇਹ ਮੁੱਕਦੀ ਨਾਂਹ, ਜਾਨ ਮੇਰੀ ਛੁੱਟਦੀ ਨਾਹ,
ਗਲ ਮੈਂ ਤਾਂ ਫਾਹਾ ਲਿਆ ਪਾ।

# ਸਚਾਈ

ਧੀਆਂ ਦੇਸ਼ ਤੇ ਕੌਮ ਦੀ ਸ਼ਾਨ ਸਮਝੋ,
ਧੀਆਂ, ਮਾਣ ਮਰਯਾਦਾ ਹਯਾ ਯਾਰੋ।
ਧੀਆਂ ਬਾਝ ਏ ਸੁੰਞਾ ਜਹਾਨ ਸਾਰਾ,
ਲਾਡਪੁਰੀ ਬਿਨ ਧੀਆਂ ਨਾਂਹ ਸਾਹ ਯਾਰੋ।

# ਧੀ ਰਾਣੀ

ਧੀਆਂ ਸਾਡੇ ਦੇਸ਼ ਦੀ ਨੇ ਸ਼ਾਨ ਜੱਗ ਵਾਲਿਉ।
ਧੀਆਂ ਸਾਡੇ ਦੇਸ਼ ਦੀ ਨੇ ਸ਼ਾਨ।
ਇਨ੍ਹਾਂ ਨਾਲ ਵਸਦਾ ਜਹਾਨ ਜੱਗ ਵਾਲਿਉ।
ਇਨ੍ਹਾਂ ਨਾਲ ਵਸਦਾ ਜਹਾਨ।

..........................................................................................

ਮਾਤਾ, ਪਤਨੀ ਤੇ ਧੀ ਇਕੋ ਹੀ ਇਹ ਰੂਪ ਏ।
ਪੁੱਤਰਾਂ ਤੋਂ ਵੱਧ ਇਹਦਾ ਜਾਪਦਾ ਸਰੂਪ ਏ।
ਨਾਰੀ ਨਾਲ ਵਸੇ ਸੰਸਾਰ ਸਾਰਾ ਜੱਗ ਉਤੇ,
ਰੁਤਬਾ ਤਾਂ ਇਹਦਾ ਏ ਮਹਾਨ।
ਧੀਆਂ ਸਾਡੇ ਦੇਸ਼ ਦੀ ਨੇ ਸ਼ਾਨ ਜੱਗ ਵਾਲਿਉ...............।

ਨਾਨਕ ਨੇ ਕਿਹਾ ਨਾਰੀ ਰਾਜਿਆਂ ਨੂੰ ਜੰਮਿਆਂ।
ਜਬਰ ਜ਼ੁਲਮ ਏਸ ਹਿੱਕ ਨਾਲ ਥੰਮਿਆਂ।
ਘਰ ਨੂੰ ਇਹ ਸਾਂਭੇ, ਸਾਰੇ ਦੇਸ਼ ਨੂੰ ਸਵਾਰੇ,
ਕੰਮ ਇਹਦੇ ਕਿੰਨੇ ਕਰਾਂ ਮੈਂ ਬਿਆਨ।
ਧੀਆਂ ਸਾਡੇ ਦੇਸ਼ ਦੀ ਨੇ ਸ਼ਾਨ ਜੱਗ ਵਾਲਿਉ...............।

ਇਕ ਪਾਸੇ ਨਾਰੀ ਭਰੀ ਪ੍ਰੇਮ ਦੀ ਪੁਜਾਰੀ ਏ।
ਦੂਜੇ ਪਾਸੇ ਚੰਡੀ ਦੀ ਇਹ ਅਸਲ ਸਵਾਰੀ ਏ।
ਦੇਸ਼ ਨੂੰ ਚਲਾਵੇ ਤੇ ਪੁਲਾੜ ਵਿੱਚ ਜਾਵੇ,
ਹਰ ਖੇਤਰ 'ਚ ਏਸ ਦਾ ਨਿਸ਼ਾਨ।
ਧੀਆਂ ਸਾਡੇ ਦੇਸ਼ ਦੀ ਨੇ ਸ਼ਾਨ ਜੱਗ ਵਾਲਿਉ...............।



ਲੋਕੋ ਸਾਰੇ ਸੁਣੋ ਏਸ ਸੱਚ ਨੂੰ ਪਛਾਣਿਉਂ।
ਦੂਸਰੇ ਦੀ ਧੀ ਤੁਸੀਂ ਆਪਣੀ ਹੀ ਜਾਣਿਉਂ।
ਜ਼ਹਿਰ ਦੇ ਕੇ ਮਾਰਿਉ ਨਾਂਹ, ਅੱਗ ਤੇ ਇਹ ਸਾੜਿਉ ਨਾਂਹ,
ਏਸ ਨੂੰ ਨਾਂਹ ਕਰੋ ਬਦਨਾਮ।
ਧੀਆਂ ਸਾਡੇ ਦੇਸ਼ ਦੀ ਨੇ ਸ਼ਾਨ ਜੱਗ ਵਾਲਿਉ...............।

ਹੋਸ਼ ਕਰੋ ਏਸ ਨੂੰ ਨਾਂਹ ਕੁੱਖ ਵਿਚ ਮਾਰਿਉ।
ਨਿੱਕੀ ਜਿਹੀ ਜਿੰਦੜੀ ਨੂੰ ਇੰਜ ਨਾਂਹ ਵਿਸਾਰਿਓ।
ਪੂਜਨੀਕ ਕੰਜਕ ਦਾ ਸਿਰ ਮੱਥਾ ਚੁੰਮ ਕੇ ਤੇ,
ਲਾਡਪੁਰੀ ਕਰੋ ਸਨਮਾਨ।
ਧੀਆਂ ਸਾਡੇ ਦੇਸ਼ ਦੀ ਨੇ ਸ਼ਾਨ ਜੱਗ ਵਾਲਿਉ...............।

# ਸਚਾਈ

ਚਾਹੁੰਦਾ ਏ ਦੁਨੀਆਂ ਚ, ਉੱਚਾ ਜੋ ਚੜ੍ਹਨਾ,
ਉਹਦੇ ਚੜ੍ਹਨ ਲਈ ਤਾਂ ਪੜਾਵੇ ਬੜੇ ਨੇ।
ਬਣਨਾ ਤੇ ਪੂਰਾ ਭਗਤ ਹੀ ਏ ਮੁਸ਼ਕਲ,
ਜੇ ਬਣ ਜਾਵੇ ਤਾਂ ਫਿਰ ਚੜ੍ਹਾਵੇ ਬੜੇ ਨੇ।
ਫੁੱਲ ਤਾਂ ਕੋਈ ਵਿਰਲਾ ਹੀ ਹੁੰਦਾ ਏ ਸੋਹਣਾ,
ਭਰਨੇ ਦੇ ਲਈ ਪਰ ਕਲਾਵੇ ਬੜੇ ਨੇ।
ਲਾਡਪੁਰੀ ਲਭਦਾ ਏ ਵਿਰਲਾ ਕਵੀ ਕੋਈ,
ਵੇਖਣ ਦੇ ਲਈ ਤਾਂ ਵਖਾਵੇ ਬੜੇ ਨੇ।

# ਚਮਚੇ

ਰੀਤ ਮੁੱਢ ਕਦੀਮ ਤੋਂ ਟੁਰੀ ਆਈ,
ਲੋਕ ਮਿਹਨਤੀ ਮਿਹਨਤਾਂ ਮਾਰਦੇ ਰਹੇ।
ਅਫ਼ਸਰ ਅਫਸਰੀ ਨੂੰ ਕਾਇਮ ਰਖਣੇ ਲਈ,
ਚਮਚਾਗੀਰੀ ਨੂੰ ਸਦਾ ਹੀ ਪਾਲਦੇ ਰਹੇ।
ਹੱਡ ਭੰਨ ਕੇ ਕਰੇ ਕਮਾਈ ਕਾਮਾ,
ਵਿਹਲੜ ਉਹਦੀ ਕਮਾਈ ਨੂੰ ਖਾਈ ਜਾਵੇ।
ਖਾਈ ਜਾਵੇ ਸਵਾਦ ਵੀ ਲਾਈ ਜਾਵੇ,
ਚਮਚੇ ਨਾਲ ਮਸਾਲਾ ਵੀ ਪਾਈ ਜਾਵੇ।
ਬੈਠ ਚਮਚਿਆਂ ਈਕਰ ਸਲਾਹ ਕੀਤੀ,
ਅਸਾਂ ਮਿਹਨਤੀ ਟੋਲੀ ਨਹੀਂ ਪਲਣ ਦੇਣੀ।
ਚੈਨ ਨਾਲ ਜੇਕਰ ਕਾਮੇ ਕੰਮ ਕਰਦੇ,
ਦਾਲ ਸਾਡੀ ਨਹੀਂ ਇਨ੍ਹਾਂ ਨੇ ਗ਼ਲਣ ਦੇਣੀ।
ਅਸਾਂ ਅਫ਼ਸਰਾਂ ਦੇ ਕੰਨੀ ਮਾਰ ਫੂਕਾਂ,
ਕਈਆਂ ਬੇੜੀਆਂ 'ਚ ਵੱਟੇ ਪਾ ਦਿੱਤੇ।
ਅਸਾਂ ਉਰਲੀਆਂ ਪਰਲੀਆਂ ਲਾ ਲਾ ਕੇ,
ਆਪੋ ਵਿੱਚ ਨੇ ਕਈ ਲੜਾ ਦਿੱਤੇ।
ਚੁਗ਼ਲੀ ਸਾਡੀ ਏ ਟੌਪ ਦੀ ਚਲੀ ਆਈ,
ਅਸੀਂ ਚੁਗ਼ਲੀਆਂ ਦਾ ਖੱਟਿਆ ਖਾਵੰਦੇ ਹਾਂ।
ਫੂਕ ਮਾਰੀਏ ਅਫ਼ਸਰ ਦੇ ਕੰਨ ਐਸੀ,
ਕੋਈ ਨਵਾਂ ਹੀ ਚੰਨ ਚੜ੍ਹਾਂਵੰਦੇ ਹਾਂ।
ਕਰੋ ਅੱਜ ਸਕੀਮ ਤਿਆਰ ਐਸੀ,
ਚਮਚੇ ਸਾਰੇ ਸਕੀਮਾਂ ਲੜਾਣ ਲਗੇ।
ਕਾਨੋਫੂਸੀ ਤੇ ਅੱਖਾਂ ਨਾ' ਗਲ ਕਰਕੇ,
ਜਾ ਕੇ ਸਾਹਿਬ ਨੂੰ ਇੰਜ ਸਖਾਣ ਲੱਗੇ।



ਕਹਿੰਦੇ ਰਾਜ ਤੁਹਾਡੇ ਦੇ ਵਿੱਚ ਕਿਵੇਂ,
ਕੋਈ ਮਾਰ ਖੰਘੂਰਾ ਏ ਲੰਘ ਸਕਦਾ।
ਕੀ ਕਿਸੇ ਦੀ ਪਈ ਮਜਾਲ ਏ ਕਿ,
ਚੀਜ਼ ਆਪਣੀ ਦਫ਼ਤਰੋਂ ਮੰਗ ਸਕਦਾ!
ਚਮਚੇ ਦੂਜੇ ਨੇ ਇੰਜ ਸਲਾਹ ਦਿੱਤੀ,
ਮੂੰਹ ਵੱਟ ਕੇ ਸਾਹਿਬ ਜੀ ਰੱਖ ਛੱਡੋ।
ਗੱਲ ਕਰਨ ਲਈ ਸਾਹਿਬ ਜੀ ਆਏ ਕੋਈ,
ਆਨੇ ਟੱਡ ਕੇ ਜ਼ਰਾ ਕੁ ਤੱਕ ਛੱਡੋ।
ਕਿਰਲੇ ਵਾਂਗ ਸਿੱਧੀ ਧੌਣ ਸਦਾ ਰੱਖੋ,
ਵਲ ਵਿੰਗ ਨਹੀਂ ਇਹਦੇ 'ਚ ਵੜਨ ਦੇਣਾ।
ਐਵੇਂ ਲਿਫ਼ਟ ਕੀ ਜਾਣ ਕੇ ਦੇ ਛਡਦੇ,
ਅਸਾਂ ਭੂਏ ਨਹੀਂ ਇਨ੍ਹਾਂ ਨੂੰ ਚੜ੍ਹਣ ਦੇਣਾ।
ਚਮਚਾ ਤੀਸਰਾ ਹੱਸ ਕੇ ਕਹਿਣ ਲੱਗਾ,
ਫ਼ਿਰਕਾ ਪ੍ਰਸਤੀ ਨੂੰ ਜੜ੍ਹੋਂ ਉਖਾੜ ਦੇਣਾ।
ਸੱਚ ਪੁੱਛੋਂ ਤਾਂ ਇੰਝ ਨਹੀਂ ਕਹਿ ਦਿੰਦਾ,
ਫ਼ਿਰਕਾ ਪ੍ਰਸਤੀ ਦਾ ਬੀਜ ਖਿਲਾਰ ਦੇਣਾ।
ਚਮਚਾ ਚੌਥਾ ਜੋ ਨੱਕ 'ਚ ਕਰੇ ਮਿਣ ਮਿਣ,
ਕਹਿੰਦਾ ਕਹੋਂ ਤਾਂ ਖਰੀਂ ਸੁਣਾ ਦਈਏਂ।
ਜੇਕਰ ਕਹੋਂ ਤਾਂ ਦਿਨ ਨੂੰ ਰਾਂਤ ਕਹੀਏ,
ਅਤੇ ਰਾਂਤ ਦਾ ਦਿਨ ਬਣਾ ਦਈਏਂ।
ਸਾਹਿਬ ਸੋਚਿਆ ਇੱਕ ਦੋ ਤਿੰਨ ਨਹੀਂ,
ਮੇਰੀ ਚਾਰ ਜਣੇ ਪਿੱਠ ਠੋਕਦੇ ਨੇ।
ਬਾਕੀ ਰਹਿੰਦਿਆਂ ਨੂੰ ਨੁੱਕਰੇ ਲਾ ਦਿਆਂ ਮੈਂ,
ਸਿੱਧੇ ਕਰ ਦਿਆਂ ਇਹ ਕੀ ਸੋਚਦੇ ਨੇ।

ਉਸੇ ਦਿਨ ਤੋਂ ਸਾਹਿਬ ਨੇ ਧੌਣ ਚੁੱਕੀ,
ਮੂੰਹ ਸੁੱਜਿਆ ਵਾਂਗ ਭਟੂਰ ਜਾਪੇ।
ਨੱਕ ਵੱਟ ਛੱਡੇ, ਅੱਖਾਂ ਚਾੜ੍ਹ ਰੱਖੇ,
ਤਪਿਆ ਅੱਗ ਦੇ ਵਾਂਗ ਤੰਦੂਰ ਜਾਪੇ।
ਤੰਗ ਕਰਨ ਲਈ ਆਪਣੇ ਕਾਮਿਆਂ ਨੂੰ,
ਨਵੀਆਂ ਕਈ ਸਕੀਮਾਂ ਲੜਾਨ ਲੱਗਾ।
ਚੰਗੀ ਭਲੀ ਗੱਡੀ ਰਿੜ੍ਹਦੀ ਜਾ ਰਹੀ ਸੀ,
ਜਾਣ ਬੁੱਝ ਕੇ ਰੋੜਾ ਅਟਕਾਣ ਲੱਗਾ।
ਕਿਸੇ ਤਾਂਈ ਤਾਂ ਸਮਝੇ ਉਹ ਘੋਰ ਦੁਸ਼ਮਣ,
ਕਿਸੇ ਤਾਂਈ ਕਈ ਤੁਹਮਤਾਂ ਲਾਣ ਲੱਗਾ।
ਕਿਸੇ ਤਾਂਈ ਡਰਾਵੇ ਭਵਾਕੀਆਂ ਨਾ,
ਆਪਣੇ ਨੇੜ ਬੇਗਾਨੇ ਬਨਾਉਣ ਲੱਗਾ।
ਇੰਝ ਹੱਸਦਾ ਤੇ ਵੱਸਦਾ ਉਹ ਬਾਗ਼ ਜਿਹੜਾ,
ਖੁਸ਼ਬੋ ਆਪਣੀ ਦੂਰ ਖਿੰਡਾ ਰਿਹਾ ਸੀ।
ਇਹਨਾਂ ਚਮਚਿਆਂ ਦੇ ਕਾਰਨਾਮਿਆਂ ਨਾਲ,
ਕਿਵੇਂ ਸੁੱਕਿਆ ਅਤੇ ਮੁਰਝਾ ਰਿਹਾ ਸੀ।
ਧੱਕਾ ਚਮਚਿਆਂ ਦੇ ਦਿੱਤੇ ਚਲੇ ਜਿਹੜਾ,
ਉਹ ਸਾਹਿਬ ਨਹੀਂ ਖਿੱਦੋ ਬਲੌਰ ਸਮਝੋ।
ਚਮਚਾਗੀਰੀ ਨੂੰ ਸਾਹਿਬ ਏ ਪਾਲਦਾ ਜੋ,
ਉਸ ਸੰਸਥਾ ਦਾ ਝੁੱਗਾ ਚੌੜ ਸਮਝੋ।
ਰੱਬ ਬਖ਼ਸ਼ ਦੇਵੇ ਇਹਨਾਂ ਚਮਚਿਆਂ ਤੋਂ,
ਇਹਨਾਂ ਕਈਆਂ ਦੇ ਘਰ ਉਜਾੜ ਛੱਡੇ।
ਲਾਡਪੁਰੀ ਲਾ ਤੀਲੀ ਇਸ ਚੁਗਲੀਆਂ ਦੀ,
ਝੁੱਗੇ ਕਈਆਂ ਮਜਲੂਮਾਂ ਦੇ ਸਾੜ ਛੱਡੇ।



# ਫੁੱਲ

ਫੁੱਲਾ ਸੋਹਣਿਆਂ ਰੰਗ ਵਿੱਚ ਰੰਗਿਆ ਉਏ,
ਮਾਣ ਕਰਦਾ ਏ ਪਿਆ ਸੰਸਾਰ ਤੇਰਾ।
ਰਗ਼ ਰਗ਼ ਦੇ ਵਿੱਚ ਤੂੰ ਰੱਸਿਆਂ ਏਂ,
ਭਰਿਆ ਨੈਣਾਂ ਦੇ ਵਿੱਚ ਵੀ ਪਿਆਰ ਤੇਰਾ।
ਵੇਖ ਵੇਖ ਕੇ ਲੋਕ ਪਏ ਖੁਸ਼ ਹੁੰਦੇ,
ਤੇਰੀ ਮਹਿਕ ਦੇ ਵਾਸਤੇ ਤਰਸਦੇ ਨੇ।
ਪੱਥਰ ਦਿਲਾਂ ਨੂੰ ਮੋਮ ਤੂੰ ਕਰੇਂ ਇਕ ਦਮ,
ਭੁੱਖੇ ਲੋਕ ਕੇਵਲ ਤੇਰੇ ਦਰਸ ਦੇ ਨੇ।
ਭਰਿਆ ਬਾਗ਼ ਸਾਰਾ ਤੇਰੀ ਮਹਿਕ ਅੰਦਰ,
ਰਗ਼ ਰਗ਼ ਦੇ ਵਿੱਚ ਤੂੰ ਰੱਸਿਆਂ ਏਂ।
ਮੱਥੇ ਤਿਊੜੀਆਂ ਜਿਸ ਦੇ ਸਦਾ ਰਹਿਸਣ,
ਉਸ ਦਿਲ ਦੇ ਵਿੱਚ ਵੀ ਵਸਿਆ ਏਂ।
ਤੇਰੀ ਰੱਬ ਦੇ ਨਾਲ ਕੋਈ ਸਾਂਝ ਗੂਹੜੀ,
ਕਿਵੇਂ ਰੂਪ ਘੜ ਘੜ ਤੈਨੂੰ ਲਾ ਦਿੱਤਾ।
ਫੁੱਲਾ ਮਾਣ ਵਿੱਚ ਰੱਤਿਆ ਪਿਆਂ ਤੂੰ ਤੇ,
ਰੱਬ ਸਿਰ ਤੇਰੇ ਕੇਸਰ ਪਾ ਦਿੱਤਾ।
ਕਦੀ ਪਏਂ ਮਾਲਾ ਬਣ ਕੇ ਗਲ ਅੰਦਰ,
ਕਦੀ ਮੰਦਰਾਂ ਵਿੱਚ ਤੂੰ ਚੜ੍ਹੇਂ ਜਾ ਕੇ।
ਕਦੀ ਆਸ਼ਕਾਂ ਦੀ ਬਣੇ ਸੇਜ ਸੋਹਣੀ,
ਕਦੀ ਸੋਹਣੀਆਂ ਦੇ ਵਾਲੀਂ ਵੜੇਂ ਜਾ ਕੇ।
ਪਰ ਅਫ਼ਸੋਸ ਕਿ ਜਦੋਂ ਕੋਈ ਤੋੜ ਸੁੱਟੇ,
ਹੱਥ ਤੈਨੂੰ ਨ ਕੋਈ ਵੀ ਲਾਉਣ ਆਉਂਦਾ।

ਪੈਰਾਂ ਹੇਠ ਹੀ ਦਰੜਿਆ ਜਾਏਂ ਉਦੋਂ,
ਕੋਈ ਨ ਡਿੱਗੇ ਨੂੰ ਤੈਨੂੰ ਉਠਾਉਣ ਆਉਂਦਾ।
ਜਦੋਂ ਸੈਰ ਕਰਨੇ ਜਾਵਾਂ ਬਾਗ ਅੰਦਰ,
ਮੇਰੇ ਦਿੱਲ ਦੇ ਵਿੱਚ ਆ ਵਸਦਾ ਤੂੰ।
ਲਾਡਪੁਰੀ ਦੀ ਆਸ ਤੂੰ ਕਰੇਂ ਪੂਰੀ,
ਅੱਗੇ ਹੋ ਹੋ ਕੇ ਖਿੜ ਖਿੜ ਹੱਸਦਾ ਤੂੰ।

## ਸਚਾਈ

ਭਲਾ, ਬੁਰਾ, ਜ਼ਮਾਨੇ ਦਾ ਝੂਠ ਸੱਚ,
ਡੰਡੀ ਕਲਮ ਦੀ ਉਤੇ ਚੜ੍ਹਾ ਸਕਦਾਂ।
ਮਾਰਾਂ ਕਲਮ ਦੀ ਲੀਕ ਜੇ ਕਾਗਜ਼ਾਂ ਤੇ,
ਹਲ ਚਲ ਜ਼ਿਮੀਂ ਅਸਮਾਨ ਨੂੰ ਪਾ ਸਕਦਾਂ।
ਉਡਾਂ ਅੰਬਰਾਂ ਤੇ ਜਦੋਂ ਖੰਭ ਲਾ ਕੇ,
ਤਾਰੇ ਤੋੜ ਆਕਾਸ਼ ਦੇ ਲਾਹ ਸਕਦਾਂ।
ਬੋਲਾਂ ਜਦੋਂ ਸਟੇਜ ਤੇ ਬਾਂਹ ਕਰਕੇ,
ਕੰਧਾਂ ਵਿੱਚ ਵੀ ਬੋਲ ਲਿਆ ਸਕਦਾਂ।
ਲਾਡਪੁਰੀ ਕੀ ਲੋੜ ਸਪੀਕਰਾਂ ਦੀ,
ਇਹ ਤੋਂ ਬਿਨਾਂ ਗੜਗੱਜ ਮੈਂ ਪਾ ਸਕਦਾਂ।



## ਸੱਚਾ ਪਿਆਰ

ਏਸ ਜੱਗ 'ਚ ਇਕ ਹੀ ਚੀਜ਼ ਵੇਖੀ,
ਸੱਚੇ ਪਿਆਰ ਦਾ ਨਾਮ ਨਿਸ਼ਾਨ ਹੈ ਨਹੀਂ।
ਇਹ ਜੱਗ ਹੈ ਭੌਰਿਆਂ ਨਾਲ ਭਰਿਆ,
ਪੱਤੇ ਪੱਤੇ ਤੇ ਭੌਰੇ ਦਾ ਰਾਜ ਏਥੇ।
ਰਸ ਫੁੱਲਾਂ ਮਾਸੂਮਾਂ ਦਾ ਚੂਸਣੇ ਲਈ,
ਤੱਕਾਂ ਲਾਈ ਬੈਠੇ ਦਗ਼ਾ ਬਾਜ਼ ਏਥੇ।
ਗੂੰਜਾਂ ਪਾਉਣ ਦੇ ਲਈ ਹੁਸ਼ਿਆਰ ਹੈ ਨੇ,
ਹੋਰ ਕੰਮ ਨ ਇਨ੍ਹਾਂ ਨੂੰ ਕਾਜ ਏਥੇ।
ਫੁੱਲ ਚੂਸ ਕੇ ਓਸ ਤੋਂ ਉਡ ਜਾਂਦੇ,
ਚੂਸੇ ਫੁੱਲ ਦਾ ਨਹੀਂ ਇਲਾਜ ਏਥੇ।
ਓਸ ਫੁੱਲ ਮਾਸੂਮ ਨੂੰ ਕੌਣ ਪੁੱਛੇ,
ਜਿਹਦਾ ਜੱਗ ਚ, ਰਿਹਾ ਹੁਣ ਮਾਣ ਹੈ ਨਹੀਂ।
ਏਸ ਜੱਗ 'ਚ.................।
ਜ਼ੋਰਾਵਰ ਨੇ ਜ਼ੋਰ ਤੋਂ ਕੰਮ ਲੀਤਾ,
ਮਸਤ ਨਸ਼ੇ ਦੇ ਵਿਚ ਮਖ਼ਮੂਰ ਹੋਇਆ।
ਫੁੱਲ ਲਾ ਲਿਆ ਆਪਣਾ ਜ਼ੋਰ ਪੂਰਾ,
ਐਪਰ ਭੌਰਾ ਨਾਂਹ ਓਸ ਤੋਂ ਦੂਰ ਹੋਇਆ।
ਫੁੱਲ ਪੱਤੀਆਂ ਨਾਲ ਲੁਕਾਏ ਆਪਾ,
ਰੰਗ ਪੱਤੀਆਂ ਦਾ ਐਪਰ ਲਾਲ ਦਿਸਦਾ।
ਭੌਰਾ ਮਾਰ ਕੇ ਖੰਭ ਉਡਾਏ ਪੱਤੀ,
ਉਹ ਵੀ ਜਾਣਦਾ ਵਿਚ ਕੋਈ ਮਾਲ ਦਿਸਦਾ।
ਪਹਿਰੇਦਾਰ ਕੰਡੇ ਰਹੇ ਖੜੇ ਓਵੇਂ,
ਜ਼ੋਰ ਪੱਤੀਆਂ ਦਾ ਬਿਲਕੁਲ ਚੂਰ ਹੋਇਆ।

ਪੱਤੀ ਚੁੱਕ ਕੇ ਭੌਰਾ ਜਾ ਵਿੱਚ ਬੈਠਾ,
ਨਸ਼ੇ ਆਪਣੇ ਵਿੱਚ ਮਗਰੂਰ ਹੋਇਆ।
ਹਠ ਫੇਰ ਵੀ ਫੁੱਲ ਨੇ ਛੱਡਿਆ ਨਹੀਂ,
ਐਪਰ ਹਠ ਕੀ ਕਰੇ ਜੇ ਜਾਨ ਹੈ ਨਹੀਂ।
ਏਸ ਜੱਗ 'ਚ...........।
ਫੁਲ ਤੜਫਦਾ ਰਹਿ ਗਿਆ ਵਾਂਗ ਮੱਛੀ,
ਭੌਰਾ ਲੈ ਗਿਆ ਚੂਸ ਕੇ ਮਾਲ ਡਾਢਾ।
ਓਏ ਦਰਦਵੰਦਾਂ ਦਾ ਦਰਦ ਕੀ ਜਾਣਦਾ ਉਹ,
ਦਰਦ ਜਾਣਦਾ ਦਰਦ-ਗਵਾਰ ਡਾਢਾ।
ਮੁੱਲ ਫੁੱਲ ਦਾ ਉਹੋ ਹੀ ਜਾਣਦਾ ਏ,
ਫੁੱਲ ਨਾਲ ਜੋ ਕਰੇ ਪਿਆਰ ਡਾਢਾ।
ਭੇਤ ਦਿੱਲ ਦਾ ਓਹੋ ਹੀ ਜਾਣਦਾ ਏ,
ਜਿਹੜਾ ਦਿੱਲ ਦਾ ਹੋਏ ਦਿਲਦਾਰ ਡਾਢਾ।
ਰਮਜ਼ ਲਾਡਪੁਰੀ ਜਾਣੇ ਪਿਆਰ ਦੀ ਨਾਂਹ,
ਭਲੇ ਬੁਰੇ ਦੀ ਜਿਸ ਨੂੰ ਸਾਣ ਹੈ ਨਹੀਂ।
ਏਸ ਜੱਗ ਚ, ਇਕ ਹੀ............।

## ਸਚਾਈ

ਧੀਆਂ ਬਾਲ ਵਿਆਹ ਕਰ ਤੋਰ ਦੇਣਾ,
ਧੀਆਂ ਕੁੱਖ ਵਿਚ ਮਾਰਨਾ ਠੀਕ ਨਾਹੀਂ।
ਭਾਰ ਸਮਝਣਾਂ ਧੀਆਂ ਨੂੰ ਆਪਣੇ ਤੇ,
ਲਾਡਪੁਰੀ ਚੰਗੀ ਜੱਗ ਦੀ ਰੀਤ ਨਾਹੀਂ।



# ਹੀਰ ਸਲੇਟੀ

ਵਾਟਾਂ ਲੰਮੀਆਂ ਛੱਡ ਕੇ ਟੁਰ ਗਈ,
ਅੱਜ ਉਹ ਮੇਰੀ ਹੀਰ ਸਲੇਟੀ।
ਭੁੱਲ ਗਈ ਮੇਰੀ ਹੀਰ ਸਲੇਟੀ,
ਵਸਲ ਸਮੇਂ ਅਲਵੇਲੇ ਉਹ।
ਤਾਰਿਆਂ ਭਰੀਆਂ ਰਾਤਾਂ ਦੇ ਵਿੱਚ,
ਹੁਸਨ ਇਸ਼ਕ ਦੇ ਮੇਲੇ ਉਹ।
ਪਲੰਘ ਹੁਲਾਰੇ ਮੌਜਾਂ ਵਾਲੇ,
ਉਹ ਘੜੀਆਂ ਤੇ ਵੇਲੇ ਉਹ।
ਇਸ਼ਕ ਦੀ ਮੌਜ ਬਹਾਰਾਂ ਵਾਲੀ,
ਲੁੱਟ ਕੇ ਲੈ ਗਈ ਸਾਰੀ ਖੇਤੀ।
ਵਾਟਾਂ ਲੰਮੀਆਂ ...........................।

ਪਰਛਾਵੇਂ ਦਾ ਮਿਲਣਾ ਔਖਾ,
ਅੱਖੀਆਂ ਨੂੰ ਮਟਕਾ ਨਹੀਂ ਹੁੰਦਾ।
ਭੁੱਲ ਕੇ ਹੁਸਨ ਇਸ਼ਕ ਦੇ ਮੇਲੇ,
ਦੂਜੇ ਪਾਸੇ ਜਾ ਨਹੀਂ ਹੁੰਦਾ।
ਕੀ ਹੋਇਆ ਜੇ ਚਾਨਣ ਖੋਹਿਆ,
ਮੱਸਿਆ ਨੂੰ ਲੋ ਹੁੰਦੀ ਵੇਖੀ।
ਵਾਟਾਂ ਲੰਮੀਆਂ ...........................।

ਆ ਕੇ ਫੇਰ ਬੁਲਾਵੇਗੀ ਉਹ,
ਐਪਰ ਮੈਂ ਨਹੀਂ ਫੇਰ ਬੁਲਾਉਣਾ।

ਹੱਥ ਜੋੜੇਗੀ ਮਿੰਨਤਾਂ ਪਾਊ,

ਐਪਰ ਮੈਂ ਨਹੀਂ ਮੂੰਹ ਭੁਆਉਣਾ।

ਉਸ ਫਿਰ ਰੰਗਲੇ ਡੋਰੇ ਪਾ ਕੇ,

ਰੰਗਲਾ ਸੁਪਨਾ ਯਾਦ ਕਰਾਉਣਾ।

ਉਹੀ ਫੇਰ ਬਹਾਰਾਂ ਆਸਣ,

ਉਹ ਘੜੀਆਂ ਉਹ ਵੇਲੇ ਛੇਤੀ

ਵਾਟਾਂ ਲੰਮੀਆਂ ..........................।

## ਸਚਾਈਆਂ

ਨਾਰੀ ਅਸਲ ਹੈ ਜੱਗ ਬਨਾਣ ਵਾਲੀ,

ਵਸੇ ਇਹਦੇ ਨਾਲ ਸਾਰਾ ਸੰਸਾਰ ਯਾਰੋ।

ਲਾਡਪੁਰੀ ਨਾਂਹ ਦੇਣ ਕੋਈ ਦੇ ਸਕਦਾ,

ਇਹਦੇ ਨਾਲ ਚਲੇ ਘਰ ਤੇ ਬਾਹਰ ਯਾਰੋ।

..........................................................................

ਇਸ ਧਰਤ ਦਾ ਸੀਨਾ ਵਿੰਨ੍ਹ ਸੁਟਿਆ,

ਆਖਾਂ ਕੀ ਨਵੇਂ ਜ਼ਮਾਨੇ ਨੂੰ।

ਜੇ ਸਾਂਭਿਆ ਜਾਂਦਾ ਸਾਂਭ ਲਵੋ,

ਸਭਿਅਤਾ ਦੇ ਭਰੇ ਖ਼ਜ਼ਾਨੇ ਨੂੰ।

ਲਾਡਪੁਰੀ ਨਾਂਹ ਕੰਨੀ ਪੈਣ ਦਈਏ,

ਆਹ ਲੱਚਰ ਭੈੜੇ ਗਾਣੇ ਨੂੰ।

ਕੀ ਆਖਾਂ ਖੋਰਾ ਲੱਗ ਚਲਿਆ,

ਵਾਰਿਸ ਦੇ ਓਸ ਜ਼ਮਾਨੇ ਨੂੰ।



# ਇਕ ਗਜ਼ਲ (ਰਮਜ਼)

ਖਿੜਨ ਜਦ ਫੁੱਲ ਬਹਾਰਾਂ 'ਚ,

ਗੁਲੋ ਗੁਲਜ਼ਾਰ ਹੋ ਜਾਂਦਾ।

ਮਹਿਕਣ ਫੁੱਲ ਤਾਂ ਕਲੀਆਂ ਦਾ ਵੀ,

ਏ ਪਿਆਰ ਹੋ ਜਾਂਦਾ।

ਭੌਰੇ ਗੂੰਜਦੇ ਉਥੇ ਬਹਾਰਾਂ ਦੇ ਨਜ਼ਾਰੇ ਲਈ,

ਕਿ ਇਕ ਦੂਜੇ ਤੇ ਆਪਣੇ ਆਪ ਹੀ ਇਤਬਾਰ ਹੋ ਜਾਂਦਾ।

ਪਿਆਰ ਦਾ ਬੋਲ ਬੱਸ ਇਕੋ,

ਦਿਲਾਂ ਨੂੰ ਠਾਰ ਦਿੰਦਾ ਏ।

ਕਿ ਰੋਸਾ ਆ ਗਿਆ ਜੇਕਰ,

ਦਿਲਾਂ ਨੂੰ ਮਾਰ ਦਿੰਦਾ ਏ।

ਰੀਝਾਂ ਸੁੱਤੀਆਂ ਕਮਲਾਉਣ ਨਾਂਹ,

ਕਿਧਰੇ ਬਹਾਰਾਂ 'ਚ,

ਬਹਾਰਾਂ ਦਾ ਨਜ਼ਾਰਾ ਤਾਂ ਇਹਨੂੰ ਪੁਚਕਾਰ ਦਿੰਦਾ ਏ।

ਪਏ ਇਕ ਜਾਗ ਦਾ ਛਿੱਟਾ,

ਤਾਂ ਦੁੱਧ ਉਹ ਰਿੜਕਣਾ ਪੈਂਦਾ।

ਕਿ ਸੁੱਤ ਨੂੰ ਸੂਤ ਕਰਨੇ ਲਈ,

ਉਹਨੂੰ ਵੀ ਝਿੜਕਣਾ ਪੈਂਦਾ।

ਸਮਝਦਾਰਾਂ ਨੂੰ ਇਕੋ ਹੀ,

ਇਸ਼ਾਰਾ ਤਾਰ ਦਿੰਦਾ ਏ,

ਕਿ ਮੂਰਖ ਦੀ ਸਮਝ ਵਿੱਚ,

ਕੁਝ ਤਾਂ ਸਾਨੂੰ ਛਿੜਕਣਾ ਪੈਂਦਾ।

ਬਣੋ ਹੁਸ਼ਿਆਰ ਜੇਕਰ,

ਦੇਸ਼ ਨੂੰ ਉੱਨਤ ਕਰਾਉਣਾ ਹੈ,
ਉਠੇ ਮੰਦੀ ਨਜ਼ਰ ਤਾਂ ਓਸ ਨੂੰ ਵੀ ਠਾਕਣਾ ਪੈਣਾ।
ਉਹਦਾ ਇਤਬਾਰ ਕੀ ਕਰੀਏ,
ਅਡੰਬਰ ਝੂਠ ਦਾ ਲਾਏ,
ਉਹਦੇ ਇਤਬਾਰ ਨੂੰ,
ਪੈਮਾਨਿਆਂ ਨਾ ਨਾਪਣਾ ਪੈਣਾ।
ਸ਼ਰਾਰਤ ਕਰਨ ਤੋਂ ਜੋ ਬਾਜ਼ ਆਏ ਨ ਕਦੀ ਵੀ ਤਾਂ,
ਸ਼ਰਾਰਤ ਬੰਦ ਕਰਨੇ ਲਈ ਤਾਂ ਇੱਕ ਦਿਨ ਥਾਪਣਾ ਪੈਣਾ।

## ਸਚਾਈਆਂ

ਵਿਦਿਆ ਹੀਣ ਨਰ ਪਸ਼ੂ ਸਮਾਨ ਹੁੰਦਾ,
ਇਹ ਹੈ ਸੱਜਣੋ ਗਿਆਨ ਦੀ ਤੀਸਰੀ ਅੱਖ।
ਇਹ ਹੈ ਗਿਆਨ ਚਾਨਣ ਵਾਲਾ ਉਹ ਦਾਰੂ,
ਬਣੇ ਆਦਮੀ ਕੱਖਾਂ ਤੋਂ ਜਿਸ ਤੋਂ ਲੱਖ।

..............................................................

ਭਾਰਤ ਵਰਸ਼ ਦੀ ਕਠਨ ਸਮੱਸਿਆ ਇਹ,
ਜਨ ਸੰਖਿਆ ਵਾਲਾ ਕਮਾਲ ਹੋਇਆ।
ਜ਼ੋਰ ਲਾਇਆ ਬਥੇਰਾ ਘਟਾਉਣ ਦੇ ਲਈ,
ਅੱਜ ਤਕ ਨਾਂਹ ਹੱਲ ਸਵਾਲ ਹੋਇਆ।

..............................................................

ਖੇੜਾ ਖਿੜੇ ਤੇ ਮਹਿਕਦਾ ਫਿਰੇ ਚੰਬਾ,
ਗੁਲਸ਼ਨ ਉਤੇ ਜਾਂ ਨਵੀਂ ਬਹਾਰ ਆਏ।
ਲਾਡਪੁਰੀ ਕਿਉਂ ਨਜ਼ਰਾਂ ਨਾਂਹ ਝੁਕਣ ਉਦੋਂ,
ਚਲ ਕੇ ਆਪ ਜਦ ਘਰੀਂ ਸਰਕਾਰ ਆਵੇ।



## ਦੋਸਤ

ਮੇਰਾ ਦੋਸਤ ਤਾਂ ਮੇਰੀ ਜ਼ਿੰਦਗੀ ਦਾ ਇਹ ਸਹਾਰਾ ਏ।
ਮੇਰਾ ਹਾਣੀ, ਮੇਰਾ ਜਾਨੀ, ਮੇਰੀ ਅੱਖਾਂ ਦਾ ਤਾਰਾ ਏ।
ਇਹਦੀ ਹਰ ਇਕ ਫਿਜ਼ਾ ਵਿੱਚ ਹੋ ਜਾਏ ਇਹ ਦਿੱਲ ਫ਼ਿਦਾ ਮੇਰਾ,
ਮੇਰੇ ਇਹ ਪਿਆਰ ਦਾ ਭਾਂਬੜ ਤੇ ਚਾਨਣ ਇਹ ਮੁਨਾਰਾ ਏ।
ਦਿਲਾਂ ਦਾ ਭੇਤ ਨ ਖੋਲ੍ਹੇ ਬੁਲ੍ਹਾਂ ਵਿੱਚ ਮੁਸਕਰਾਏ ਉਂਵ।
ਕਿ ਇੱਕ ਹੀ ਤੱਕਣੀ ਇਹਦੀ ਦਿਲਾਂ ਨੂੰ ਠਾਰ ਦਿੰਦੀ ਏ।
ਸਹਾਰਾ ਪਿਆਰ ਦਾ ਬਣਕੇ ਦਿਲਾਂ ਨੂੰ ਟੁੰਬਦੀ ਏਵੇਂ,
ਕਿ ਟੁੰਬਣ ਨਾਲ ਹੀ ਦਿੱਲ ਨੂੰ ਤਾਂ ਇਹ ਪੁਚਕਾਰ ਦਿੰਦੀ ਏ।
ਇਹ ਹੱਸੇ ਤਾਂ ਫਿਜ਼ਾ ਸਾਰੀ ਇਹਦੇ ਹਾਸੇ 'ਚ ਹਸਦੀ ਏ,
ਇਹ ਤੱਕੇ ਤਾਂ ਇਹਦੀ ਤੱਕਣੀ 'ਚ ਸਾਨੂੰ ਸਰੂਰ ਆ ਜਾਏ।
ਜੇ ਨੇੜੇ ਆ ਜਾਏ ਸਾਡੇ ਤਾਂ ਉੱਠਦੀ ਏ ਤਿਰੰਗ ਐਸੀ,
ਜਿਵੇਂ ਗੁਲਜ਼ਾਰ ਤੇ ਖੇੜੇ ਦਾ ਸਮਝੋ ਬੂਰ ਆ ਜਾਏ।
ਜਿਵੇਂ ਬਾਗਾਂ 'ਚ ਫੁੱਲ ਖਿੜਦੇ ਤੇ ਫੁੱਲਾਂ ਦਾ ਨਜ਼ਾਰਾ ਏ,
ਇਹਦੀ ਤੱਕਣੀ ਦੇ ਵਿੱਚ ਵੀ ਇਵੇਂ ਹੀ ਕੋਈ ਪਿਆਰ ਦਿਸਦਾ ਏ।
ਜਿਵੇਂ ਕਲੀਆਂ ਦੀ ਅੰਗੜਾਈ 'ਚ ਥੋੜ੍ਹੀ ਸੰਗ ਜਹੀ ਜਾਪੇ,
ਇਵੇਂ ਇਹ ਜਗਮਗਾਉਂਦਾ ਏਸ 'ਚ ਸੰਸਾਰ ਦਿਸਦਾ ਏ।
ਬਹਾਰੋ ਖਿੜਖਿੜਾ ਕੇ ਕਹਿ ਦਿਉ ਖੇੜੇ ਦੀ ਰਮਜ਼ਾਂ ਨੂੰ,
ਕਿ ਗੁੱਝੇ ਭੇਤ ਦਿਲ ਵਿੱਚ ਰੱਖਣੇ ਇਹ ਚਾਰ ਦਿੰਦੇ ਨੇ।
ਲਾਡਪੁਰੀ ਘੁੰਗਟ ਸੰਗ ਦੇ ਖੋਲ੍ਹੋ ਅਸਾਡੇ ਤੋਂ,
ਤੇਰੇ ਹਾਸੇ ਹੀ ਨਹੀਂ ਤਾਂ ਇਹ ਦਿਲਾਂ ਨੂੰ ਮਾਰ ਦਿੰਦੇ ਨੇ।

# ਲਾਰਾ

ਲੱਖਵਾਰ ਮਿਲਣ ਤੋਂ ਚੰਗਾ ਜੇ,
ਇਕ ਵਾਰ ਮਿਲਣ ਦੀ ਹਾਂ ਕਰ ਦਏਂ।
ਵਾਅਦੇ ਨੂੰ ਤੋੜ ਨਿਭਾਉਣਾ ਨਾਂਹ,
ਇਸ ਤੋਂ ਤਾਂ ਚੰਗਾ ਨਾਂਹ ਕਰ ਦਏਂ।
ਅਸਾਂ ਦੀਦ ਤੇਰੇ ਲਈ ਅੱਖੀਆਂ ਨੂੰ,
ਕਈ ਚਿਰ ਹੋਇਆ ਮਟਕਾਇਆ ਨਹੀਂ।
ਮੈਂ ਜਾਵਾਂ ਲੱਖ ਬਲਹਾਰ ਕੁੜੇ,
ਸਿਰ ਹੇਠ ਜੇ ਆ ਕੇ ਬਾਂਹ ਧਰ ਦਏਂ।
ਆਸਾਂ ਦੀਆਂ ਘੜੀਆਂ ਗਿਣ ਗਿਣ ਕੇ,
ਯਾਦਾਂ ਦਾ ਪਲੰਘ ਵਿਛਾਇਆ ਏ।
ਖਿੜ ਖਿੜ ਗੁਲਜ਼ਾਰਾਂ ਖਿੜ ਜਾਵਣ,
ਜੇ ਖੈਰ ਵਸਲ ਦਾ 'ਗਾਂਹ ਕਰ ਦਏਂ।
ਕੀ ਲੋੜ ਪਈ ਇਕਰਾਰਾਂ ਦੀ,
ਨਾ ਜੇ ਇਕਰਾਰ ਨਿਭਾਉਣਾ ਸੀ।
ਕੀ ਲੋੜ ਪਈ ਮੈਖ਼ਾਨੇ ਦੀ,
ਨਾ ਮੈਖ਼ਾਨੇ ਜੇ ਆਉਣਾ ਸੀ।
ਜੇ ਯਾਦਾਂ ਦੀ ਇਸ ਨਗਰੀ ਨੂੰ,
ਤੂੰ ਸੁੰਞਾ ਰਖਣਾ ਚਾਹੁੰਦੀ ਸੀ,
ਤਾਂ ਸੁੰਞੀ ਨਗਰੀ ਆਉਣੇ ਦਾ ਤੂੰ ਲਾਰਾ ਕਾਹਨੂੰ ਲਾਉਣਾ ਸੀ।
ਇਕਰਾਰ ਨਿਭਾਉਣਾ ਚਾਹੁੰਨੀ ਏ,
ਇਕਰਾਰਾਂ ਨੂੰ ਇੱਕ ਥਾਂ ਕਰਦੇ।
ਲੱਖ ਵਾਰ ਮਿਲਣ ਤੋਂ ਚੰਗਾ ਜੇ,
ਇੱਕ ਵਾਰ ਮਿਲਣ ਦੀ ਹਾਂ ਕਰ ਦਏਂ।



# ਢੋਲ ਨੂੰ

ਸੱਧਰਾਂ ਤੇ ਚਾਅਵਾਂ ਵਾਲਾ ਮੋਤੀ ਹਾਣੀਆਂ ਤੂੰ,
ਇਹਨੂੰ ਜਿੰਦੜੀ 'ਚ, ਆਪਣੇ ਲੁਕਾ ਲੈ।
ਹੁਸਨਾਂ ਦੀ ਭਰੀ ਹੋਈ ਪਟਾਰੀ ਹਾਣੀਆਂ ਵੇ,
ਕੋਲ ਆਪਣੇ ਤੂੰ ਸਦਾ ਲਈ ਬੁਲਾ ਲੈ।

.................................................................................................

ਚਾਵਾਂ ਦੀ ਪਟਾਰੀ ਸਾਥੋਂ ਸਾਂਭੀ ਨ ਇਹ ਜਾਵੇ,
ਸਾਥੋਂ ਝੱਲੀਆਂ ਨਹੀਂ ਜਾਂਦੀਆਂ ਜੁਦਾਈਆਂ।
ਚੰਦਰੀ ਜੁਆਨੀ ਤੇਰਾ ਸਾਥ ਲੱਭਦੀ ਏ,
ਕਿਤੇ ਭੁੱਲ ਨ ਜਾਣ ਅੰਗੜਾਈਆਂ।
ਰੀਝਾਂ ਦਾ ਖਜ਼ਾਨਾ ਸਾਡਾ ਦੇਵੇ ਇਹ ਦੁਹਾਈ,
ਜੇ ਇਹ ਬਚਦਾ ਤਾਂ ਆ ਕੇ ਬਚਾ ਲੈ।
ਸੱਧਰਾਂ ਤੇ ਚਾਵਾਂ...............।

ਸੁੰਞਾ ਮੇਰਾ ਦਿਲ ਅੱਜ ਲਾਉਂਦਾ ਏ ਉਡਾਰੀ,
ਰਾਤੀਂ ਸੁਪਨੇ ਚ, ਯਾਦ ਤੇਰੀ ਆ ਗਈ।
ਟੁੰਬ ਕੇ ਕਲੇਜਾ ਮੇਰਾ ਸੁੰਞ ਦੀ ਹਵੇਲੀ ਵਿੱਚ,
ਸੁੱਤੀਆਂ ਆਹ ਰੀਝਾਂ ਇਹ ਜਗਾ ਗਈ।
ਲੁਕ ਲੁਕ ਚੰਨ ਮਾਰੇ ਝਾਤੀਆਂ ਚੰਦਰਿਆਂ ਵੇ,
ਪਲਕਾਂ ਦੇ ਬੂਹੇ ਚ, ਬਠਾ ਲੈ।
ਸੱਧਰਾਂ ਤੇ ਚਾਵਾਂ...............।

ਪਿਆਰ ਦਾ ਖ਼ਜ਼ਾਨਾ ਤੇਰਾ ਸਾਂਭ ਸਾਂਭ ਰਖਿਆ ਮੈਂ,
ਸਾਂਭਿਆ ਨ ਇਹ ਤਾਂ ਅੱਜ ਜਾਵੇ।
ਯਾਦਾਂ ਦੇ ਸਹਾਰੇ ਕਿੰਨਾ ਚਿਰ ਜੀਵਾਂ ਸੱਜਣਾਂ ਵੇ,
ਯਾਦ ਤੇਰੀ ਅੱਜ ਤੜਪਾਵੇ।

ਫੋਕੀਆਂ ਤਸੱਲੀਆਂ ਤੋਂ ਦਿੱਲ ਅੱਕਿਆ ਵੇ,
ਇਸ ਪਿਆਰ ਦੇ ਖ਼ਜ਼ਾਨੇ ਨੂੰ ਚੁਰਾ ਲੈ।
ਸੱਧਰਾਂ ਤੇ ਚਾਵਾਂ...............।

ਚੰਦਰੀ ਜੁਆਨੀ ਸਾਨੂੰ ਮਿਹਣੇ ਮਾਰਦੀ ਏ,
ਕਿੱਥੇ ਲੁਕਿਆ ਏ ਅੱਜ ਤੇਰਾ ਹਾਣੀ।
ਜਾਗੀ ਅੰਗੜਾਈ ਅੱਜ ਦੇਂਦੀ ਏ ਦੁਹਾਈ,
ਫੇਰ ਜਾਗ ਪਈ ਪੀੜ ਉਹ ਪੁਰਾਣੀ।
ਦਿੱਲ ਦੀ ਉਮੰਗ ਵਿਚ ਉੱਠੀਆਂ ਤਿਰੰਗਾਂ,
ਇਨ੍ਹਾਂ ਉੱਠੀਆਂ ਤਿਰੰਗਾਂ ਨੂੰ ਵਰਾ ਲੈ।
ਸੱਧਰਾਂ ਤੇ ਚਾਵਾਂ...............।

ਰੱਖ ਕੇ ਤਸੱਲੀਆਂ ਮੈਂ ਬੈਠੀ ਰਹੀ ਅੱਜ ਤੱਕ,
ਚੰਦਰਿਆਂ ਫੇਰਾ ਵੀ ਤੂੰ ਪਾਇਆ ਨਾਂਹ।
ਰੀਝਾਂ ਮੇਰੀਆਂ ਨੇ ਅੱਜ ਚੂਰ ਚੂਰ ਹੋਈਆਂ,
ਬੜੀ ਦੇਰ ਹੋ ਗਈ ਆ ਕੇ ਤੂੰ ਵਰਾਇਆ ਨਾਂਹ।
ਨੀਂਦਰਾਂ ਦੇ ਵਿਹੜੇ ਵਿੱਚ ਹਾੜੇ ਕੱਢਦੀ ਵੇ,
ਭਾਗ ਰੀਝਾਂ ਵਾਲੇ ਆ ਕੇ ਜਗਾ ਲੈ।
ਸੱਧਰਾਂ ਤੇ ਚਾਵਾਂ...............।

ਅੱਜ ਤੱਕ ਤੇਰੀਆਂ ਮੈਂ ਲੱਖ ਮੰਨੀਆਂ,
ਮੇਰੀ ਇਕ ਵੀ ਮੰਨੇ ਤੇ ਜਾਣਾ।
ਜਾ ਕੇ ਲਾਡਪੁਰੀ ਤੋਂ ਲਿਖਾ ਲੈ ਚਿੱਠੀਆਂ ਵੇ।
ਕਿਤੇ ਭੁੱਲ ਨ ਜਾਵੀਂ ਸਿਰਨਾਵਾਂ।
ਸੱਧਰਾਂ ਅਵੱਲੀਆਂ ਨੇ ਜਾਗ ਉਠੀਆਂ,
ਆ ਕੇ ਲਾਰਾ ਲੱਪਾ ਇਨ੍ਹਾਂ ਨੂੰ ਤੂੰ ਲਾ ਲੈ।
ਸੱਧਰਾਂ ਤੇ ਚਾਵਾਂ...............।



# ਸ਼ਗੂਫਾ (ਗਜ਼ਲ)

ਫ਼ਿਜ਼ਾ ਜਦ ਫੜ ਫੜਾਉਂਦੀ ਏ ਸ਼ਗੂਫੇ ਪਿਆਰ ਦੇ ਫੁੱਟਣ,
ਫਿਜ਼ਾ ਦੇ ਏਸ ਖੇੜੇ ਚੋਂ ਆਹ ਫੁੱਟਦਾ ਪਿਆਰ ਇਹ ਆਪੇ।
ਜੱਨਤ ਦੇ ਨਜ਼ਾਰੇ ਦੀ ਸੁਗੰਧੀ ਆਉਣ ਲੱਗ ਪੈਂਦੀ,
ਆਹ ਫੜ, ਫੜ, ਫੜ ਫੜਾਉਂਦੀ ਸੱਧਰਾਂ ਦਾ ਪਿਆਰ ਇਹ ਜਾਪੇ।
ਇਹਦੇ ਪਿਆਰਾਂ ’ਚ ਤਾਂ, ਜਨੱਤ ਦੇ ਦਿਸਦੇ ਉਹ ਨਜ਼ਾਰੇ ਨੇ,
ਕਿ ਘੁੰਡ ਚੁੱਕਣ ਜਦੋਂ ਇਹ ਆਪ ਤਾਂ ਗੁਲਜ਼ਾਰ ਹੀ ਜਾਪੇ।
ਓ ਮੇਰੇ ਪਿਆਰ ਦੇ ਹਾਣੀ, ਮੇਰੇ ਦਿਲ ਵਾਲਿਆ ਜਾਨੀ,
ਤੇਰੇ ਇਸ ਪਿਆਰ ਦੀ ਨਿੱਘਾਂ ਦੀ ਖੁਸ਼ਬੋਈ ਬੁਲਾਉਂਦੀਏ।
ਚਿਰਾਂ ਦੀ ਤਾਂਘ ਪਿਆਰਾਂ ਦੀ, ਚਿਰਾਂ ਦੀ ਚੁੱਪ ਦੇ ਵਿੱਚੋਂ,
ਇਨ੍ਹਾ ਸ਼ਗੂਫਿਆਂ ਦਾ ਨਿੱਘ, ਇਹ ਆਪੇ ਚੁਰਾਉਂਦੀ ਏ।
ਬਹਾਰੋ ਜਾਗ ਉੱਠੋ ਅੱਜ ਨਿੱਘ ਇਹ ਲੈਣ ਦੀ ਖਾਤਰ,
ਇਹਦੇ ਨਿੱਘਾਂ ’ਚ ਏਵੇਂ ਦੀ ਹੀ ਤਾਂ ਬਹਾਰ ਆਉਂਦੀ ਏ।
ਸ਼ਰਮ ਦਾ ਘੁੰਡ ਚੁੱਕਿਆ ਦੇਰ ਦੀ ਇਸ ਚੁੱਪ ਦੇ ਵਿਚੋਂ,
ਕਿ ਭਾਂਬੜ ਪਿਆਰ ਦਾ ਆਪੇ ਹੀ ਇਹ ਏਂਵੇਂ ਮਚਾਉਂਦੀ ਏ।
ਤੇਰੇ ਪਿਆਰਾਂ ਦੇ ਨਿੱਘਾਂ ਦਾ, ਇਹ ਸਰਮਾਇਆ ਨਿਰਾਲਾ ਏ,
ਇਹਦੇ ਖੇੜੇ ’ਚ, ਮੇਰੀਆਂ ਜਾਗ ਉਠੀਆਂ ਇਹ ਅਦਾਵਾਂ ਨੇ।
ਤੇਰੇ ਇਸ ਪਿਆਰ ਦੇ ਨਿੱਘਾਂ ਤੇ ਆ ਗਈ ਪਿਆਰ ਦੀ ਰੌਣਕ,
ਕਿ ਰੌਣਕ ਏਸ ਦੀ ਦੇ ਨਾਲ ਖਿੜ ਉੱਠੀਆਂ ਫਿਜ਼ਾਵਾਂ ਨੇ।
ਤੇਰੇ ਤੋਂ ਸੱਦਕੇ ਵਾਰੀ, ਫ਼ਿਦਾਅ ਇਸ ਤੋਂ ਮੈਂ ਲੱਖ ਵਾਰੀ,
ਦੀਵਾਨਾਂ ਏਸ ਨੇ ਕੀਤਾ ਜਾਂ ਇਹਦੀਆਂ ਉਹ ਬਹਾਰਾਂ ਨੇ।
ਨਿੱਘ ਇਹ ਆਉਣ ਦੇ ਆਪੇ, ਇਹਨੂੰ ਮਚਲਾਉਣ ਦੇ ਆਪੇ,
ਇਹਦੇ ਨਿੱਘਾਂ ’ਚ, ਆਪੇ ਫੁੱਟ ਪਈਆਂ ਉਹ ਫੁਹਾਰਾਂ ਨੇ।
ਇਸ ਦੀ ਮਹਿਕ ਤੋਂ ਵਾਰੀ, ਮੈਂ ਇਸ ਦੇ ਪਿਆਰ ਤੋਂ ਸਦਕੇ,
ਕਿ ਨਿੱਘ ਇਹ ਮਾਣ ਲਾਂ ਕਿ ਨਾਂਹ, ਮੈਂ ਚੁੰਮਾਂ ਇਹ ਅਦਾਅ ਆਪੇ।
ਰੱਜ ਰੱਜ ਮਾਣ ਲੈ ਇਸ ਨਿੱਘ ਪਿਆਰਾਂ ਦੇ ਨਿਰਾਲੇ ਨੂੰ,
ਕਿ ਫੁੱਟਿਆ ਇਹ ਸ਼ਗੂਫਾ ਲਾਡਪੁਰੀ ਤੇ ਫ਼ਿਦਾਅ ਜਾਪੇ।

# ਪ੍ਰਦੇਸੋਂ ਰੋਕਣ ਲਈ ਮੁਟਿਆਰ

ਮੁਟਿਆਰ (1)

ਲੱਖ ਤਰਲੇ ਕਰਦੀ ਵੇ, ਬਾਹਰ ਨਹੀਂ ਜਾਣਾ, ਬਾਹਰ ਨਹੀਂ ਜਾਣਾ।

ਇਸ ਜਿੰਦ ਨਿਮਾਣੀ ਨੂੰ, ਆਪਾਂ ਵਖਤਾਂ ਵਿਚ ਨਹੀਂ ਪਾਣਾ।

..............................................................................................

ਗਭਰੂ

ਤੂੰ ਰੱਖ ਤਸੱਲੀ ਨੀਂ, ਨ ਕਰ ਐਵੇਂ ਝਗੜੇ ਝੇੜੇ।

ਪੱਕਾ ਹੋ ਕੇ ਓਥੇ, ਘਰ ਛੇਤੀ ਪਾਊਂਗਾ ਫੇਰੇ।

..............................................................................................

ਮੁਟਿਆਰ (1)

ਮੈਂ ਸੁਣਿਆਂ ਓਥੇ ਜਾ, ਕਈ ਤਾਂ ਨਵੇਂ ਵਿਆਹ ਨੇ ਕਰਦੇ।

ਨ ਪਿਛਲਿਆਂ ਨੂੰ ਪੁਛਦੇ, ਉਹ ਤਾਂ ਮੇਮਾਂ ਦਾ ਢਿੱਡ ਭਰਦੇ।

ਤੂੰ ਓਥੇ ਦਾ ਹੋ ਜਾਊਂ, ਭੁੱਲ ਜਾਣਾ ਏ ਯਾਰ ਪੁਰਾਣਾਂ।

ਇਸ ਜਿੰਦ ਨਿਮਾਣੀ ਨੂੰ.............।

ਗਭਰੂ (1)

ਏਥੇ ਸਰਵਿਸ ਦੇ ਲਈ, ਆਪਾਂ ਬੜੇ ਹੀ ਧੱਕੇ ਖਾਧੇ।

ਕਈ ਡਿਗਰੀਆਂ ਲੈ ਕੇ ਵੀ, ਪੱਲੇ ਪਿਆ ਨਾਂਹ ਕੁਝ ਵੀ ਸਾਡੇ।

ਬਹੁਤਾ ਪੜ੍ਹ ਪੜ੍ਹ ਕੇ ਵੀ, ਇਥੇ ਵਿਹਲੇ ਫਿਰਨ ਬਥੇਰੇ।

ਤੂੰ ਰੱਖ ਤਸੱਲੀ ਨੀ.............।

ਮੁਟਿਆਰ (2)

ਮੈਂ ਕੰਨਾਂ ਨੂੰ ਹੱਥ ਲਾਂ, ਤੈਨੂੰ ਦਿਆਂ ਕਦੇ ਨ ਤੰਗੀ।

ਘਰ ਦੀ ਰੁੱਖੀ ਸੁੱਖੀ, ਸਾਨੂੰ ਲਗਦੀ ਸਭ ਤੋਂ ਚੰਗੀ।

ਮੈਂ ਕਲ੍ਹ ਵਿਆਹੀ ਵੇ, ਅਜੇ ਤਾਂ ਸਾਰ ਕੋਈ ਨਾਂਹ ਜਾਣਾ।

ਇਸ ਜਿੰਦ ਨਿਮਾਣੀ ਨੂੰ................।



ਗਭਰੂ (2)

ਭਾਰਤ ਦੇ ਲੱਖਾਂ ਪੁੱਤ, ਜਾ ਜਾ ਬਾਹਰ ਸਰਵਸਾਂ ਕਰਦੇ।

ਡਾਲਰ ਕੱਠੇ ਕਰਕੇ, ਉਹ ਤਾਂ ਦੇਸ਼ ਦੀ ਝੋਲੀ ਭਰਦੇ।

ਪੱਲੇ ਨਹੀਂ ਪੈਣਾ ਕੁਝ, ਏਥੇ ਨ ਤੇਰੇ ਨ ਮੇਰੇ।

ਤੂੰ ਰੱਖ ਤਸੱਲੀ ਨੀ............।

ਮੁਟਿਆਰ (3)

ਮੈਂ ਜਿਗਰਾ ਕਰ ਲਊਂਗੀ, ਦੁਨੀਆਂ ਆਸ ਨਾਲ ਏ ਚਲਦੀ।

ਪਰ ਹੱਥ ਜੋੜਾਂ ਅੜਿਆ, ਵੇ ਤੂੰ ਫੇਰਾ ਪਾਈਂ ਜਲਦੀ।

ਤੇਰਾ ਬਾਹਰ ਦਾ ਮਨ ਬਣਿਆ, ਕਾਹਨੂੰ ਆਪਾਂ ਨੇ ਹੈ ਢਾਣਾ।

ਅਸਾਂ ਕੱਠੇ ਹੋ ਆਪਣਾ, ਭਾਰਤ ਦੇਸ਼ ਸਵਰਗ ਬਨਾਉਣਾ।

ਇਸ ਜਿੰਦ ਨਿਮਾਣੀ ਨੂੰ............।

ਗਭਰੂ (3)

ਜ਼ਰਾ ਸੋਚ ਕਿ ਜਦ ਜਾ ਕੇ, ਓਥੋਂ ਡਾਲਰ ਮੈਂ ਭਜਵਾਉਣੇ।

ਚਿੱਟੇ ਚਿੱਟੇ ਬਾਪੂ, ਡਾਲਰ ਤੇਰੇ ਹੱਥ ਫੜਾਉਣੇ।

ਹੱਥਾਂ ਨਾਲ ਕੰਮ ਕਰਨੋਂ, ਆਪਾਂ ਮੂੰਹ ਕਦੀ ਨ ਫੇਰੇ।

ਤੂੰ ਰੱਖ ਤਸੱਲੀ ਨੀ................।

ਦੋਵੇਂ (4)

ਲਾਡਪੁਰੀ ਦੀ ਮੰਨ ਲਈ, ਕਦੀ ਨਹੀਂ ਗੈਰ ਦੇਸ਼ ਨੂੰ ਜਾਣਾ।

ਕਿਤੇ ਰਾਮੂਵਾਲੀਏ ਨੂੰ, ਪੈ ਜੂ ਆਪਣਾ ਦੁੱਖ ਸੁਨਾਉਣਾ।

ਅਸਾਂ ਏਥੇ ਰਹਿ ਕੇ ਹੀ, ਭਾਰਤ ਦੇਸ਼ ਸਵਰਗ ਬਨਾਉਣਾ।

ਤੂੰ ਰੱਖ ਤਸੱਲੀ ਨੀ, ਕਦੇ ਨਹੀਂ ਗ਼ੈਰ ਦੇਸ ਨੂੰ ਜਾਣਾ (ਗੱਭਰੂ)

ਇਸ ਜਿੰਦ ਨਿਮਾਣੀ ਨੂੰ, ਅਸਾਂ ਨਹੀਂ ਵਖਤਾਂ ਦੇ ਵਿਚ ਪਾਣਾ (ਮੁਟਿਆਰ)

# ਰਿਸ਼ਤਾ

ਧੀਆਂ ਵਾਲਿਓ ਪਈ ਕਿਤੇ ਬਾਹਰ ਵਾਲਿਆਂ ਨਾ',
ਭੁੱਲ ਧੀਆਂ ਦਾ ਨਾਂਹ ਕਰਿਓ ਵਿਆਹ।
ਜਿੰਦਾਂ ਆਹ ਨਿਮਾਣੀਆਂ ਨੂੰ ਗ਼ੈਰਾਂ ਦਿਆਂ ਪੰਜਿਆਂ 'ਚ,
ਐਵੇਂ ਕਿਤੇ ਦਇਓ ਨਾਂਹ ਫਸਾ।

.....................................................................................

ਬਾਹਰ ਵਾਲਿਆਂ ਨੇ ਤਾਂ, ਵਪਾਰ ਇਹ ਬਣਾ ਲਿਆ।
ਦੱਸ ਕੇ ਕੈਨੇਡਾ ਵਾਲੇ, ਕਈਆਂ ਨੂੰ ਫਸਾ ਲਿਆ।
ਲੱਕੜਾਂ ਚਰਾਉਂਦੇ ਹੋਣ, ਬੁੱਢ ਤੇ ਬਢੇਕ ਹੋਣ,
ਲੈਣ ਵੇਸ ਗਭਰੂ ਬਣਾ।
ਧੀਆਂ ਵਾਲਿਓ ਪਈ.........................।

ਧੀਆਂ ਸਾਡੇ ਘਰ ਦੀ ਤਾਂ ਸ਼ਾਨ ਇਹ ਕਹਾਉਂਦੀਆਂ।
ਘਰ ਨੂੰ ਸੁਆਰਦੀਆਂ, ਘਰ ਨੂੰ ਬਣਾਉਂਦੀਆਂ।
ਲਾਡੋ ਏਸ ਲਾਡਲੀ ਨੂੰ ਅੱਖੋਂ ਦੂਰ ਭੇਜਕੇ ਤੇ,
ਕਰੋ ਨਾਂਹ ਭਵਿੱਖ ਇਹ ਸੁਆਹ।
ਧੀਆਂ ਵਾਲਿਓ ਪਈ..........................।

ਅੱਖ ਤੋਂ ਪਰੋਖੇ ਕਰ, ਇਹਨੂੰ ਭੁਲ ਤੋਰਿਓ ਨਾਂਹ।
ਗ਼ੈਰਾਂ ਦੀ ਗ਼ੁਲਾਮੀ ਵਾਲੇ, ਰੋੜ੍ਹ ਵਿਚ ਰੋੜ੍ਹਿਓ ਨਾਂਹ।
ਪਾਰਖੂ ਪਰਖ ਨਾਲ ਲੋਕਲ ਸਮਾਜ ਵਿੱਚ,
ਏਸ ਨੂੰ ਦਇਉ ਪਰਨਾਅ।
ਧੀਆਂ ਵਾਲਿਓ ਪਈ..........................।



ਸੌ ਦੀਆਂ ਅੱਜ ਅਸੀਂ ਇਕ ਹੀ ਸੁਣਾ ਦਈਏ।
ਰਾਮੂਵਾਲੀਏ ਤੋਂ ਪੁੱਛ ਰਿਸ਼ਤਾ ਕਰਾ ਲਈਏ।
ਰੀਝਾਂ ਨਾਂਹ ਗਵਾਈਏ, ਇਹਦਾ ਦਿਲ ਨ ਸਤਾਈਏ,
ਲਾਡਪੁਰੀ ਮਾਰਿਓ ਨਾਂਹ ਕਿਤੇ ਧਾਅ।
ਧੀਆਂ ਵਾਲਿਓ ਪਈ ਕਿਤੇ.........।

# ਸਚਾਈ

ਭਾਰਤ ਵਰਸ਼ ਦੀ ਰੀਤ ਇਹ ਟੁਰੀ ਆਈ,
ਡਿਗਦਾ ਕਦੇ ਨਿਹੱਥਾ ਨਾਂਹ ਮਾਰਿਆ ਏ।
ਬਾਂਹ ਫੜੀ, ਘਰ ਆਏ ਦੀ ਲਾਜ ਰੱਖੀ,
ਦੁਸ਼ਮਣ ਤਾਈਂ ਵੀ ਨਹੀਂ ਦੁਰਕਾਰਿਆ ਏ।
ਲਾਡਪੁਰੀ ਹਵਾ , ਕਿਵੇਂ ਉਲਟ ਵਗੀ,
ਸਾਡੀ ਗ਼ੈਰਤ ਨੂੰ ਕਿਸੇ ਵੰਗਾਰਿਆ ਏ।
ਭਾਰਤਵਰਸ਼ ਦੇ ਲਾਲਾਂ ਦੋ ਬਾਂਕਿਆਂ ਨੂੰ,
ਸੂਬੇ ਨੀਹਾਂ ਦੇ ਵਿਚ ਖਲ੍ਹਿਆਰਿਆ ਏ।

..................................................................

ਕਾਇਰ ਹੁੰਦੇ ਜੋ ਮੌਤ ਨੂੰ ਵੇਖ ਭੱਜਣ,
ਨਸਦੇ ਨਹੀਂ, ਰਣ ਤੋਂ ਯੋਧੇ ਲੜਨ ਵਾਲੇ।
ਖ਼ਾਤਰ ਅਣਖ ਦੀ ਤਦ ਕੁਰਬਾਨ ਹੁੰਦੇ,
ਹੱਸ ਹੱਸ ਕੇ ਸੂਲੀ ਜੋ ਚੜ੍ਹਨ ਵਾਲੇ।

# ਨੂੰਹ ਤੇ ਸੱਸ

ਸੱਸ

ਕਲ੍ਹ ਵਿਆਹ ਕੇ ਚਾਵਾਂ ਨਾਂ', ਨੀ ਨੂੰਹੇਂ ਅਜੇ ਲਿਆਏ।
ਰੱਬ ਕਰੇ ਸੱਪ ਲੜ ਜਾਏ, ਐਸੇ ਘਰ ਚ, ਫਤੂਰ ਆ ਕੇ ਪਾਏ।

.......................................................................................

ਨੂੰਹ

ਸੱਪ ਲੜੇ ਨੀਂ ਧੀ ਤੇਰੀ ਨੂੰ, ਹੋ ਜਾਵੇ ਉਹ ਰੰਡੀ।
ਨੀ ਸੱਸੇ ਤੇਰੀ ਲੱਤ ਟੁੱਟ ਜਾਏ, ਮੇਰੀ ਪਿੰਡ ਵਿੱਚ ਕਰਦੀ ਤੂੰ ਭੰਡੀ।

.......................................................................................

ਸੱਸ

ਮਾਂ ਤੇਰੀ ਹੋ ਜਾਵੇ ਰੰਡੀ, ਜਿਸ ਨੇ ਜੰਮ ਗੁਆਈ।
ਛਿੱਟ ਵਿਆਹ ਕੇ ਐਸੀ ਆਂਦੀ, ਕਰਦੀ ਨਿੱਤ ਲੜਾਈ।
ਘਰ ਸਾਡੇ ਵਿੱਚ ਆ ਕੇ ਨੀਂ ਤੂੰ, ਨਵੇਂ ਪੁਆੜੇ ਪਾਏ।
ਨੀ ਰੱਬ ਕਰੇ..................।

ਨੂੰਹ

ਸੜ ਜਾਣ ਤੇਰੇ ਧੌਲੇ ਝਾਟੇ, ਪਿਛਲਿਆਂ ਤਾਈਂ ਪਤਾਰੇਂ।
ਚੂੰਡਾ ਤੇਰਾ ਪੁੱਟ ਦਿਆਂਗੀ, ਮੈਨੂੰ ਗੁੱਸਾ ਚਾੜ੍ਹੇਂ।
ਤੈਨੂੰ ਸੱਸ ਲੜਿੱਕੀ ਸੁਣਦੀ, ਜਦੋਂ ਅਜੇ ਸਾਂ ਮੰਗੀ।
ਨੀ ਸੱਸੇ ਤੇਰੀ.........।

ਸੱਸ

ਲੋਕਾਂ ਦਾ ਘਰ ਦਾਜ ਨਾ' ਭਰਿਆ ਤੂੰ ਕੀ ਦੱਸ ਲਿਆਈ।
ਲੱਖ ਚੰਗੇਰੇ ਸਾਕ ਸੀ ਆਉਂਦੇ, ਐਵੇਂ ਛਿੱਟ ਵਿਆਹੀ।
ਆਉਂਦੀ ਨੇ ਸਿਰ ਮੁੰਨੀਏਂ ਤੂੰ ਤੇ, ਚਾਨਣ ਨਵੇਂ ਚੜ੍ਹਾਏ।
ਨੀ ਰੱਬ ਕਰੇ..................।

ਨੂੰਹ

ਤੇਰੇ ਵਰਗੀਆਂ ਸੱਸਾਂ ਘਰ ਘਰ, ਪਾਇਆ ਪਿੱਟ ਪਟਾਕਾ।
ਦਾਜ ਅਜੇ ਵੀ ਚਾਹਵੇਂ, ਜਾ ਕੇ ਮਾਰ ਕਿਸੇ ਘਰ ਡਾਕਾ।
ਜਦ ਦੀ ਲਾਡਪੁਰੀ ਮੈਂ ਆਈ, ਸੂਲਾਂ ਤੇ ਤੂੰ ਟੰਗੀ।
ਨੀ ਸੱਸੇ ਤੇਰੀ.........।



# ਪੀੜ੍ਹੀ

ਸੋਚ ਸਮਝ ਕੇ ਸੱਚ ਨਿਤਾਰਦਾ ਜੋ, ਉਹਨੂੰ ਦੇਵਤਾ ਜਾਂ ਭਗਵਾਨ ਕਹੀਏ।
ਜਿਹੜਾ ਜਜ਼ਬੇ ਚ, ਆ ਕੇ ਭੜਕ ਪੈਂਦਾ ਉਹਨੂੰ ਭੂਤਨਾ ਕਹੀਏ ਹੈਵਾਨ ਕਹੀਏ।

.......................................................................................

ਪੀਹੜੀ ਚੁੱਕ ਕੇ ਮੱਥੇ ਦੇ ਵਿੱਚ ਮਾਰੇਂ, ਨੀ ਭਾਬੀ ਤੇਰਾ ਗੁੱਟ ਟੁੱਟ ਜਾਏ।

.......................................................................................

ਆਉਂਦੇ ਵੀਰੇ ਤਾਈਂ ਤੂੰ ਤਾਂ ਖੂਬ ਏਂ ਸਖਾਲਦੀ।
ਬਲਦੀ ਤੇ ਤੇਲ ਪਾ ਮੁਆਤਾ ਖੂਬ ਬਾਲਦੀ।
ਉਹਨੂੰ ਰਾਸ਼ਨ ਦੇ ਕੇ ਸਾਡੇ ਉੱਤੇ ਚਾੜ੍ਹੇਂ।
ਨੀ ਭਾਬੀ...............।

ਕਿਹੜੀ ਤੂੰ ਨਿਕਾਰੀ ਗੱਲੇ ਦੱਸ ਭਾਬੀ ਲੜਦੀ।
ਇਕ ਪੀਹੜੀ ਛੱਡ ਕੇ ਤੇ ਦੂਜੀ ਪੀੜ੍ਹੀ ਫੜਦੀ।
ਐਵੇਂ ਝੂਠੀਆਂ ਤੂੰ ਗੱਲਾਂ ਕਹਿ ਪਤਾਰੇਂ।
ਨੀ ਭਾਬੀ...............।

ਚੰਦਰੀਏ ਰੌਲਾ ਪਾ ਕੇ ਪਿੰਡ ਕੱਠਾ ਕਰ ਨਾਂਹ।
ਐਵੇਂ ਚੁੱਪ ਕੀਤਿਆਂ ਦੇ ਸਾਡੇ ਸਿਰ ਚੜ੍ਹ ਨਾਂਹ।
ਕਾਹਨੂੰ ਕੌੜੇ ਮਿੱਠੇ ਬੋਲ ਤੂੰ ਉਚਾਰੇਂ।
ਨੀ ਭਾਬੀ...............।

ਸੱਚੀ ਗੱਲ ਕਹਿਣੋ ਅਸਾਂ ਕਦੇ ਵੀ ਨਹੀਂ ਸੰਗਣਾ।
ਮੰਗਤੇ ਨਾਂਹ ਬਣ ਅਸਾਂ ਤੇਰੇ ਕੋਲੋਂ ਮੰਗਣਾ।
ਲਾਡਪੁਰੀ ਮਿਹਣੇ ਮਾਰ ਸਾਨੂੰ ਸਾੜੇਂ।
ਨੀ ਭਾਬੀ...............।

# ਦਾਜ

ਕਰਜ਼ੇ ਹੇਠ ਚਿਰ ਤੋਂ ਅਸੀਂ ਰਹੇ ਦੱਬੇ,
ਨੱਕ ਉੱਚਾ ਹੀ ਅਸੀਂ ਉਠਾਉਂਦੇ ਰਹੇ।
ਫੋਕੇ ਰੀਤੀ ਰਿਵਾਜ਼ਾਂ ਤੇ ਧੰਨ ਆਪਣਾ,
ਪਾਣੀ ਵਾਂਗਰਾਂ ਅਸੀਂ ਵਹਾਉਂਦੇ ਰਹੇ।

.................................................................................................

ਆਓ ਸਾਥੀਉ, ਆਓ ਬੇਲੀਓ ਰਲ ਕੇ ਮਤਾ ਪਕਾਈਏ।
ਭੈੜੀਆਂ ਰਸਮਾਂ ਨੂੰ ਜੜ੍ਹ ਤੋਂ ਪੁੱਟ ਗੁਆਈਏ।

.................................................................................................

ਸੋਨਾ, ਕਾਰ, ਸਕੂਟਰ ਜੋ ਅਜ ਸ਼ਗਨਾਂ ਵਿੱਚ ਪੁਚਾਂਦੇ।
ਅਸਾਂ ਗਰੀਬਾਂ ਦੀ ਮਜਬੂਰੀ, ਦਾ ਅਹਿਸਾਸ ਕਰਾਂਦੇ।
ਕਾਲਾ ਧੰਨ ਕੱਢਵਾ ਕੇ, ਕਾਲਖ ਦੇਸ਼ ਦੇ ਮੱਥਿਉਂ ਲਾਹੀਏ।
ਭੈੜੀਆਂ ਰਸਮਾਂ...............।

ਪਿਰਚ ਪਿਆਲੀ, ਲਾਈਟਾਂ ਲਾ ਜੋ ਧੰਨ ਦਿਖਲਾਉਣਾ ਚਾਹੁੰਦੇ।
ਬੰਨ੍ਹ ਕਤਾਰਾਂ ਆਉਣ ਬਰਾਤੀ, ਰਲ ਕੇ ਨਸ਼ਾ ਉਡਾਉਂਦੇ।
ਧੀਆਂ ਦੇ ਜਦ ਹੱਕ ਬਰਾਬਰ, ਕਾਹਨੂੰ ਦਾਜ ਬਣਾਈਏ।
ਭੈੜੀਆਂ ਰਸਮਾਂ...............।

ਸੱਸ ਨਣਾਨਾਂ ਮਿਲ ਕੇ ਤੇ, ਨੋਂਹ ਪਾਸੋਂ ਕਾਰ ਮੰਗਾਈ।
ਕਾਰ ਨਾਂਹ ਆਈ, ਚੰਦਰੀ ਸੱਸ ਨੋਂਹ ਤਾਈਂ ਅੱਗ ਲਗਾਈ।
ਧੰਨ ਦੀ ਖਾਤਰ ਬਲੀ ਮਨੁੱਖਤਾ ਦੀ, ਇਹ ਬੰਦ ਕਰਾਈਏ।
ਭੈੜੀਆਂ ਰਸਮਾਂ...............।

ਧੰਨ ਜਦ ਸਾਡੇ ਦੇਸ਼ ਦੇ ਅੰਦਰ, ਬਾਹਰੋਂ ਕਿਉਂ ਮੰਗਵਾਈਏ।
ਫੋਕੀਆਂ ਰਸਮਾਂ ਦਾ ਧੰਨ, ਦੇਸ਼ ਉਸਾਰੀ ਉਤੇ ਲਾਈਏ।
ਲਾਡਪੁਰੀ ਇਹ ਦਾਜਾਂ ਦੀ ਗੱਲ, ਅਸਲੋਂ ਮੂਲ ਮੁਕਾਈਏ।
ਭੈੜੀਆਂ ਰਸਮਾਂ...............।



# ਜੰਨ-ਸੰਖਿਆ

ਭਾਰਤ ਵਰਸ਼ ਦੀ ਕਠਿਨ ਸਮੱਸਿਆ ਇਹ,
ਜਨ ਸੰਖਿਆ ਵਾਲਾ ਕਮਾਲ ਹੋਇਆ।
ਜ਼ੋਰ ਲਾਇਆ ਬਥੇਰਾ ਘਟਾਉਣ ਦੇ ਲਈ,
ਅਜੇ ਤੱਕ ਨਾਂਹ ਹੱਲ ਸੁਆਲ ਹੋਇਆ।

.................................................................................................

ਆਉ ਸਾਥੀਓ ਘਰ ਘਰ ਅੰਦਰ, ਹੋਕਾ ਇਹ ਪਹੁੰਚਾਈਏ।
ਜਨ-ਸ਼ਕਤੀ ਨਾਲੋਂ, ਧੰਨ ਦੀ ਉਪਜ ਵਧਾਈਏ।

.................................................................................................

ਭੋਂਦੂ ਸਾਡੇ ਪਿੰਡ ਦੇ ਬੱਚੇ, ਦਰਜਨ ਦੋ ਬਣਾਏ।
ਇੱਕ ਇੱਕ ਪੁੱਤਰ ਨੇ ਨਾਂਹ ਅੱਗੋਂ, ਦਸ ਤੋਂ ਕਿਸੇ ਘਟਾਏ।
ਪਤਾ ਨਾਂਹ ਲੱਗੇ ਕਿਸ ਕਿਸ ਨਾਂ ਤੇ, ਕਿਹਨੂੰ ਆਖ ਬੁਲਾਈਏ।
ਜਨ-ਸ਼ਕਤੀ ਨਾਲੋਂ...................।

ਕਿਸੇ ਦੇ ਗਲ ਵਿੱਚ ਲੀਰਾਂ ਲਮਕਣ, ਕਿਸੇ ਨੇ ਵਾਲ ਖਿਲਾਰੇ।
ਦਾਣੇ ਭੁੱਜੇ ਚੱਬੇ ਕੋਈ, ਭੁੱਖ ਈ ਚੀਕਾਂ ਮਾਰੇ।
ਇੱਕ ਜਾਂ ਦੋ ਤੋਂ ਵੱਧ ਬਣਾ ਕੇ, ਇਹੀ ਸਾਂਗ ਬਣਾਈਏ।
ਜਨ-ਸ਼ਕਤੀ ਨਾਲੋਂ...................।

ਭੋਂਦੂ ਦੀ ਘਰ ਵਾਲੀ, ਇਕ ਦਿਨ ਕੁਲਫੀ ਲਈ ਭੰਗਾਲੇ।
ਮੱਖੀਆਂ ਵਾਂਗੂੰ ਘਰ ਦੇ ਜੀਅ, ਸਭ ਖੜ੍ਹੇ ਗਏ ਆਣ ਦੁਆਲੇ।
ਕਹਿੰਦੀ ਚੁਪੀ ਲਾਉ ਤੇ ਖਿਸਕੋ, ਇਵੇਂ ਹੀ ਸਮਾਂ ਟਪਾਈਏ।
ਜਨ-ਸ਼ਕਤੀ ਨਾਲੋਂ...................।

ਹੋਸ਼ ਕਰੋ ਨਾਂਹ ਬੱਚੇ, ਇੱਕ ਜਾਂ ਦੋ ਤੋਂ ਵੱਧ ਬਣਾਵੋ।
ਲਾਜ਼ਮੀ ਵਿਦਿਆ ਦੇ ਹੜ੍ਹ ਅੰਦਰ, ਸਭਨਾ ਤਾਈਂ ਪੜ੍ਹਾਵੋ।
ਲਾਡਪੁਰੀ ਬੱਚੇ ਘੱਟ ਕਰਕੇ, ਦੇਸ਼ ਦਾ ਭਾਰ ਵੰਡਾਈਏ।
ਜਨ-ਸ਼ਕਤੀ ਨਾਲੋਂ...................।

# ਸ਼ਹਿਰਾਂ ਨਾਲੋਂ ਪਿੰਡ

ਸਾਡੇ ਪਿੰਡਾਂ ਵਿੱਚ ਅੱਜ ਰੱਬ ਵਸਦਾ ਏ, ਵੇਖ ਪਿੰਡਾਂ ਵਿੱਚ ਸ਼ਹਿਰ ਦੇ ਨਜ਼ਾਰੇ।
ਖੇਤਾਂ ਵਿੱਚ ਝੂਮ-2 ਵੇਖ ਫਸਲਾਂ, ਇਕ ਦੂਸਰੀ ਨੂੰ ਦਿੰਦੀਆਂ ਹੁਲਾਰੇ।

.................................................................................................

ਪਿੰਡਾਂ ਵਿੱਚ ਸੜਕਾਂ ਇਹ ਚੌੜੀਆਂ ਬਣਾਈ ਜਾਂਦੇ,
ਸ਼ਹਿਰਾਂ ਵਾਂਗੂੰ ਫੁੱਲ ਵਿੱਚ ਲਾਉਂਦੇ ਨੇ।
ਪਿੰਡਾਂ ਵਿੱਚ ਵੱਡੀਆਂ ਇਮਾਰਤਾਂ ਤੇ ਕਾਰਾਂ,
ਸਾਨੂੰ ਸ਼ਹਿਰਾਂ ਵਾਲੀ ਯਾਦ ਇਹ ਕਰਾਉਂਦੇ ਨੇ।
ਪਿੰਡ ਪਿੰਡ ਚੰਡੀਗੜ੍ਹ ਬਣਿਆਂ ਏਂ ਅੱਜ,
ਵੇਖ ਪਾਣੀ ਵਾਲੇ ਚੱਲਦੇ ਫੁਹਾਰੇ।
ਸਾਡੇ ਪਿੰਡਾਂ ਵਿੱਚ...............।

ਪਾਣੀ ਦੀ ਇਹ ਸਪਲਾਈ, ਕੇਬਲ ਕੁਨੈਕਸ਼ਨ ,
ਆਈ ਕਿੰਵ ਪਿੰਡਾਂ ਚ, ਬਹਾਰ ਏ।
ਪਿੰਡਾਂ ਵਿੱਚ ਲੱਭਦੇ ਸਕੂਲ ਉੱਚ ਕੋਟੀ ਵਾਲੇ,
ਵਿਦਿਆ ਦਾ ਚੁੱਕਿਆ ਮਿਆਰ ਏ।
ਘਰੀਂ ਫੋਨ ਲਗੇ ਟਰ ਟਰ ਕਰਦੇ,
ਘਰ ਟੀ.ਵੀ. ਤੇ ਫਰਿੱਜਾਂ ਨੇ ਸ਼ਿੰਗਾਰੇ।
ਸਾਡੇ ਪਿੰਡਾਂ ਵਿੱਚ...............।

ਦੂਰ ਦੂਰ ਤਾਈਂ ਹਰਿਆਲੀ ਲੱਭਦੀ ਏ,
ਰੁੱਖ ਸਰੂਆਂ ਦੇ ਵਾਂਗ ਲਹਿਰਾਉਂਦੇ ਨੇ।
ਪਾਰਕਾਂ ਨੂੰ ਕਰਨਾ ਕੀ, ਸਾਡੇ ਖੇਤ ਪਾਰਕਾਂ ਨੇ,
ਹਰੇ ਹਰੇ ਖੇਤ ਇਹ ਸੁਹਾਉਂਦੇ ਨੇ।
ਕਿਨੂੰ ਜਦ ਮੁੱਕੇ, ਆਉਂਦੀ ਅੰਬਾਂ ਦੀ ਬਹਾਰ,



ਸੁਣੋ ਕੋਇਲਾਂ ਦੇ ਗੀਤ ਇਹ ਕਰਾਰੇ।
ਸਾਡੇ ਪਿੰਡਾਂ ਵਿੱਚ...............।

ਸਰ੍ਹੋਆਂ, ਕਮਾਦ ਅਤੇ ਕਣਕਾਂ ਦੀ ਤੱਕਣੀ ਨਾਂ',
ਮਨ ਵਿੱਚ ਆਉਂਦਾ ਇਹ ਸਰੂਰ ਏ।
ਖੇਡਾਂ ਦੇ ਸਟੇਡੀਅਮ, ਗਾਉਂਦੀਆਂ ਇਹ ਮਹਿਫਲਾਂ ਨੇ,
ਟੀ.ਵੀ. ਉੱਤੇ ਕੀਤਾ ਮਸ਼ਹੂਰ ਏ।
ਦੁੱਧਾਂ ਦੇ ਇਹ ਹੜ੍ਹ, ਖੇਤੀਂ ਦਾਣਿਆਂ ਦੇ ਢੇਰ,
ਲਾਡਪੁਰੀ ਅੱਜ ਲੱਭਦੇ ਇਹ ਸਾਰੇ।
ਸਾਡੇ ਪਿੰਡਾਂ ਵਿੱਚ...............।

# ਸਚਾਈਆਂ

ਆਸ ਰੱਖ ਕੇ ਦੂਰ ਤੋਂ ਆਉਣ ਪੰਛੀ,
ਆਈ ਬਾਗ਼ਾਂ ਤੇ ਜਦੋਂ ਬਹਾਰ ਹੋਵੇ।
ਮੂੰਹੋਂ ਮੰਗੀ ਮੁਰਾਦ ਤਦ ਪਾ ਲਈਏ,
ਜਦੋਂ ਮਿਹਰਬਾਂ ਹੋਈ ਸਰਕਾਰ ਹੋਵੇ।

..............................................................................

ਨਾਰੀ ਅਸਲ ਹੈ ਜੱਗ ਬਨਾਣ ਵਾਲੀ
ਵਸੇ ਇਹਦੇ ਨਾ', ਸਾਰਾ ਸੰਸਾਰ ਯਾਰੋ।
ਇਹਦੀ ਦੇਣ ਨਹੀਂ ਕੋਈ ਵੀ ਦੇ ਸਕਦਾ,
ਇਹਦੇ ਨਾਲ ਚਲੇ ਘਰ ਤੇ ਬਾਹਰ ਯਾਰੋ।

# ਬੋਲੀਆਂ (ਮੁੰਡੇ)

ਸੁਣ ਨੀ ਨਖਰੋ ਮਜਾਜਾਂ ਪਿੱਟੀਏ, ਕੀ ਤੇਰੇ ਇਹ ਕਾਰੇ।
ਨੀ, ਨਿੱਕੀਆਂ ਨਿੱਕੀਆਂ ਗੱਲਾਂ ਖਾਤਰ, ਕਰਦੀ ਨਖਰੇ ਭਾਰੇ।
ਬਿਨ ਗੱਲੋਂ ਹੀ ਪਾਏਂ ਸਿਆਪੇ, ਚੜ੍ਹਦੀ ਜਾ ਚੁਬਾਰੇ।
ਮਰਨ ਦੀਆਂ ਤੂੰ ਧਮਕੀਆਂ ਦਿੰਦੀ, ਕਿੰਨੇ ਕੰਮ ਨੇ ਮਾੜੇ।
ਨਖਰਿਆਂ ਲਾਡਪੁਰੀ ਪਾਏ ਸਭ ਪੁਆੜੇ।
ਨਖਰੋ ਨੀ, ਨਹੀਂ ਰੀਸਾਂ।
ਤੂੰ ਨਖਰੇ ਕਰਦੀ, ਬਿਨ ਫੀਸਾਂ।
ਗਲ ਗਲ ਤੇ ਵਟਦੀ ਤੂੰ ਚੀਸਾਂ।
ਕੀ 'ਲਾਡਪੁਰੀ' ਨੇ ਬਖਸ਼ੀਸ਼ਾਂ।
ਨੱਚਣਾ ਤੈਨੂੰ ਆਉਂਦਾ ਨਹੀਂ, ਸੁਣ ਬੱਲੀਏ।
ਚੱਲ ਦੂਰ ਦੁਰਾਡੇ ਨਖਰੋ ਨੀਂ, ਚਲ ਚਲੀਏ।
ਕਿਸੇ ਹੋਰ ਸਾਥ ਵਿੱਚ ਲਾਡਪੁਰੀ, ਚਲ ਰਲੀਏ।
ਆਰਾ, ਆਰਾ, ਆਰਾ
ਨੀ ਕੁੜੀਏ ਗੁਲਾਬ ਰੰਗੀਏ, ਤੇਰੇ ਬਿਨਾਂ ਸਾਡਾ ਨਹੀਂ ਓਂ ਗੁਜ਼ਾਰਾ।
ਨੀ ਰਾਤੋਂ ਰਾਤ ਪੁੱਜ ਨੀ ਗਿਆ, ਮੈਂ ਤੈਨੂੰ ਲਿਆਉਣ ਦਾ ਮਾਰਾ।
ਨੱਚਣਾ ਜੇ ਨਹੀਂ ਆਉਂਦਾ, ਮੰਗ ਸਾਥੋਂ ਗੁਰ ਇਹ ਉਧਾਰਾ।
ਟਿਊਸ਼ਨ ਰੱਖ ਬੱਲੀਏ, ਕਰ ਲੈ ਕੋਈ ਚਾਰਾ।
ਨੀ ਨੱਚਣੇ, ਨਚਾਉਣੇ ਦਾ, ਗੁਣ ਸਾਡੇ ਕੋਲ ਭਾਰਾ।
ਚੀਸਾਂ, ਚੀਸਾਂ, ਚੀਸਾਂ
ਨੀ ਨੱਚਣਾਂ ਸਿਖਾ ਦਿਆਂਗੇ, ਲਾਡਪੁਰੀ ਲੱਗਣੀਆਂ ਫੀਸਾਂ।
ਪਾਵੇ, ਪਾਵੇ, ਪਾਵੇ
ਨੀ ਧਰਤ ਹਿਲਾਂਵੇਂ ਬੱਲੀਏ, ਤੇਰਾ ਭਾਰ ਸਹਿਆ ਨ ਜਾਵੇ।
ਨੀ ਹੱਸਣਾਂ ਤਾਂ ਆਉਂਦਾ ਨਹੀਂ, ਤੈਨੂੰ ਕੌਣ ਹਸਾਵੇ।
ਤਾਰ ਤੇਰੀ ਕਿਤੇ ਵੱਜਦੀ, ਇਸ ਤਾਰ ਨੂੰ ਕੌਣ ਹਿਲਾਵੇ।
ਅਜੇ ਤਾਂ ਲਾਡਪੁਰੀ, ਜਾਣਾ ਤੂੰ ਮੁਕਲਾਵੇ।



ਨੱਢੀ, ਨੱਢੀ, ਨੱਢੀ
ਨੀ ਲੱਕ ਤੂੰ ਹਿਲਾਉਣੇ ਦੀ, ਕਸਰ ਕੋਈ ਨਾਂਹ ਛੱਡੀ।
ਨੱਚਦੀ ਲਾਡੋ ਤੂੰ, ਮਾਰ ਕੇ ਪੂਰੀ ਅੱਡੀ।
ਨੀ ਨੱਚਣ, ਨਚਾਉਣੇ ਦੀ, ਚੰਗੀ ਤੇਰੀ ਹੱਡੀ।
ਲਾਡਪੁਰੀ ਨੱਚਣ ਦੀ, ਅੱਜ ਤੂੰ ਝੰਡੀ ਗੱਡੀ।
ਆਰੇ, ਆਰੇ, ਆਰੇ
ਅਸੀਂ ਤਾਂ ਭੰਗੜੇ ਚੋਂ, ਅੱਜ ਤਕ ਕਦੀ ਨਾਂਹ ਹਾਰੇ।
ਇਹ ਗੱਲ ਕੰਨ ਲਾ ਕੇ, ਸੁਣ ਲੈ ਤੂੰ ਮੁਟਿਆਰੇ।
ਲਾਡਪੁਰੀ ਤੂੰ ਨੱਢੀ, ਅਸੀਂ ਵੀ ਅਜੇ ਕੁਆਰੇ।
ਦੇਸ਼ ਪੰਜਾਬ ਏ ਸਾਡਾ ਸੋਹਣਾ, ਇਹ ਅੱਖਾਂ ਦਾ ਤਾਰਾ।
ਹਰੀਆਂ ਇਹਦੀਆਂ ਫਸਲਾਂ ਨੇ, ਅੱਜ ਦਿੱਤਾ ਖੂਬ ਹੁਲਾਰਾ।
ਤਿੱਖੀ ਨਜ਼ਰੇ ਗ਼ੈਰ ਇਹ ਤੱਕਣ, ਲਾਡਪੁਰੀ ਇਹਦਾ ਨਜ਼ਾਰਾ
ਸਾਰੇ ਦੇਸ਼ਾਂ ਚੋਂ ਇਹ ਪੰਜਾਬ ਪਿਆਰਾ।
ਭਾਰਤ ਦੇ ਪਿੰਡਾਂ ਦੇ ਵਿੱਚ ਨੇ, ਸੱਜਰੇ ਅਜਬ ਨਜ਼ਾਰੇ।
ਪਿੰਡ ਪਿੰਡ ਵਿਚ ਨੇ ਸੜਕਾਂ ਬਣੀਆਂ, ਬਿਜਲੀ ਖੰਭੇ ਭਾਰੇ।
ਟੀ.ਵੀ. ਅਤੇ ਫਰਿੱਜਾਂ ਨੇ, ਅੱਜ ਘਰ ਘਰ ਖੂਬ ਸੁਆਰੇ।
ਪਿੰਡਾਂ ਵਿੱਚ ਕਬੱਡੀਆਂ ਚਲੀਆਂ, ਧਮਕ ਪਈ ਦਰਬਾਰੇ।
ਭੰਗੜੇ ਪਾਉ ਮੁੰਡਿਉ, ਲਾਡਪੁਰੀ ਤੁਸੀਂ ਸਾਰੇ।
ਇਹ ਸਾਡੀ ਸਰਕਾਰ ਨੇ ਅੱਜ ਏ, ਨਵਾਂ ਕਾਨੂੰਨ ਬਣਾਇਆ।
ਲਾਜ਼ਮੀ ਵਿਦਿਆ ਦਾ ਹੋਕਾ, ਅੱਜ ਘਰ ਘਰ ਵਿਚ ਪਹੁੰਚਾਇਆ।
ਪਿੰਡਾਂ ਵਿੱਚ ਸਕੂਲਾਂ ਨੇ, ਵਿਦਿਆ ਦਾ ਰੇੜ੍ਹ ਵਗਾਇਆ।
ਸਾਰੇ ਅੱਜ ਆਪਣੇ ਨੇ ਬਣ ਗਏ, ਰਿਹਾ ਨ ਕੋਈ ਪਰਾਇਆ।
ਖੇਤੀਂ ਲਾਡਪੁਰੀ ਅੰਨ ਦਾ ਢੇਰ ਲਗਾਇਆ।
ਦੇਸ਼ ਪਿਆਰਾਂ ਦਾ ਆਪਾਂ ਗਾਣਾ ਗਾਇਆ।
ਸੁਣ ਨਾਰੇ, ਤੂੰ ਕਦੀ ਨ ਹੱਸਦੀ, ਮੂੰਹ ਕਰ ਛੱਡਦੀ ਭਾਰਾ।
ਹਾਥੀਂ ਵਾਂਗੂੰ ਸ਼ੂਕਾਂ ਮਾਰੇਂ, ਉੱਚੀ ਮਾਰ ਘੁਰਾੜਾ।
ਨਿੱਤ ਭਾਂਡੇ, ਦਰਵਾਜੇ ਭੰਨੇ, ਰੌਲਾ ਪਾਏਂ ਭਾਰਾ।
ਲਾਡਪੁਰੀ ਹੋਵੇਗਾ ਕਿੱਦਾਂ ਦੱਸ ਗੁਜ਼ਾਰਾ।

# ਪਰਦੇਸੀ ਧੀ

ਧੀ ਲਾਡਾਂ ਨਾਲ ਪਾਲੀ ਤੈਥੋਂ ਹੋ ਗਈ ਅੱਜ ਪਰਾਈ।
ਮਾਂ ਝੱਲੀ ਜਾਂਦੀ ਨਹੀਂ, ਮੈਥੋਂ ਤੇਰੀ ਅੱਜ ਜੁਦਾਈ।

..........................................................................................

ਕਿਹੜੇ ਲਾਲਚ ਵਿੱਚ ਪੈ ਕੇ, ਮੈਨੂੰ ਵਿਚ ਪਰਦੇਸ ਵਿਆਹਿਆ।
ਅਜੇ ਰੰਗਲੇ ਚੂੜੇ ਨੇ, ਵੀ ਨਾਂਹ ਆਪਣਾ ਰੂਪ ਵਟਾਇਆ।
ਪਰਦੇਸੀ ਝਿੜਕਾਂ ਨੇ, ਮੈਨੂੰ ਕੀਤਾ ਖੂਬ ਸੁਦਾਈ।
ਧੀ ਲਾਡਾਂ ਨਾਲ ਪਾਲੀ....................।

ਰਾਤੀਂ ਕੁੱਟ ਕੁੱਟ ਕੇ ਸੀ, ਮੈਨੂੰ ਘਰੋਂ ਬਾਹਰ ਭਜਵਾਇਆ।
ਮੇਰੇ ਰੋਣੇ ਤੇ ਅੰਮੀਏ, ਉਨ੍ਹਾਂ ਨੂੰ ਤਰਸ ਕੋਈ ਨਾਂਹ ਆਇਆ।
ਮੈਂ ਹਾੜੇ ਕੱਢਦੀ ਰਹੀ, ਮੇਰੀ ਕੰਬਦੀ ਰਹੀ ਕਲਾਈ।
ਧੀ ਲਾਡਾਂ ਨਾਲ ਪਾਲੀ....................।

ਅੱਜ ਵਿੱਚ ਬਦੇਸ਼ਾਂ ਦੇ, ਕਿਹੜਾ ਸਾਰ ਲਏਗਾ ਮੇਰੀ।
ਸੜਕਾਂ ਦੇ ਕੰਢੇ ਹੀ ਭੁੱਬਾਂ, ਮਾਰੇ ਧੀ ਅੱਜ ਤੇਰੀ।
ਏਥੇ ਦੌੜ ਡਾਲਰਾਂ ਦੀ, ਕਿਸੇ ਨਾਂਹ ਰੋਂਦੀ ਹੋਈ ਵਰਾਈ।
ਧੀ ਲਾਡਾਂ ਨਾਲ ਪਾਲੀ....................।

ਮਹਿੰਗਾ ਇਹ ਪੈ ਜਾਊਗਾ, ਅੰਮੀਏਂ ਤੇਰਾ ਏਥੇ ਆਉਣਾ।
ਤੂੰ ਵੀਰੇ ਨੂੰ ਭੁੱਲ ਕੇ, ਨ ਕਿਧਰੇ ਬਾਹਰ ਦੇਸ਼ ਭਜਵਾਉਣਾ।
ਇਹਨੂੰ ਮੋਈ ਸਮਝ ਲਈਂ, ਇਹਦੀ ਬਣ ਗਈ ਪੀੜ ਪਰਾਈ।
ਧੀ ਲਾਡਾਂ ਨਾਲ ਪਾਲੀ....................।

ਓ ਲੋਕੋ ਭੁੱਲ ਕੇ ਨਾਂਹ, ਧੀਆਂ ਵਿੱਚ ਵਿਦੇਸ਼ ਵਿਆਹੀਏ।
ਇਨ੍ਹਾਂ ਕੋਮਲ ਕਲੀਆਂ ਦੇ, ਕਦੇ ਨਾਂਹ ਹਾਸੇ ਅਸੀਂ ਗਵਾਈਏ।
ਲਾਡਪੁਰੀ ਕਿਉਂ ਸਭਨਾਂ, ਅੱਜ ਫੌਰਨ ਦੀ ਰਟ ਲਗਾਈ।
ਧੀ ਲਾਡਾਂ ਨਾਲ ਪਾਲੀ....................।



# ਰੁੱਖ

ਰੁੱਖ ਜੀਵਨ ਦੀ ਸਾਡੀ ਅਨਮੋਲ ਵਸਤੂ, ਸਾਡਾ ਆਸਰਾ ਤੇ ਸਾਡੀ ਲੋੜ ਆਹ ਰੁੱਖ।
ਸਾਡੇ ਸਾਹ ਨੇ ਇਹ, ਹਰ ਦਮ ਲੋੜ ਸਾਨੂੰ, ਭਾਵੇਂ ਹੋ ਜਾਣ ਲੱਖ ਕਰੋੜ ਆਹ ਰੁੱਖ।
ਇਹ ਉਦਯੋਗ ਤੇ ਸਾਰੇ ਇਹ ਕਾਰਖਾਨੇ, ਕੇਵਲ ਰੁੱਖਾਂ ਦੇ ਨਾਲ ਹੀ ਚਲਦੇ ਨੇ,
ਵਾਤਾਵਰਣ ਦੂਸ਼ਿਤ ਹੋਣੋ ਰੋਕਣੇ ਲਈ, ਲਾਡਪੁਰੀ ਲਾਉਣੇ ਪੈਣੇ ਹੋਰ ਵੀ ਰੁੱਖ।

..........................................................................................

ਰੁੱਖ ਲਾ ਬਹੁਤੇ ਬੰਦਿਆਂ, ਨਹੀਂ, ਰੁੱਖਾਂ ਤੋਂ ਬਿਨਾਂ ਗੁਜ਼ਾਰਾ।
ਇਹ ਜੀਵਨ ਲਈ ਸਾਡੇ, ਕਰਦੇ ਕੰਮ ਬੜਾ ਹੀ ਭਾਰਾ।

..........................................................................................

ਇਹਦੇ ਪੱਤੇ 2 ਵਿਚ, ਤਾਂ ਉਦਯੋਗ ਚਲਣ ਇਹ ਭਾਰੇ।
ਸਾਹ ਸਾਡੇ ਇਸਦੇ ਨਾਲ, ਹੜ੍ਹ ਨੂੰ ਮਿਲ ਰੋਕਣ ਇਹ ਸਾਰੇ।
ਇਹ ਬਣ ਗਏ ਜੀਵਨ ਦਾ, ਸਾਡਾ ਸਭ ਦਾ ਅੱਜ ਸਹਾਰਾ।
ਰੁੱਖ ਲਾ ਬਹੁਤੇ..............।

ਰੰਗਾਈਂ, ਕਾਗਜ਼ ਤੇ, ਖੰਡ ਵੀ ਇਹਦੇ ਨਾਲ ਬਣਾਈਏ।
ਭੱਠੇ ਤੇ ਇੱਟਾਂ ਤੇ, ਅੱਜ ਭੱਠੀ ਵਿੱਚ ਇਹਨੂੰ ਪਾਈਏ।
ਫਰਨੀਚਰ ਲਕੜੀ ਲਈ, ਹਰ ਕੋਈ ਫਿਰਦਾ ਮਾਰਾ ਮਾਰਾ।
ਰੁੱਖ ਲਾ ਬਹੁਤੇ..............।

ਸਰਕਾਰ ਅਸਾਡੇ ਲਈ, ਥਾਂ ਥਾਂ ਪੇਂਦੀ ਰੁੱਖ ਉਗਾਉਂਦੀ।
ਕੁਦਰਤ ਵੀ ਏਸੇ ਨਾਲ, ਵੇਖੋ ਵਰਖਾ ਖੂਬ ਵਰ੍ਹਾਉਂਦੀ।
ਇਹਨੂੰ ਚੀਰਨ ਦੀ ਖਾਤਰ, ਆਪਾਂ ਥਾਂ ਥਾਂ ਲਾਇਆ ਆਰਾ।
ਰੁੱਖ ਲਾ ਬਹੁਤੇ..............।

ਰੁੱਖ ਲਾਵੋ ਘਰ ਘਰ ਵਿਚ, ਇਸਦੀ ਕਦਰ ਕਰੋ ਓ ਯਾਰੋ।
ਬਿਨ ਲੋੜੋਂ ਵੱਢੋ ਨਾਂਹ, ਨਾਂਹ ਇਹ ਬੂਟਿਆਂ ਤਾਈਂ ਉਖਾੜੋ।
ਪੇਂਦੀ ਨਹੀਂ ਲਾ ਸਕਦੇ, ਲਾਡਪੁਰੀ ਲਓ ਕਿਤੋਂ ਉਧਾਰਾ।
ਰੁੱਖ ਲਾ ਬਹੁਤੇ..............।

# ਮਾਪੇ

ਮਾਪੇ ਪੁੱਤਰਾਂ ਲਈ ਵਰਦਾਨ ਹੁੰਦੇ, ਮਾਪੇ ਧੀਆਂ ਦੀ ਨੇ ਜਿੰਦ ਜਾਨ ਲੋਕੋ।
ਚਾਚੇ, ਤਾਏ, ਮਾਮੇ ਭਾਵੇਂ ਲੱਖ ਹੋਵਣ, ਨਾਂਹ ਏ ਮਾਪਿਆਂ ਬਿਨਾਂ ਸਨਮਾਨ ਲੋਕੋ।
ਹੋਣ ਯਾਰ ਬੇਲੀ ਗੂਹੜੇ ਸਾਕ ਭਾਵੇਂ, ਮਾਪੇ ਆਪਣੇ ਹੀ ਸਦਾ ਸੋਹਣ ਜੱਗ ਵਿੱਚ,
ਲਾਡਪੁਰੀ ਬਹਾਰ ਹੈ ਮਾਪਿਆਂ ਨਾਲ, ਅਤੇ ਮਾਪਿਆਂ ਨਾਲ ਜਹਾਨ ਲੋਕੋ।

.................................................................................................

ਬੱਚਿਆਂ ਲਈ ਬਹਾਰਾਂ ਮਾਪੇ, ਮਾਪੇ ਨੇ ਈਮਾਨ।
ਜਿਉਂਦੇ ਜੱਗ ਵਿੱਚ ਰੌਸ਼ਨ ਸਾਡਾ, ਮਾਪਿਆਂ ਨਾਲ ਜਹਾਨ।

.................................................................................................

ਬੱਚਿਆਂ ਦੀ ਸੇਵਾ ਨੇ ਮਾਪੇ, ਆਪਣੇ ਰੱਜ-ਰੱਜ ਕਰਦੇ।
ਪਿਆਰਾਂ ਦੀ ਛਹਿਬਰ ਲਾ ਕੇ, ਬੱਚਿਆਂ ਦੀ ਝੋਲੀ ਭਰਦੇ।
ਮਾਪਿਆਂ ਦੇ ਨਾਲ ਮਿਲਦਾ ਏ, ਜੱਗ ਵਿੱਚ ਸਾਨੂੰ ਸਨਮਾਨ।
ਬੱਚਿਆਂ ਲਈ................।

ਮਾਂ ਬੱਚੇ ਦੀ ਪੀੜਾ ਨੂੰ ਤਾਂ ਆਪਣੀ ਪੀੜਾ ਕਹਿੰਦੀ।
ਸੁੱਕੇ ਥਾਂ ਤੇ ਉਸਨੂੰ ਪਾਵੇ, ਆਪੇ ਗਿੱਲੇ ਪੈਂਦੀ।
ਜਾਨ ਆਪਣੀ ਉਸ ਦੀ ਖਾਤਰ, ਕਰ ਦਿੰਦੀ ਕੁਰਬਾਨ।
ਬੱਚਿਆਂ ਲਈ................।

ਮਾਪੇ, ਪੁੱਤਰਾਂ ਦੀ, ਸ਼ਾਦੀ ਤੇ, ਸੌ ਸੌ ਸ਼ਗਨ ਮਨਾਉਂਦੇ।
ਵਾਰ ਵਾਰ ਕੇ ਪੈਸੇ ਵਾਰਨ, ਖੁਲ੍ਹ ਕੇ ਪਿਆਰ ਵਖਾਉਂਦੇ।
ਔਕੜ ਤੇ ਬੱਚਿਆਂ ਦੀ ਖਾਤਰ, ਦੇ ਦਿੰਦੇ ਨੇ ਜਾਨ।
ਬੱਚਿਆਂ ਲਈ................।

ਹੁਣ ਦੇ ਬੱਚਿਓ ਸੁਣੋ, ਕਦੀ ਨਾਂਹ ਮਾਪੇ ਦੂਰ ਭਜਾਵੋ।
ਕਿਸੇ ਹੋਰ ਦੇ ਬਣ ਕੇ ਨਾਂਹ, ਭੁੱਲ ਮਾਪੇ ਕਦੀ ਭੁਲਾਵੋ।
ਲਾਡਪੁਰੀ ਮਾਪੇ ਨੇ ਆਨ, ਤੇ ਇਹ ਨੇ ਵੇਦ ਪੁਰਾਣ।
ਬੱਚਿਆਂ ਲਈ................।



# ਜ਼ਿੰਦਗੀ

ਇਹ ਜੱਗ ਸਰਾਂ ਹੈ ਦੋ ਦਿਨ ਦੀ, ਜਿੰਦ ਇਹ ਢਲਦਿਆਂ, ਢਲਦਿਆਂ ਢਲ ਜਾਣੀ।
ਐਵੇਂ ਮਾਇਆ ਸੰਸਾਰ ਵਿੱਚ ਖੁੱਭ ਗਏ ਆਂ, ਛੇਤੀ ਕਰ ਬੇੜੀ ਏਥੋਂ ਚਲ ਜਾਣੀ।
ਪਲ ਪਲ ਦਾ ਸਿਮਰਨ ਏਂ ਜਿਨ੍ਹਾਂ ਕੀਤਾ, ਸਮਝੋ ਜ਼ਿੰਦਗੀ ਦੀ ਪੂੰਜੀ ਸਾਂਭ ਲਈ ਏ,
ਇਹ ਜਲ ਜਾਣੀ, ਇਹ ਤਾਂ ਗਲ ਜਾਣੀ, ਲਾਡਪੁਰੀ ਇਹ ਖ਼ਾਕ 'ਚ ਰਲ ਜਾਣੀ।

.................................................................................................

ਇਹ ਦੁਨੀਆਂ ਦੋ ਦਿਨ ਦੀ, ਇਹ ਤਾਂ ਚਲੋ ਚਲੀ ਦਾ ਮੇਲਾ।
ਕੁਝ ਕਰ ਲੈ ਕੰਮ ਚੰਗੇ, ਫਿਰ ਇਹ ਹੱਥ ਨਹੀਂ ਆਉਣਾ ਵੇਲਾ।

.................................................................................................

ਇਹ ਬੁਲਬੁਲਾ ਪਾਣੀ ਤੇ, ਜਿਵੇਂ ਬਣਦਾ ਤੇ ਫਿਰ ਢਹਿ ਜਾਂਦਾ।
ਜਿਵੇਂ ਸੁਪਨਾ ਰਾਤਾਂ ਦਾ ਸਾਡੇ ਲਈ ਯਾਦਾਂ ਬਣ ਰਹਿ ਜਾਂਦਾ।
ਇਹ ਜੀਵਨ ਇਕ ਸੁਪਨਾ, ਇਹ ਬਣ ਜਾਣਾ ਰੂਪ ਕਰੇਲਾ।
ਇਹ ਦੁਨੀਆਂ ਦੋ ਦਿਨ......................।

ਸੇਵਾ ਕਰ ਸੰਗਤ ਦੀ, ਕਰ ਕੱਠਾ ਸਿਮਰਨ ਸਰਮਾਇਆ।
ਇਨ੍ਹਾਂ ਸਾਕ ਸੰਬੰਧੀਆਂ ਵਿਚ, ਝੂਠਾ ਚਿੱਤ ਐਵੇਂ ਕਿਉਂ ਲਾਇਆ।
ਲੇਖਾ ਦੇਣਾ ਪੈ ਜਾਊ, ਸਤਿਗੁਰ ਸਾਹਵੇਂ ਬੜਾ ਦੁਹੇਲਾ।
ਇਹ ਦੁਨੀਆਂ ਦੋ ਦਿਨ......................।

ਕਈ ਅਫ਼ਲਾਤੂਨ ਜਿਹੇ, ਰਾਵਣ ਕਈ ਸਿਕੰਦਰ ਆਏ।
ਹੱਥ ਖੁਲ੍ਹੇ ਛੱਡ ਟੁਰ ਗਏ, ਜਿਨ੍ਹਾਂ ਨੇ ਮੌਤ ਨੂੰ ਸੰਗਲ ਪਾਏ।
ਇਹ ਜ਼ਿੰਦਗੀ ਹੋ ਜਾਣੀ, ਸੱਜਣਾਂ ਅੰਤ ਖਾਕ ਦਾ ਢੇਲਾ।
ਇਹ ਦੁਨੀਆਂ ਦੋ ਦਿਨ......................।

ਜ਼ਿੰਦਗੀ ਵਿੱਚ ਕਿਰਤਾਂ ਕਰ, ਹੱਥੀਂ ਦਾਨ ਪੁੰਨ ਕੁਝ ਕਰ ਲੈ।
ਆਉਂਦੇ ਉਸ ਵੇਲੇ ਲਈ, ਆਪਣੀ ਝੋਲੀ ਵਿੱਚ ਕੁਝ ਭਰ ਲੈ।
ਲਾਡਪੁਰੀ ਸਮਾਂ ਜਾਂਦਾ, ਹੋ ਜਾਊ ਫਿਰ ਤਾਂ ਬੜਾ ਕੁਵੇਲਾ।
ਇਹ ਦੁਨੀਆਂ ਦੋ ਦਿਨ......................।

# ਮੋਚੀ

ਮੋਚੀਆ, ਓ ਮੋਚੀਆ ਓ ਤੇਰੇ ਤੋਂ ਮੈਂ ਵਾਰੀ,
ਧੰਨ ਤੇਰੀ ਤਾਂ ਇਹ ਬੱਲਿਆ ਕਮਾਈ ਆ।
ਸੜਕਾਂ ਦੇ ਕੰਢੇ ਕਰੇਂ ਸਾਰਾ ਦਿਨ ਠੱਕ ਠੱਕ,
ਜ਼ਿੰਦਗੀ ਤੂੰ ਪੂਰੀ ਆਹ ਲਗਾਈ ਆ।

.............................................................................................

ਕਿਸੇ ਮੁਟਿਆਰ ਦੀ ਜੇ ਅੱਡੀ ਲੱਥਦੀ,
ਤਾਂ ਝੱਟ ਕਿੱਲ ਲਾ ਕੇ ਉਸ ਨੂੰ ਬਣਾ ਦਏਂ।
ਕਿੱਲ ਜੇ ਕਿਸੇ ਦੇ ਪੈਰੀਂ ਚੁੱਭ ਚੁੱਭ ਪੈਂਦਾ,
ਉਸ ਵਿੱਚ ਤੂੰ ਪਤਾਵਾ ਝੱਟ ਪਾ ਦਏਂ।
ਗਾਹਕ ਦੇ ਬੈਠਣ ਲਈ, ਟੁੱਟਾ ਜਿਹਾ ਬੈਂਚ ਏ,
ਲਾਗੇ ਜਾਂ ਕੋਈ ਬੋਰੀ ਜਿਹੀ ਵਿਛਾਈ ਆ।
ਮੋਚੀਆ ਓ ਮੋਚੀਆ................।

ਥਾਂ ਤੇਰੇ ਕੋਲ ਨਹੀਂ, ਢਿੱਡ ਦੇ ਆਹ ਝੁਲਕੇ ਲਈ,
ਮੋਰਚਾ ਤੂੰ ਪੱਧਰੇ ਹੀ ਲਾਇਆ ਏ।
ਪਰ ਤੇਰੇ ਖ਼ੂਨ ਤੇ ਪਸੀਨੇ ਦੀ ਕਮਾਈ ਉਤੇ,
ਕੰਮ ਕਿਸੇ ਹੋਰ ਹੀ ਵਧਾਇਆ ਏ।
ਬਕਸੀ ਲੈ ਪਾਲਿਸ਼ ਦੀ, ਦਿੰਦਾ ਏਂ ਤੂੰ ਹੋਕਾ,
ਜਿੰਦ ਆਪਣੀ ਤੂੰ ਦਾਅ ਉਤੇ ਲਾਈ ਆ।
ਮੋਚੀਆ ਓ ਮੋਚੀਆ................।

ਲੋਕਾਂ ਦੇ ਤਾਂ ਕੱਪੜੇ ਨੇ ਸਾਫ਼ ਸੁਥਰੇ,
ਮੈਲੇ ਕਪੜੇ ਤੇ ਲੀਰਾਂ ਜਿਹੀਆਂ ਪਾਈਆਂ ਨੇ।



ਰੁੱਖੀ ਸੁੱਖੀ ਖਾ ਕੇ ਤੂੰ ਤਾਂ ਕਰਦਾ ਗੁਜ਼ਾਰਾ,
ਭੁੱਖ ਨਾਲ ਬਾਹਰ ਆਂਦਰਾਂ ਵੀ ਆਈਆਂ ਨੇ।
ਵੱਡੀਆਂ ਇਮਾਰਤਾਂ ਇਹ ਸਭ ਪਾਸੇ ਲੱਭਦੀਆਂ,
ਘਰ ਤੂੰ ਕੁੱਲੀ ਜਿਹੀ ਬਣਾਈ ਆ।
ਮੋਚੀਆ ਓ ਮੋਚੀਆ................।

ਲੋਕੋ ਏਸ ਕਾਮੇ ਦੀ ਏ ਸੱਚ ਦੀ ਕਮਾਈ,
ਐਵੇਂ ਏਸ ਨੂੰ ਨਾਂਹ ਕਿਤੇ ਦੁਰਕਾਰਿਓ।
ਮਦਦ ਗ਼ਰੀਬੜੇ ਦੀ ਕਰ ਕੇ ਤੇ ਇਹਨੂੰ,
ਜਿੰਨਾ ਹੁੰਦਾ ਓਨਾ ਤੁਸੀਂ ਪੁਚਕਾਰਿਉ।
ਪਾਲਿਸ਼, ਕਰੀਮ ਲਾ ਕੇ ਲਾਡਪੁਰੀ ਜੁੱਤੀ ਤੇਰੀ,
ਤੱਕ ਕਿਵੇਂ ਉਸ ਲਿਸ਼ਕਾਈ ਆ।
ਮੋਚੀਆ ਓ ਮੋਚੀਆ................।

# ਸਰਾਈ

ਦਿਲ ਵਿਚ ਆਖਰੀ ਇਹ ਆਖਰੀ ਇਕੋ ਹੀ ਘਾਬਰ ਏ।
ਕਿ ਦਿਲ ਹੁਣ ਦੂਰ ਦਿਲ ਤੋਂ ਰਹਿਣ ਲਈ ਬਿਲਕੁਲ ਹੀ ਨਾਬਰ ਏ।
ਹੁਣ ਤਾਂ ਆਖਰੀ ਮੰਜ਼ਿਲ ਵਿਛੋੜੇ ਦੀ ਤੇ ਪਹੁੰਚੇ ਹਾਂ,
ਕਿ ਇੱਕ ਇੱਕ ਰਾਤ ਹੁਣ ਤੇ ਸੈਂਕੜੇ ਰਾਤਾਂ ਬਰਾਬਰ ਏ।

# ਵਿਦਿਆ

ਵਿਦਿਆ ਪੜ੍ਹ ਤੂੰ ਬੰਦਿਆਂ, ਅਨਪੜ੍ਹਤਾ ਆਪਣੇ ਨਾਲ ਧੋਖਾ।
ਵਿਦਿਆ ਦੇ ਯੁੱਗ ਅੰਦਰ, ਤੇਰਾ ਜੀਣਾ ਹੋ ਜਾਊ ਔਖਾ।

.................................................................................................

ਅੱਜ ਬਾਲ ਇਂਞਾਣੇ ਵੀ, ਤੱਕ ਕੰਪਿਊਟਰ ਕਿਵੇਂ ਚਲਾਂਦੇ।
ਇੰਨ੍ਹਾਂ ਬਾਲਾਂ ਦੇ ਸਾਹਵੇਂ, ਅਸੀਂ ਤਾਂ ਅਨਪੜ੍ਹ ਹੁੰਦੇ ਜਾਂਦੇ।
ਡੰਕਾ ਘਰ ਘਰ ਵੱਜਦਾ, ਅੱਜ ਵਿਦਿਆ ਦਾ ਸੱਜਣਾਂ ਚੋਖਾ।
ਵਿਦਿਆ ਪੜ੍ਹ ਤੂੰ..........................।

ਆਹ ਬਾਲਵਾੜੀ ਸੈਂਟਰ, ਪਿੰਡ ਪਿੰਡ ਵਿਚ ਸਰਕਾਰ ਖੁਲ੍ਹਾਏ।
ਤੱਕ ਤਿੰਨ ਤਿੰਨ ਸਾਲਾਂ ਦੇ, ਬੱਚੇ ਘਰ ਘਰ ਚੋਂ ਮੰਗਵਾਏ।
ਕਿਤੇ ਖੁੰਝ ਨ ਜਾਣੀਂ ਤੂੰ, ਕਰ ਦੇਵੀਂ ਨ ਅੱਖ ਪਰੋਖਾ।
ਵਿਦਿਆ ਪੜ੍ਹ ਤੂੰ..........................।

ਵਿਦਿਆ ਦੇ ਯੁੱਗ ਅੰਦਰ, ਤੈਨੂੰ ਕੋਈ ਨ ਅੱਜ ਪਛਾਣੇ।
ਜਦ ਰਿਸ਼ਤਾ ਨ ਲੱਭੇ, ਤਦ ਇਹ ਆਉਂਦੀ ਹੋਸ਼ ਟਿਕਾਣੇ।
ਤੇਰਾ ਕੀ ਮੁੱਲ ਲੱਗਣਾ, ਮੁਫਤਾਂ ਵਿੱਚ ਗੁਣ ਪਾ ਲੈ ਸੌਖਾ।
ਵਿਦਿਆ ਪੜ੍ਹ ਤੂੰ..........................।

ਇਸ ਦੇਸ਼ ਦੀਆਂ ਕੁੜੀਆਂ, ਅੱਜ ਤਾਂ ਅੰਬਰੀਂ ਧੁੰਮਾਂ ਪਾਈਆਂ।
ਅੱਜ ਦੇਸ਼ ਵਿਦੇਸ਼ਾਂ ਤੋਂ, ਮਿਲੀਆਂ ਤਾਂਹੀਉਂ ਖ਼ੂਬ ਵਧਾਈਆਂ।
ਘਰ ਘਰ ਵਿਚ ਲਾਡਪੁਰੀ , ਲਾ ਦੇ ਵਿਦਿਆ ਦਾ ਇਹ ਹੋਕਾ।
ਵਿਦਿਆ ਪੜ੍ਹ ਤੂੰ..........................।



# ਬੇਰੁਜ਼ਗਾਰੀ

ਬੇਰੁਜ਼ਗਾਰੀ ਸੱਜਣਾਂ, ਆਪਾਂ ਦੂਰ ਭਜਾ ਦਈਏ।
ਲਾਹਨਤ ਇਸ ਚੰਦਰੀ ਨੂੰ, ਆਪਾਂ ਮੂਲ ਮੁਕਾ ਦਈਏ।

.................................................................................................

ਵਿੱਚ ਬਦੇਸ਼ਾਂ ਜਾ ਕੇ ਆਪਾਂ ਧੱਕੇ ਖਾਂਦੇ ਆਂ।
ਓਥੇ ਜਾ ਕੇ ਝਾੜੂ, ਪੋਚਾ ਖੂਬ ਲਗਾਂਦੇ ਆਂ।
ਸੁਸਤ ਪੈਣ ਦੀ ਆਦਤ, ਸੁੱਸਰੀ ਵਾਂਗ ਸੁਆ ਦਈਏ।
ਬੇਰੁਜ਼ਗਾਰੀ ਸੱਜਣਾਂ.........................।

ਡਾਲਰਾਂ ਖਾਤਰ ਸੱਜਣੋਂ ਨਾਲੀਆਂ ਸਾਫ਼ ਕਰਾਂਉਂਦੇ ਓ।
ਬਾਹਰ ਨਹੀਂ ਸੰਗਦੇ, ਤਾਂ ਏਥੇ ਕਿਉਂ ਸ਼ਰਮਾਉਂਦੇ ਓ।
ਹੱਥਾਂ ਦੇ ਨਾਲ ਕਿਰਤ ਕਰੋ, ਇਹ ਹੋਕਾ ਲਾ ਦਈਏ।
ਬੇਰੁਜ਼ਗਾਰੀ ਸੱਜਣਾਂ.........................।

ਬੈਂਕਾਂ ਦਿੰਦੀਆਂ ਕਰਜ਼ਾ, ਸਾਨੂੰ ਕੰਮ ਚਲਾਉਣ ਲਈ।
ਵਿਦਿਆ ਪੜ੍ਹਨੇ ਲਈ, ਤੇ ਇਹ ਤੰਗੀਆਂ ਮੁਕਵਾਉਣ ਲਈ।
ਜੂਲਾ ਅੱਜ ਦਲਿੱਦਰੀ ਦਾ, ਇਹ ਗਲ ਤੋਂ ਲਾਹ ਦਈਏ,
ਬੇਰੁਜ਼ਗਾਰੀ ਸੱਜਣਾਂ.........................।

ਬਾਬੇ ਨਾਨਕ ਕਿਹਾ ਸੀ, ਕਿਰਤ ਕਰੋ ਤੇ ਵੰਡ ਖਾਵੋ।
ਨਸ਼ਿਆਂ ਤੋਂ ਤੁਸੀਂ ਦੂਰ ਰਹੋ, ਲੋੜੀਂਦਾ ਫਲ ਪਾਵੋ।
ਨੇਕ ਕਮਾਈ ਹੋਰਾਂ ਨੂੰ, ਨਾਂਹ ਮੂਲ ਫੜਾ ਦਈਏ।
ਬੇਰੁਜ਼ਗਾਰੀ ਸੱਜਣਾਂ.........................।

ਆਂਉਂਦਾ ਭਾਰਤ ਵਾਜਾਂ ਮਾਰੇ, ਤੁਸੀਂ ਸੁਆਰ ਦਿਉ।
ਗੁੱਡੀ ਇਸ ਦੀ ਉੱਚੀ, ਵਿੱਚ ਸੰਸਾਰ ਦੇ ਚਾੜ੍ਹ ਦਿਉ।
ਲਾਡਪੁਰੀ ਭਾਰਤ ਇਹ ਦੇਸ਼, ਸਵਰਗ ਬਣਾ ਲਈਏ।
ਬੇਰੁਜ਼ਗਾਰੀ ਸੱਜਣਾਂ.........................।

# ਵੀਰ-ਸਿਪਾਹੀ

ਸਰਹੱਦਾਂ ਤੇ ਵੀਰ ਸਿਪਾਹੀ, ਹਿੱਕਾਂ ਤਾਣ ਕੇ ਜਾਂਦੇ।
ਦੁੱਖ ਇਹ ਜਰਦੇ ਹਿੱਕਾਂ ਤੇ, ਸੁਖ ਸਾਡੀ ਝੋਲੀ ਪਾਂਦੇ।

........................................................................................

ਕੀ ਹੁੰਦੀ ਏ ਕੁਰਬਾਨੀ, ਕਿੰਞ ਇਸ ਨੂੰ ਤੁਸੀਂ ਪਛਾਣੋ।
ਮੂਲ ਏਸ ਦਾ, ਸਾਡੇ ਵੀਰ ਜਵਾਨਾਂ ਤੋਂ ਇਹ ਜਾਣੋ।
ਸਾਡੀ ਖਾਤਿਰ ਸਰਹੱਦਾਂ ਤੇ, ਆਪਣਾ ਖ਼ੂਨ ਵਹਾਂਦੇ।
ਸਰਹੱਦਾਂ ਤੇ ਵੀਰ ਸਿਪਾਹੀ..................।

ਦੇਸ਼ ਦੀ ਖਾਤਿਰ ਆਪਣਾ ਜੀਵਨ, ਕਰ ਦਿੰਦੇ ਕੁਰਬਾਨ।
ਧੰਨ ਏਸ ਦਾ ਜੇਰਾ ਏ, ਧੰਨ ਇਹਦਾ ਕੰਮ ਮਹਾਨ।
ਹੱਸ ਹੱਸ ਕੇ ਇਹ ਜਿੰਦ ਵਾਰਨ, ਹਿੱਕਾਂ ਤੇ ਗੋਲੀਆਂ ਖਾਂਦੇ।
ਸਰਹੱਦਾਂ ਤੇ ਵੀਰ ਸਿਪਾਹੀ..................।

ਕਿੰਞ ਬਰਫਾਂ ਦਾ ਨਿੱਘ ਇਹ ਮਾਨਣ, ਕਿੰਞ ਪਹਾੜੀਆਂ ਚੜ੍ਹਦੇ।
ਵੈਰੀ ਦੇ ਨਾਲ ਹੱਥ ਕਰਾਰੇ, ਕਰ ਕਰ ਕਿੰਞ ਨੇ ਲੜਦੇ।
ਮੋਰਚਿਆਂ ਵਿੱਚ ਹਿੱਕਾਂ ਤਾਣੀਂ, ਗੋਲੀਆਂ ਕਿਵੇਂ ਵਰ੍ਹਾਂਦੇ।
ਸਰਹੱਦਾਂ ਤੇ ਵੀਰ ਸਿਪਾਹੀ..................।

ਦੇਸ਼ ਵਾਸੀਓ ਵੀਰ ਜਵਾਨਾਂ, ਨੂੰ ਨਾ ਕਦੀ ਭੁਲਾਈਏ।
ਸੁਖਣਾਂ ਕਰੀਏ ਨਿੱਤ, ਅਤੇ ਅਰਦਾਸਾਂ ਨਿੱਤ ਕਰਾਈਏ।
ਲਾਡਪੁਰੀ ਇਹ ਜਾਨ ਆਪਣੀ, ਦੇਸ਼ ਦੇ ਲੇਖੇ ਲਾਂਦੇ।
ਸਰਹੱਦਾਂ ਤੇ ਵੀਰ ਸਿਪਾਹੀ..................।



# ਬੋਲੇ ਤੇ ਅੰਨ੍ਹੇ

ਕੰਨਾਂ, ਅੱਖਾਂ ਨਾਲ ਏ ਜਹਾਨ ਜੱਗ ਵਾਲਿਓ, ਕੰਨਾਂ ਅੱਖਾਂ ਨਾਲ ਏ ਜਹਾਨ।
ਇਨ੍ਹਾਂ ਨਾਲ ਸੁਣੀਏਂ ਤੇ ਵੇਖੀਏ ਇਹ ਜੱਗ ਸਾਰਾ, ਇਨ੍ਹਾਂ ਨਾਲ ਸਾਡੀ ਪਹਿਚਾਣ।

........................................................................................

ਇਕ ਘੜੀ ਸੁਣੇ ਨਾਂਹ ਤੇ, ਜੱਗ ਸੁੰਞਾ ਲੱਗਦਾ ਏ।
ਵਿੱਚ ਮਹਿਫਲਾਂ ਦੇ, ਬੋਲਾ ਬੰਦਾ ਨਾਂਹ ਇਹ ਫੱਬਦਾ ਏ।
ਦੂਰ ਦੂਰ ਰਹਿੰਦੇ ਸਾਰੇ ਬੋਲੇ ਬੰਦਿਆਂ ਤੋਂ,
ਦੂਰੋਂ ਜਾਪਦੇ ਕੰਨੀ ਖਿਸਕਾਣ।
ਕੰਨਾਂ ਅੱਖਾਂ ਨਾਲ ਏ......................।
ਜੱਗ ਦੇ ਨਜ਼ਾਰੇ ਇਨ੍ਹਾਂ ਅੱਖੀਆਂ ਨਾ' ਜਾਣੀਏ।
ਬੁਰਾ ਭਲਾ ਬੰਦਾ ਵੇਖ ਉਸ ਨੂੰ ਪਛਾਣੀਏ।
ਅੱਖਾਂ ਵਾਲੇ ਬੰਦੇ ਤੋਂ ਤਾਂ ਲੁੱਕਦਾ ਨਾਂਹ ਕੁਝ,
ਅੰਨ੍ਹੇ ਬੰਦੇ ਤੋਂ ਤਾਂ ਸੱਭ ਇਹ ਲੁਕਾਣ।
ਕੰਨਾਂ ਅੱਖਾਂ ਨਾਲ ਏ......................।
ਸੂਰਦਾਸ ਅੰਨ੍ਹੇ ਹੁੰਦੇ, ਹੁਨਰ ਲੁਕਾਇਆ ਨਾਂਹ।
ਸਾਹਿਤ ਦੀ ਵੱਡੀ ਦੇਣ, ਦੇਣੋ ਸ਼ਰਮਾਇਆ ਨਾਂਹ।
ਅੱਖ, ਕੰਨ ਰੱਬ ਦੀ ਏ, ਦੇਣ ਇਹ ਸਚਾਈ ਜਾਣੋ।
ਸੱਚ ਤੋਂ ਨਾਂਹ ਮੋੜਿਓ ਧਿਆਨ।
ਕੰਨਾਂ ਅੱਖਾਂ ਨਾਲ ਏ......................।
ਬੋਲਾ ਹੈ ਤਾਂ ਓਸ ਦੇ ਇਸ਼ਾਰੇ ਨੂੰ ਨਾ ਮੋੜਿਓ।
ਅੰਨ੍ਹਾ ਹੈ ਤਾਂ ਉਸਨੂੰ ਸਹਾਰਾ ਦੇ ਕੇ ਤੋਰਿਓ।
ਅੰਨ੍ਹੇ ਬੋਲੇ ਬੰਦਿਆਂ ਦੀ ਸੇਵਾ ਕਰੋ ਰੱਜ ਰੱਜ,
ਲਾਡਪੁਰੀ ਇਹ ਵੀ ਇਨਸਾਨ।
ਕੰਨਾਂ ਅੱਖਾਂ ਨਾਲ ਏ......................।

# ਸੱਚ

ਸੱਚ ਬੋਲੋ, ਇਸ ਦੁਨੀਆਂ ਤੋਂ ਵੀ ਝੂਠ ਬੁਲਾਇਓ ਨਾਂਹ।
ਲਾਲਚ ਵਿੱਚ ਪੈ ਕੇ ਕਿਧਰੇ, ਇਤਬਾਰ ਗਵਾਇਓ ਨਾਂਹ।

.............................................................................................

ਬਾਬੇ ਨਾਨਕ ਥਾਂ ਥਾਂ ਜਾ ਕੇ ਸੱਚ ਬੁਲਾ ਦਿੱਤਾ।
ਭੂਮੀ, ਕੌਡਾ ਰਾਕਸ਼ ਸਿੱਧੇ ਰਸਤੇ ਪਾ ਦਿੱਤਾ।
ਖੱਟੀ ਖੋਟੇ ਕੰਮਾਂ ਦੀ ਉੱਕੀ ਹੀ ਖਾਇਓ ਨਾਂਹ।
ਲਾਲਚ ਵਿੱਚ ਪੈ ਕੇ ਕਿਧਰੇ..........।

ਸੱਚ ਬੋਲੋ, ਇਤਬਾਰ ਇਹ ਦੁਨੀਆਂ ਸਾਰੀ ਕਰਦੀ ਏ।
ਬੋਲ ਓਸ ਦੇ ਇੱਕ ਤੇ, ਹਾਮੀ ਦੁਨੀਆਂ ਭਰਦੀ ਏ।
ਭੁੱਲ ਕੇ ਝੂਠੇ ਬੰਦੇ ਤੇ ਇਤਬਾਰ ਜਮਾਇਓ ਨਾਂਹ।
ਲਾਲਚ ਵਿੱਚ ਪੈ ਕੇ ਕਿਧਰੇ..........।

ਸੱਚ ਤੇ ਨੇਕ-ਕਮਾਈ ਦੁਨੀਆਂ ਉਤੇ ਤਾਰੇਗੀ।
ਬੇਈਮਾਨੀ ਤੇ ਝੂਠ-ਕਮਾਈ ਬਣਿਆਂ ਸਾੜੇਗੀ।
ਬਣਦੇ ਇਵੇਂ ਅਮੀਰ ਕਿਤੇ ਤੁਸੀਂ ਉੱਜੜ ਜਾਇਓ ਨਾਂਹ।
ਲਾਲਚ ਵਿੱਚ ਪੈ ਕੇ ਕਿਧਰੇ..........।

ਲੋਕੋ ਨੇਕ-ਕਮਾਈ ਕਰ ਲੌ ਸੱਚ ਪੁਕਾਰ ਲਵੋ।
ਸੱਚ ਬੋਲਕੇ ਆਪਣਾ ਤੁਸੀਂ ਭਵਿੱਖ ਉਸਾਰ ਲਵੋ।
ਲਾਡਪੁਰੀ ਲੱਗ ਝੂਠੇ ਦੇ ਸੰਗ ਬਣਿਆਂ ਢਾਇਓ ਨਾਂਹ।



# ਸਮਾਂ

ਏਸ ਸਮੇਂ ਦੀ ਚਾਲ ਨਿਰਾਲੀ, ਕਈ ਚੱਕਰਾਂ ਵਿੱਚ ਪਾਏ।
ਦੇ ਕੇ ਗੇੜੇ ਵਿੱਚ ਕਈ ਸੁੱਸਰੀ ਵਾਂਗ ਸੁਆਏ।

.............................................................................................

ਰਾਮ ਜਿਹੇ ਇਸ ਭਗਤਾਂ ਨੂੰ ਸੀ, ਅਤਿ ਵਖਤਾਂ ਵਿੱਚ ਪਾਇਆ।
ਮਹਾਂ-ਭਾਰਤ ਵਿੱਚ ਮਹਾਂਬਲੀਆਂ ਨੂੰ, ਪਲ ਵਿੱਚ ਮਾਰ ਮੁਕਾਇਆ।
ਪੁੱਠਾ ਇਸ ਨੇ ਗੇੜਾ ਦੇ ਕੇ, ਅਤਿ ਸੀ ਘਾਣ ਕਰਾਏ।
ਦੇ ਕੇ ਗੇੜੇ ਵਿੱਚ..........................।

ਕਦੀ ਧਰਤ ਨੂੰ ਏਸ ਹਿਲਾਇਆ, ਵਰਖਾ ਖੂਬ ਵਰ੍ਹਾਈ।
ਸੋਕਿਆਂ, ਡੋਬਿਆਂ ਲੋਕਾਂ ਦੀ ਇਹ ਜਿੰਦ ਕੁੜਿੱਕੀ ਲਾਈ।
ਕਈ ਏਸ ਨੇ ਘੋਰ ਬਿਮਾਰੀ ਦੇ ਵਿੱਚ ਖੂਬ ਫਸਾਏ।
ਦੇ ਕੇ ਗੇੜੇ ਵਿੱਚ..........................।

ਸਮੇਂ ਦੀ ਭੈੜੀ ਚਾਲ ਕੋਲੋਂ ਨੇ ਅੱਜ ਵੀ ਸਾਰੇ ਡਰਦੇ।
ਇਸ ਦੀ ਤੱਕਣੀ ਤੱਕ ਤੱਕ ਕੇ, ਸਭ ਸੋਚ ਸੋਚ ਪੱਗ ਧਰਦੇ।
ਕਈ ਦੇਸ਼ਾਂ ਨੂੰ ਵਲ ਵਿੱਚ ਲੈ ਇਸ, ਦੋ ਸੀ ਜੰਗ ਕਰਾਏ।
ਦੇ ਕੇ ਗੇੜੇ ਵਿੱਚ..........................।

ਲੋਕੋ ਇਸ ਦੀ ਚਾਲ ਨੂੰ ਸਮਝੋ, ਚੜ੍ਹੋ ਨ ਇਸ ਦੇ ਟੇਟੇ।
ਕਿਧਰੇ ਪੁੱਠੇ ਗੇੜੇ ਵਿੱਚ ਨ ਸਾਨੂੰ ਆਣ ਲਪੇਟੇ।
ਲਾਡਪੁਰੀ ਤਦ ਬਚਣਾਂ ਔਖਾ, ਰੱਬ ਹੀ ਆਣ ਬਚਾਵੇ।
ਦੇ ਕੇ ਗੇੜੇ ਵਿੱਚ..........................।

# ਮੌਤ

ਮੌਤ ਕੋਲੋਂ ਬਚਿਆ ਨ ਅੱਜ ਤੱਕ ਕੋਈ,
ਗੋਦ ਆਪਣੀ ਚ, ਲੈਂਦੀ ਏ ਬਠਾਅ।
ਲਾਟੀ ਖਾਂ ਦਾ ਸਾਲਾ ਭਾਵੇਂ ਬਣਿਆਂ ਧਰਤ ਉਤੇ,
ਪਲ ਵਿਚ ਕਰੇ ਇਹ ਸੁਆਹ।

..........................................................................................

ਪੈਦਾ ਜੋ ਵੀ ਹੋਇਆ, ਇਸ ਧਰਤੀ ਦੀ ਹਿੱਕ ਉੱਤੇ,
ਇੱਕ ਦਿਨ ਜਾਣਾ ਉਹ ਜ਼ਰੂਰ ਏ।
ਭਾਵੇਂ ਸਦਾ ਰਹਿਣ ਦੀਆਂ ਪੱਕੀਆਂ ਪਕਾਏ ਕੋਈ,
ਭਾਵੇਂ ਰਾਜਾ ਕੋਈ ਮਸ਼ਹੂਰ ਏ।
ਜਦੋਂ ਆਉਣਾ ਸਮਾਂ ਉਹਦੀ ਮੌਤ ਦਾ ਪਈ ਸੱਜਣਾਂ ਤਾਂ,
ਮੌਤ ਲੈਣਾ ਆਪੇ ਹੀ ਬੁਲਾਅ।
ਮੌਤ ਕੋਲੋਂ ਬਚਿਆ ਨ.......................।

ਭੇਜਿਆ ਸੀ ਬੰਦਾ ਜਦੋਂ ਏਸ ਧਰਤੀ ਤੇ,
ਕਿਹਾ ਚੰਗੇ ਕੰਮ ਕਰੀਂ ਤੇ ਕਰਾਈਂ ਤੂੰ।
ਯਾਦ ਰੱਖੀਂ ਮੈਨੂੰ, ਮੇਰੇ ਬੰਦਿਆਂ ਦੀ ਸੇਵਾ ਕਰੀਂ,
ਉਨ੍ਹਾਂ ਨੂੰ ਨਾਂਹ ਕਦੀ ਵੀ ਸਤਾਈਂ ਤੂੰ।
ਭੁੱਲ ਗਿਆ ਬੰਦਾ ਏਸ ਧਰਤ ਤੇ ਆਂਉਂਦਿਆਂ ਹੀ,
ਜਾਣ ਦਾ ਆਹ ਦਿਨ ਗਿਆ ਆ।
ਮੌਤ ਕੋਲੋਂ ਬਚਿਆ ਨ.......................।

ਕਿਹਦੇ ਨਾਲ ਪਿਆਰ, ਕਾਹਨੂੰ ਲੱਖਾਂ ਤੇ ਕਰੋੜਾਂ ਜੋੜੇ,
ਕਾਹਨੂੰ ਵੱਡੇ ਬੰਗਲੇ ਬਣਾਏ ਤੂੰ।
ਤੂੰ ਤੇ ਸਦਾ ਰਹਿਣ ਦੀਆਂ, ਮਨ ਵਿੱਚ ਧਾਰ ਬੈਠਾ,



ਰਾਜ ਦਰਬਾਰ ਆਹ ਸਜਾਏ ਤੂੰ।
ਮੌਤ ਦੇ ਇਹ ਭੈ ਕਦੇ ਮਨ ਨਾਂਹ ਸਤਾਇਆ ਤੇਰਾ,
ਅੱਜ ਤੇਰਾ ਦਿਤਾ ਏ ਸਤਾਅ।
ਮੌਤ ਕੋਲੋਂ ਬਚਿਆ ਨ.......................।

ਬਣਿਆਂ ਜੋ ਕਿਧਰੇ ਵੀ, ਢੱਠ ਜਾਣਾ ਇੱਕ ਦਿਨ,
ਜਦੋਂ ਫੇਰਾ ਮੌਤ ਨੇ ਆ ਪਾਉਣਾ ਏਂ।
ਭਾਵੇਂ ਤੂੰ ਜਵਾਨਾਂ ਕਿੰਨੀ ਪੱਕੀਆਂ ਪਕਾਵੇਂ,
ਮੌਤ ਖ਼ਾਕ ਵਿੱਚ ਮੈਨੂੰ ਆ ਰੁਲਾਉਣਾ ਏਂ।
ਲਾਡਪੁਰੀ ਹੱਕ ਤੂੰ ਪਰਾਏ ਛੱਡ ਕੇ,
ਸਦਾ ਸਭਨਾਂ ਦਾ ਕਰੀਂ ਤੂੰ ਭਲਾ।
ਮੌਤ ਕੋਲੋਂ ਬਚਿਆ ਨ.......................।

## ਸਚਾਈ

ਪਾਪ ਜ਼ੁਲਮ ਜਦ ਹੱਦ ਤੋਂ ਟੱਪ ਜਾਂਦੇ,
ਪਰਦਾ ਝੂਠ ਦਾ ਸੱਚ ਤੇ ਚਾੜ੍ਹਦੇ ਨੇ।
ਝੱਖੜ ਜ਼ੁਲਮ ਤੇ ਪਾਪ ਦਾ ਰੋਕਣੇ ਲਈ,
ਮਹਾਂਪੁਰਖ ਉਦੋਂ ਜਨਮ ਧਾਰਦੇ ਨੇ।

# ਗੁਰੂ (ਅਧਿਆਪਕ)

ਗੁਰੂ ਏਸ ਜੱਗ ਦਾ ਏ ਘਾੜਾ ਜੱਗ ਉੱਤੇ,
ਇਹਦਾ ਰੁਤਬਾ ਤਾਂ ਬੜਾ ਏ ਮਹਾਨ।
ਇਨ੍ਹਾਂ ਨਾਲ ਸੌਰਦਾ ਜਹਾਨ ਸਾਰਾ ਜੱਗ ਉੱਤੇ,
ਪੂਜਦਾ ਤਾਂ ਤਾਂਹੀਓਂ ਏਂ ਜਹਾਨ।

.......................................................................................

ਅਲ੍ਹੜ ਤੇ ਸਮਝਾਂ ਤੋਂ ਕੋਰਾ ਭਾਵੇਂ ਕੋਈ ਹੋਵੇ,
ਭਰ ਦਿੰਦਾ ਉਹਦੇ 'ਚ ਗਿਆਨ ਏ।
ਅਕਲਾਂ ਤੋਂ ਕੋਰਾ ਹੋਵੇ ਛੋਹ ਇਹਦੀ ਪਾ ਕੇ,
ਉਹ ਵੀ ਪੂਰਾ ਬਣ ਜਾਂਦਾ ਇਨਸਾਨ ਏ।
ਜੱਗ ਜਿਹਨੂੰ ਪੂਜਦਾ ਏ, ਆਸਰਾ ਨੇ ਜਿਹਦਾ ਲੈਂਦੇ,
ਇਹਦੇ ਘੜੇ ਵੇਦ ਤੇ ਪੁਰਾਣ।
ਗੁਰੂ ਏਸ ਜੱਗ ਦਾ ਏ.........................।

ਨਿਗਾਹ ਇਹ ਸਵੱਲੀ ਇਹਦੀ ਜਿਸ ਪਾਸੇ ਹੋਵੇ,
ਉਥੇ ਆਉਂਦੀ ਤਾਂ ਇਹ ਖੇੜੇ ਦੀ ਬਹਾਰ ਏ।
ਚਮਨਾਂ ਚ ਸੋਕਾ ਪਏ, ਗਿਆਨ ਦਾ ਇਹ ਪਾਣੀ ਲਾਵੇ,
ਖਿੜ ਖਿੜ ਖਿੜੇ ਗੁਲਜ਼ਾਰ ਏ।
ਤੂੰ ਹੀ ਦੱਸੇਂ ਗੁੱਝੇ ਭੇਤ ਏਸ ਜੱਗ ਵਾਲੇ,
ਤੂੰ ਹੀ ਜਾਪਦਾ ਏਂ ਵਾਲੀ ਦੋ ਜਹਾਨ।
ਗੁਰੂ ਏਸ ਜੱਗ ਦਾ ਏ.........................।

ਪੂਜਦੇ ਸੀ ਰਾਜੇ ਉਦੋਂ, ਚਰਨਾਂ ਤੇ ਢਹਿੰਦੇ ਤਦੋਂ
ਰਾਜ ਦਰਬਾਰ 'ਚ, ਬੁਲਾਉਂਦੇ ਜਦ।
ਪੈਰ ਪੈਰ ਉਤੇ ਤਾਂ ਉਹ ਪੁੱਛ ਪੁੱਛ ਚਲਦੇ ਸੀ,



ਆਪਣੇ ਬਰਾਬਰ ਬਠਾਉਂਦੇ ਤਦ।
ਮਾਨ ਤਾਣ ਇਨ੍ਹਾਂ ਦੇ 'ਚ, ਆਪਣਾ ਸੀ ਮਾਣ ਕਹਿੰਦੇ,
ਇਨ੍ਹਾਂ ਦੀ ਹੀ ਸ਼ਾਨ ਵਿੱਚ ਸ਼ਾਨ।
ਗੁਰੂ ਏਸ ਜੱਗ ਦਾ ਏ.........................।

ਕਿੱਥੇ ਗਿਆ ਮਾਣ ਤਾਣ ਕਿੱਥੇ ਗਿਆ ਸਨਮਾਨ,
ਕਿਵੇਂ ਸਤਿਕਾਰ ਉਹ ਗਵਾਇਆ ਏ?
ਵਿਦਿਆ ਵਪਾਰ ਹੋਇਆ,
ਮਾਡਲ ਸਕੂਲ ਖੁਲ੍ਹੇ ਰਹਿੰਦਾ ਭੱਠਾ ਇਨ੍ਹਾਂ ਨੇ ਬਠਾਇਆ ਏ।
ਨਾਤਾ ਗੁਰੂ ਚੇਲੇ ਵਾਲਾ ਉਡ ਪੁਡ ਗਿਆ,
ਚੇਲੇ ਬਣੇ ਅੱਜ ਸਭ ਪ੍ਰਧਾਨ।
ਗੁਰੂ ਏਸ ਜੱਗ ਦਾ ਏ.........................।

ਜਿਸ ਵੀ ਸਮਾਜ ਵਿੱਚ, ਗੁਰੂ ਦਾ ਇਹ ਮਾਣ ਹੋਵੇ,
ਗਿਆਨ ਦੀ ਇਹ ਟੀਸੀ ਤੇ ਚੜ੍ਹਾ ਦਏ।
ਜਿੱਥੇ ਸਰਕਾਰ ਇਹਨੂੰ ਦੇਵੇ ਸਤਿਕਾਰ,
ਓਥੇ ਅੰਬਰਾਂ ਨੂੰ ਹੱਥ ਇਹ ਲੁਆ ਦਏ।
ਲਾਡਪੁਰੀ ਸਰਕਾਰ, ਤੇ ਸਮਾਜ ਰਲ ਕੇ ਤੇ,
ਇਹਦਾ ਪੂਰਾ ਕਰੋ ਸਨਮਾਨ।
ਗੁਰੂ ਏਸ ਜੱਗ ਦਾ ਏ.........................।

# ਅਮਨ ਦਾ ਸੰਦੇਸ਼

ਜੋ ਵੀ ਆਇਆ ਇਸ ਧਰਤੀ ਤੇ, ਜੋ ਵੀ ਧਰਤੀ ਦਾ ਜਾਇਆ ਏ।
ਕੁਦਰਤ ਨੇ ਹਰ ਸ਼ੈ ਦੇ ਅੰਦਰ, ਆਪਣਾ ਹੀ ਰੂਪ ਸਜਾਇਆ ਏ।
ਸਭ ਰੂਪ ਤਾਂ ਕੁਦਰਤ ਦੇ ਆਪਾਂ, ਹਰ ਰੂਪ 'ਚ ਕੁਦਰਤ ਵਸਦੀ ਏ।
ਹਰ ਫਿਜ਼ਾ 'ਚ ਕੁਦਰਤ ਦਾ ਵਾਸਾ, ਸਾਨੂੰ ਟੁੰਬ ਟੁੰਬ ਕੇ ਦਸਦੀ ਏ।

ਇਹ ਧੜੇ ਧੜੇ ਫਿਰ ਕਾਹਦੇ ਨੇ, ਕਾਹਦੇ ਲਈ ਨੇ ਇਹ ਗੁਟਬੰਦੀਆਂ,
ਫਿਰ ਆਪੋ ਵਿੱਚ ਨਫ਼ਰਤ ਕਾਹਦੀ, ਇਕੋ ਹੀ ਰੂਪ ਜੇ ਸਾਰਾ ਏ।
ਮਾਣੋ ਉਸ ਦਾ ਰੰਗ ਰੱਜ ਰੱਜ ਕੇ, ਨ ਛੇੜੋ ਇਸ ਦਾ ਮਾਨ ਕਰੋ,
ਕੁਝ ਸਮਝ ਤੂੰ ਏਸ ਬੁਝਾਰਤ ਨੂੰ, ਤੇਰੇ ਲਈ ਇਕ ਇਸ਼ਾਰਾ ਏ।

ਕੁਦਰਤ ਦਾ ਬਣਿਆ ਢਾਵੇਂ ਤੂੰ, ਕਾਹਦੀ ਇਹ ਦੱਸ ਦਨਾਈ ਏ,
ਇਹਦਾ ਮਾਣ ਕਰੋ, ਸਤਿਕਾਰ ਕਰੋ, ਇਸ ਦਾ ਮਿਲਣਾ ਮੁੜ ਭਾਰਾ ਏ।
ਇਹ ਛੇੜ ਛਾੜ ਨਾਲ ਸੁੱਕ ਜਾਊ, ਤੇਰੀ ਇਹ ਹੋਂਦ ਵੀ ਮੁੱਕ ਜਾਊ,
ਤੇਰੇ ਜੀਣੇ ਲਈ ਇਹ ਘੜਿਆ, ਇਸ ਦੇ ਨਾਲ ਤੇਰਾ ਸਹਾਰਾ ਏ।

ਤੂੰ ਜੀਅ ਲੈ ਕੁੱਝ ਚਿਰ ਅਮਨਾਂ ਨਾ', ਜੇ ਜਿਊਣਾ ਚਾਹੁੰਨਾ ਧਰਤੀ ਤੇ,
ਧਰਤੀ ਤੇ ਜਾਇਆ ਹਰ ਤੇਰਾ, ਤੇਰੀ ਅੱਖਾਂ ਦਾ ਤਾਰਾ ਏ।
ਇਹ ਧੌਂਸਾਂ ਕਿਸਨੂੰ ਮਾਰ ਰਿਹਾਂ, ਤੂੰ ਆਪਣੀ ਹੋਂਦ ਪਛਾਣ ਜ਼ਰਾ,
ਕਾਹਨੂੰ ਇਸ ਨੂੰ ਹੀ ਢਾਉਣ ਲਈ, ਤੂੰ ਫਿਰਦਾ ਮਾਰਾ ਮਾਰਾ ਏਂ।

ਤੇਰੀ ਆਪਣੀ ਸ਼ਕਤੀ ਹੀ ਤੇਰੀ, ਇਹ ਹੋਂਦ ਮਿਟਾ ਕੇ ਰਖ ਦਊਗੀ,
ਉਹ ਮਾਲਕ ਤੇਰਾ ਸਹਾਰਾ ਏ, ਉਹੀ ਤਾਂ ਘੜਨੇਹਾਰਾ ਏ।
ਤੂੰ ਜੀਅ ਲੈ ਇਸ ਧਰਤੀ ਉੱਤੇ, ਦੂਜੇ ਨੂੰ ਵੀ ਤਾਂ ਜੀਣ ਦਈਂ,
ਦੁਨੀਆਂ ਵਿੱਚ ਅਮਨ ਸ਼ਾਂਤੀ ਬਿਨ, ਤੇਰਾ ਨਾ ਕੋਈ ਚਾਰਾ ਏ।
ਕੁਝ ਹੋਸ਼ ਕਰੀਂ, ਕੁੱਝ ਸੋਚ ਕਰੀਂ, ਬਿਨ ਸੋਚੋਂ ਕਦਮ ਉਠਾਈਂ ਨਾਂਹ,
ਉਸ ਦੀ ਬਿਨ ਦੇਣ ਇਹ ਲਾਡਪੁਰੀ, ਤੇਰਾ ਦੱਸ ਕਿਵੇਂ ਗੁਜ਼ਾਰਾ ਏ।



# ਇਨਸਾਨ

ਪੰਜਾਂ ਤੱਤਾਂ ਦਾ ਰੱਬ ਨੇ, ਪੈਦਾ ਕੀਤਾ ਇਨਸਾਨ।
ਪਹਿਲਾਂ ਕੀਤਾ ਵਾਸ ਏਸ ਵਿੱਚ, ਫਿਰ ਪਾਈ ਇਹ ਜਾਨ।

..............................................................................................

ਜਦ ਜਾਮਾ ਇਨਸਾਨ ਦਾ ਇਕੋ ਰੱਬ ਨੇ ਹੀ ਏ ਘੜਿਆ।
ਦੱਸੋ ਅੱਜ ਭਾਈ ਭਾਈ, ਆਪੋ ਵਿੱਚ ਕਿਉਂ ਏਂ ਲੜਿਆ?
ਰੂਪ ਰੰਗ ਤਾਂ ਸਾਰੇ ਹੀ, ਦਿੱਤੇ ਨੇ ਉਸ ਭਗਵਾਨ।
ਪੰਜਾਂ ਤੱਤਾਂ ਦਾ ਰੱਬ ਨੇ.................।

ਅਮੀਰ ਗ਼ਰੀਬ ਇਹ ਦੋਵੇਂ ਰੂਪ, ਉਸ ਮਾਲਕ ਆਪ ਬਣਾਏ।
ਏਥੇ ਇਨਸਾਂ, ਇਨਸਾਂ ਪਾਸੋਂ, ਹੁੰਦੇ ਜਾਣ ਪਰਾਏ।
ਇਨਸਾਂ ਸਮਝੋ ਪਹਿਲਾਂ, ਇਸ ਪੈਸੇ ਦਾ ਕਾਹਦਾ ਮਾਣ।
ਪੰਜਾਂ ਤੱਤਾਂ ਦਾ ਰੱਬ ਨੇ.................।

ਸ਼ੇਰ, ਚੀਤੇ ਤੇ ਹਾਥੀ ਸਭ ਤੋਂ, ਵੱਖ ਇਨਸਾਨ ਬਣਾਇਆ।
ਸੂਝ ਏਸ ਵਿੱਚ ਪਾ ਕੇ ਰੱਬ ਨੇ, ਆਪਣਾ ਰੂਪ ਲਗਾਇਆ।
ਉੱਚਾ ਨੀਵਾਂ ਨ ਕੋਈ ਜਾਣੋ, ਸਭ ਦੀ ਇਕੋ ਜਾਨ।
ਪੰਜਾਂ ਤੱਤਾਂ ਦਾ ਰੱਬ ਨੇ.................।

ਕੋਈ ਤਕੜਾ ਹੈ ਸਮਝੀ ਬੈਠਾ, ਮਾੜੇ ਨੂੰ ਨ ਜਾਣੇ।
ਮਾਣ 'ਚ ਆ ਕੇ ਛੋਟੇ ਦੇ, ਦਿੱਲ ਦੀ ਨ ਰਮਜ਼ ਪਛਾਣੇ।
ਧਰਤੀ ਦਾ ਇਨਸਾਨ ਏਂ ਬਣਿਆ, ਅੱਜ ਲੱਗਦਾ ਸ਼ੈਤਾਨ।
ਪੰਜਾਂ ਤੱਤਾਂ ਦਾ ਰੱਬ ਨੇ.................।

ਓ ਲੋਕੋ ਓ ਲੋਕੋ, ਇਨਸਾਨਾਂ ਦੀ ਰਮਜ਼ ਪਛਾਣੋ।
ਹਰ ਦਿਲ ਦੇ ਵਿੱਚ ਰੱਬ ਏ ਵੱਸਦਾ, ਏਸ ਗੱਲ ਨੂੰ ਜਾਣੋ।
ਮਾਣ ਕਰਾਓ ਲਾਡਪੁਰੀ ਦੂਜੇ ਦਾ ਕਰ ਲੌ ਮਾਨ।
ਪੰਜਾਂ ਤੱਤਾਂ ਦਾ ਰੱਬ ਨੇ.................

# ਸਮੇਂ ਦੀ ਕਦਰ (ਗਜ਼ਲ)

ਸਮਾਂ ਇਹ ਲੰਘਦਾ ਜਾਂਦਾ, ਕਦਰ ਇਸ ਦੀ ਕਰਾ ਲੈ ਤੂੰ।
ਕੁਝ ਬਣਨੇ ਦੀ ਕੁਝ ਕਰਨੇ ਦੀ, ਚੇਟਕ ਮਨ ਨੂੰ ਲਾ ਲੈ ਤੂੰ।
ਪੜ੍ਹ, ਇਤਿਹਾਸ ਦੇ ਪੱਤਰੇ, ਜਿਨ੍ਹਾਂ ਇਤਿਹਾਸ ਨੂੰ ਘੜਿਆ।
ਜਿਨ੍ਹਾਂ ਵੀਉੱਚ ਮੱਲ ਮਾਰੀ, ਸਮੇਂ ਦਾ ਓਸ ਲੜ ਫੜਿਆ।
ਜੋ ਪਾਣੀ ਲੰਘਿਆ ਪੱਤਣੋਂ, ਨਾਂਹ ਵਾਪਸ ਕੋਈ ਲਿਆ ਸਕਦਾ।
ਜੋ ਡਿੱਗਿਆ ਸਿਖਰ ਤੋਂ, ਮੁਸ਼ਕਲ ਦੇ ਨਾਲ ਕੋਈ ਬਚਾ ਸਕਦਾ।
ਇਹ ਪਲ ਦੋ ਪਲ ਦਾ ਜੀਵਨ ਏਂ, ਸਮੇਂ ਦੀ ਕਦਰ ਪਾ ਲੈ ਤੂੰ।
ਸਮੇਂ ਤੋਂ ਸਫਲ ਹੋਣੇ ਦੀ, ਉਹ ਕੁੰਜੀ ਹੀ ਚੁਰਾ ਲੈ ਤੂੰ।
ਤੇਰੀ ਇਹ ਰੀਝ, ਸਮੇਂ ਨਾਲ ਹੀ ਹੋਣੀ ਇਹ ਪੂਰੀ ਏ।
ਸਮੇਂ ਦਾ, ਸਫਲ ਹੋਣੇ ਲਈ, ਤਾਂ ਲੜ ਫੜਨਾ ਜ਼ਰੂਰੀ ਏ।
ਸਮੇਂ ਦੀ ਕਦਰ ਜੋ ਕਰਦਾ, ਉਹ ਗੁੱਝਾ ਰਾਜ਼ ਪਾ ਲੈਂਦਾ।
ਸਫ਼ਲਤਾ ਦਾ ਉਹ ਸਿਹਰਾ, ਆਪਣੇ ਸਿਰ ਤੇ ਸਜਾ ਲੈਂਦਾ।
ਪਿਤਾ ਦਸ਼ਮੇਸ਼ ਛੋਟੀ ਉਮਰ, ਉਹ ਕਾਰੇ ਕਰਾ ਦਿੱਤੇ।
ਇਸ ਇਤਿਹਾਸ ਦੇ ਪੱਤਰੇ, ਸੁਨਹਿਰੇ ਉਸ ਲਿਖਾ ਦਿੱਤੇ।
ਸਮੇਂ ਦੀ ਕਦਰ ਕਰ ਲੈ, ਵਿਅਰਥ ਨਾਂਹ ਇਸ ਨੂੰ ਗੁਆ ਦੇਵੀਂ।
ਇਹਦੇ ਤੇ ਸਫ਼ਲਤਾ ਦਾ ਆਪਣਾ, ਠੱਪਾਂ ਲਗਾ ਦੇਵੀਂ।
ਦੁਨੀਆਂ ਪੂਜਦੀ ਉਸਨੂੰ, ਸਮਾਂ ਨਾਂਹ ਜਿਸ ਗਵਾਇਆ ਏ।
ਉਹ ਜਿਸ ਨੇ ਸਮੇਂ ਦੀ ਰਮਜ਼ਾਂ ਦਾ, ਗੁੱਝਾ ਭੇਤ ਪਾਇਆ ਏ।
ਆਓ ਹੁਣ ਤੋਂ ਸਮੇਂ ਨੂੰ ਆਪਣਾ, ਦੋਸਤ ਬਣਾ ਲਈਏ।
ਲਾਡਪੁਰੀ ਇਸ ਵਿੱਚੋਂ, ਉਹ ਗੁੱਝੇ ਰਾਜ਼ ਪਾ ਲਈਏ।



# ਏਕਾ

ਇਹ ਭਾਰਤ ਦੇਸ਼ ਸਾਡਾ, ਅਮਨ ਦਾ ਜੱਗ ਤੇ ਪੁਜਾਰੀ ਏ।
ਇਹਦੀ ਅਮਨਾਂ ਦੀ ਨੀਤੀ, ਜੱਗ ਦੀ ਕਿਸਮਤ ਸੁਆਰੀ ਏ।
ਇਹਦੀ ਰਗ਼ ਰਗ਼ 'ਚ ਅਮਨਾਂ ਦੀ, ਇਹ ਖੁਸ਼ਬੋਈ ਸਮਾਈ ਏ।
ਤੇ ਸਾਰੇ ਜੱਗ ਵਿੱਚ ਅਮਨਾਂ ਦੀ, ਦਿੱਤੀ ਇਸ ਦੁਹਾਈ ਏ।
ਦੁਸ਼ਮਣ ਦੇਸ਼ ਵੀ ਅੱਜ, ਇਸ ਦੀ ਨੀਤੀ ਸਲ੍ਹਾਉਂਦੇ ਨੇ।
ਕਦੀ ਜੋ ਦੂਰ ਹੋ ਗਏ ਸਨ, ਉਹ ਅੱਜ ਦੋਸਤ ਬਣਾਉਂਦੇ ਨੇ।
ਕਈ ਸਦੀਆਂ ਗ਼ੁਲਾਮੀ ਦੀ, ਜੰਜੀਰੀ ਰੋੜ੍ਹ ਦਿੱਤਾ ਸੀ।
ਫ਼ਿਜ਼ਾ ਇਹਦੀ ਸੰਵਰਦੀ ਦਾ, ਇਹ ਭਾਂਡਾ ਫੋੜ ਦਿੱਤਾ ਸੀ।
ਇਹਦਾ ਧੰਨ, ਮਾਲ ਸਾਰਾ, ਇਕ ਦਿਨ ਸੀ ਖੋਹ ਲਿਆ ਗ਼ੈਰਾਂ।
ਇਹਦੀ ਇੱਜ਼ਤ ਕੁਆਰੀ ਨੂੰ ਸੀ, ਇਕ ਦਿਨ ਕੋਹ ਲਿਆ ਗ਼ੈਰਾਂ।
ਦਰਿਆ ਖੂਨ ਦੇ ਆਪਾਂ, ਅਜ਼ਾਦੀ ਲਈ ਵਹਾ ਦਿੱਤੇ।
ਸਰੂ ਜਿਹੇ ਸੂਰਮੇ ਆਪਾਂ ਅਜ਼ਾਦੀ ਲਈ ਲੁਟਾ ਦਿੱਤੇ।
ਕਿਹੜੀ ਉਹ ਚੀਜ਼ ਨਹੀਂ, ਜੋ ਅੱਜ ਇਹ ਧਰਤੀ ਬਣਾਉਂਦੀ ਏ।
ਬਣੇ ਹੋਏ ਮਾਲ ਨੂੰ ਅੱਜ, ਬਾਹਰ ਦੇਸ਼ਾਂ 'ਚ ਪੁਚਾਉਂਦੀ ਏ।
ਇਹਦੇ ਵੱਧਦੇ ਹੋਏ ਕਦਮਾਂ ਨੂੰ, ਤਾਂ ਭਾਵੇਂ ਕਈ ਸਲਾਹੁੰਦੇ ਨੇ।
ਐਪਰ ਗ਼ੈਰ ਕਈ ਕੋਝੇ, ਆਹ ਮਨਸੂਬੇ ਬਣਾਉਂਦੇ ਨੇ।
ਦੇਸ਼ ਦੇ ਸਾਥੀਓ, ਓ ਹਾਮੀਓਂ, ਸਮਝੋ ਇਸ਼ਾਰਾ ਇਹ,
ਇਹ ਵੰਡੀਆਂ ਪਾ ਕੇ ਸਾਡੇ ਦੇਸ਼ ਦਾ, ਭੱਠਾ ਬਠਾਉਂਦੇ ਨੇ।
ਬਚੋ ਇਹਦੀ ਇਹ ਕੋਝੀ ਚਾਲ ਤੋਂ, ਏਕਾ ਵਖਾ ਦੇਵੋ।
'ਲਾਡਪੁਰੀ' ਆਪਣਾ ਦੇਸ਼, ਸੋਨ-ਚਿੜੀਆ ਬਣਾ ਦੇਵੋ।

# ਭਰਾ ਤੇ ਵੀਰ (ਦੋ ਗਾਣਾ)

ਭਾ ਜੀ

ਵੀਰਾ ਤੈਨੂੰ ਯਾਦ ਆਈ ਨਾਂਹ, ਦੇਸ਼ ਬੇਗਾਨੇ ਜਾ।
ਪੰਦਰਾਂ ਸਾਲ ਤੋਂ ਵੱਧ ਹੋ ਗਏ ਨੇ, ਹੁਣ ਤਾਂ ਘਰ ਨੂੰ ਆ।

..................................................................................................

ਵੀਰ

ਭਾ ਜੀ ਅਜੇ ਨਾਂਹ ਪੱਕਾ ਹੋਇਆ, ਛੇਤੀ ਆਊਂਗਾ।
ਪੱਕਾ ਜਦ ਵੀ ਹੋਇਆ, ਘਰ ਨੂੰ ਫੇਰਾ ਪਾਊਂਗਾ।

..................................................................................................

ਭਾ ਜੀ

ਦੱਸੋ ਡਾਲਰਾਂ ਦੀ ਖ਼ਾਤਰ, ਤੁਸੀਂ ਕੀ ਕੀ ਕਰਦੇ ਓ?
ਕਿੰਞ ਬੇਗਾਨੇ ਲੋਕਾਂ ਦਾ, ਤੁਸੀਂ ਪਾਣੀ ਭਰਦੇ ਓ?
ਤੇਰੀ ਯਾਦ ਨੇ ਮਨ ਮੇਰੇ ਨੂੰ, ਦਿੱਤਾ ਬਹੁਤ ਹਿਲਾਅ।
ਪੰਦਰਾਂ ਸਾਲ ਤੋਂ ਵੱਧ..........................।

ਵੀਰ

ਵੀਹ ਵੀਹ ਘੰਟੇ ਭਾ ਜੀ, ਖੜ੍ਹਕੇ ਕੰਮ ਕਰਨਾ ਪੈਂਦਾ।
ਹੋਵੇ ਲੱਖ ਤਕਲੀਫ ਫੇਰ ਵੀ, ਦੁੱਖ ਜਰਨਾ ਪੈਂਦਾ।
ਪੱਕਾ ਹੋਣ ਲਈ ਹੋਰ ਵੀ ਮੈਂ ਤੇ, ਯਤਨ ਲਗਾਊਂਗਾ।
ਪੱਕਾ ਜਦ ਵੀ ਹੋਇਆ..........................।

ਭਾ ਜੀ

ਆਪਣੇ ਦੇਸ਼ 'ਚ ਗਭਰੂ ਕੰਮ, ਦਿਲ ਲਾ ਕੇ ਕਰਦਾ ਨਹੀਂ।
ਤਾਹੀਓਂ ਤਾਂ ਯੂ.ਪੀ. ਦੇ ਭਈਆਂ, ਤੋਂ ਬਿਨ ਸਰਦਾ ਨਹੀਂ।
ਭਾਵੇਂ ਕੁਰਸੀ ਮਿਲ ਜਾਏ ਫਿਰ ਵੀ, ਕੰਮ ਤੋਂ ਭੱਜਦੇ ਆਹ।
ਪੰਦਰਾਂ ਸਾਲ ਤੋਂ ਵੱਧ..........................।

ਵੀਰ

ਹੇਠੋਂ ਪੈਰ ਵੀ ਸਿੱਧੇ ਹੋ ਗਏ, ਫਿਰ ਵੀ ਕੰਮ ਕਰੀਏ।



ਵਿਹਲ ਨਹੀਂ ਇਕ ਮਿੰਟ ਦੀ, ਘਟਦੇ ਡਾਲਰ ਤੋਂ ਡਰੀਏ।
ਮੈਂ ਤੇ ਕੰਬਲ ਛੱਡਦਾਂ, ਕੰਬਲ ਕਿਵੇਂ ਛੁਡਾਊਂਗਾ।
ਪੱਕਾ ਜਦ ਵੀ ਹੋਇਆ..........................।

ਭਾ ਜੀ

ਮੋਹ ਟੁੱਟਾ ਤੂੰ ਹੋਇਆਂ, ਡਾਲਰਾਂ ਮੋਹ ਤੁੜਾ ਦਿੱਤਾ।
ਤੈਨੂੰ ਗੈਰਾਂ ਨੇ ਤਾਂ, ਇਕ ਮਸ਼ੀਨ ਬਣਾ ਦਿੱਤਾ।
ਜੂਲਾ ਏਸ ਗੁਲਾਮੀ ਦਾ, ਤੂੰ ਛੱਡ ਪਰ੍ਹਾਂ ਇਹ ਲਾਹ।
ਪੰਦਰਾਂ ਸਾਲ ਤੋਂ ਵੱਧ ਹੋ ਗਏ ..........................।

ਵੀਰ

ਪੱਕੇ ਹੋਣ ਤੋਂ ਬਿਨਾਂ ਜੇ ਆਇਆ, ਮੁੜ ਨਹੀਂ ਆ ਸਕਦਾ।
ਕੀ ਕਰਾਂ ਮੈਂ ਫਸ ਗਿਆ, ਕੰਮ ਕਿੰਞ ਛੱਡ ਕੇ ਜਾ ਸਕਦਾ।
ਵੈਬਸਾਈਟ ਤੇ ਤੁਹਾਨੂੰ ਆਪਣਾ, ਕੰਮ ਦਿਖਲਾਊਂਗਾ।
ਪੱਕਾ ਜਦ ਵੀ ਹੋਇਆ..................।

ਭਾ ਜੀ

ਚੰਗਾ ਵੀਰਾ, ਮੰਮੀ ਨੂੰ ਆ, ਮੂੰਹ ਦਿਖਲਾ ਜਾਵੀਂ।
ਜਦ ਵੀ ਤੇਰੀ ਵਿਹਲ ਲੱਗੀ, ਤਾਂ ਘਰ ਨੂੰ ਆ ਜਾਵੀਂ।
ਲਾਡਪੁਰੀ ਉਡੀਕ ਕਰੇਗਾ, ਸਮਾਂ ਨਾਂਹ ਹੋਰ ਵਧਾਅ।
ਪੰਦਰਾਂ ਸਾਲ ਤੋਂ ਵੱਧ ਹੋ ਗਏ............................।

# ਅਮਨ ਸ਼ਾਂਤੀ

ਓ ਦੁਨੀਆਂ ਦਿਆ ਬੰਦਿਆ, ਆਪਣੀ ਧੌਂਸ ਜਮਾਵੀਂ ਨਾਹ।
ਦੁਨੀਆਂ ਦੇ ਉੱਤੇ ਤੂੰ ਐਵੇਂ ਕਹਿਰ ਵਰ੍ਹਾਵੀਂ ਨਾਹ।

.........................................................................................

ਅਮਨਾਂ ਦਾ ਸੰਦੇਸ਼ਾ ਹੀ, ਦੁਨੀਆਂ ਨੂੰ ਤਾਰੇਗਾ।
ਧੌਂਸਪੁਣਾ ਤਾਂ ਇਹ ਸਾਰੀ, ਦੁਨੀਆਂ ਨੂੰ ਮਾਰੇਗਾ।
ਕਿਧਰੇ ਤੂੰ ਅਮਨਾਂ ਦੇ ਰਾਹ ਵਿੱਚ, ਰੋੜਾ ਡਾਹਵੀਂ ਨਾਹ।
ਓ ਦੁਨੀਆਂ ਦਿਆ ਬੰਦਿਆ......................।

ਅਮਨਾਂ ਨਾਲ ਵਸੋ ਤੇ ਦੁਨੀਆਂ, ਵਸਦੀ ਰਹਿਣ ਦਿਓ।
ਅਮਨਾਂ ਦੇ ਰਾਹ ਵਿੱਚ ਨ ਐਂਵੇਂ, ਪੰਗੇ ਪੈਣ ਦਿਓ।
ਦੁਨੀਆਂ ਦੇ ਇਸ ਅਮਨ ਨੂੰ ਕਿਧਰੇ, ਅੱਗ ਤੂੰ ਲਾਵੀਂ ਨਾਹ।
ਓ ਦੁਨੀਆਂ ਦਿਆ ਬੰਦਿਆ......................।

ਦੁਨੀਆਂ ਵਿੱਚ ਕੁੱਝ ਚੰਗੇ ਕੰਮ ਕਰ, ਸੁੱਖ ਨੂੰ ਮਾਣ ਲਈਂ।
ਦੂਜੇ ਦੀ ਇਹ ਤੰਗੀ, ਤੰਗੀ ਆਪਣੀ ਜਾਣ ਲਈਂ।
ਅਮਨਾਂ ਨੂੰ ਅੱਗ ਲਾ ਕੇ, ਭਾਂਬੜ ਹੋਰ ਮਚਾਵੀਂ ਨਾਂਹ।
ਓ ਦੁਨੀਆਂ ਦਿਆ ਬੰਦਿਆ......................।

ਅਮਨਾਂ ਦੇ ਦੋਖੀ ਦਾ, ਲੋਕੀਂ ਬੁਰਾ ਮਨਾਂਦੇ ਨੇ।
ਭੈੜੇ ਆਹ ਮਨਸੂਬੇ, ਜੱਗ ਵਿੱਚ ਕਹਿਰ ਵਰ੍ਹਾਂਦੇ ਨੇ।
ਖਹਿ-ਬਾਜ਼ੀ ਵਿੱਚ ਕਿਧਰੇ, ਪਿੱਛੇ ਹੀ ਰਹਿ ਜਾਵੀਂ ਨਾਂਹ।
ਓ ਦੁਨੀਆਂ ਦਿਆ ਬੰਦਿਆ......................।

ਅਮਨਾਂ ਦੇ ਇਸ ਰਾਹ ਵਿੱਚ, ਕੋਈ ਅੜਿੱਚਣ ਪਾਇਓ ਨਾਂਹ।
ਅਮਨ-ਸ਼ਾਂਤੀ ਨਾਲ ਰਹੋ, ਤੇ ਵੈਰ ਵਧਾਇਓ ਨਾਂਹ।
ਲਾਡਪੁਰੀ ਅਮਨਾਂ ਦੀ ਗੱਲ, ਨੂੰ ਭੁੰਜੇ ਲ੍ਹਾਵੀਂ ਨਾਂਹ।
ਓ ਦੁਨੀਆਂ ਦਿਆ ਬੰਦਿਆ......................



# ਗਿਆਨ (ਗਜ਼ਲ)

ਗੁੱਝੇ ਭੇਤ ਜਾਨਣ ਲਈ, ਤਾਂ ਵਿਦਿਆ ਹੀ ਜ਼ਰੂਰੀ ਏ,
ਤਾਲਾ ਗਿਆਨ ਦਾ ਖੋਲ੍ਹਣ ਲਈ, ਵਿਦਿਆ ਇਕ ਸਹਾਰਾ ਏ।
ਕੋਈ ਸੀਮਾਂ ਨਹੀਂ ਕੁਦਰਤ ਦੇ, ਲੁਕੇ ਹੋਏ ਭੇਤ ਗੁੱਝੇ ਦੀ,
ਸਮੁੰਦਰ ਗਿਆਨ ਦਾ ਭਰਿਆ, ਨ ਇਹਦਾ ਕੋਈ ਕਿਨਾਰਾ ਏ।
ਲੱਖਾਂ ਖੋਜ ਖੋਜੀ ਖੋਜੀਆਂ, ਫਿਰ ਗੁੰਝਲਾਂ ਪਈਆਂ,
ਉਹਦੇ ਭੇਤਾਂ ਨੂੰ ਜਾਨਣ ਲਈ, ਇਹਦਾ ਚਲਦਾ ਨਾਂਹ ਚਾਰਾ ਏ।
ਦੁਨੀਆਂ ਭਰ ਦੇ ਖੋਜੀ, ਹੋ ਕੇ ਕੱਠੇ ਕਰ ਰਹੇ ਚਾਰਾ,
ਕਿ ਗੁਰ ਇਹ ਫੇਲ੍ਹ ਕਿਉਂ ਹੋਇਆ? ਇਹ ਕੁਦਰਤ ਦਾ ਇਸ਼ਾਰਾ ਏ।
ਇਹ ਗੁੰਝਲਾਂ ਓਸ ਨੇ ਪਾਈਆਂ, ਉਹੀ ਰਸਤਾ ਵਖਾਊਗਾ,
ਗੁੱਝੇ ਭੇਤ ਖੋਲ੍ਹਣ ਲਈ, ਉਹੀ ਖੋਲ੍ਹਣ ਇਹ ਹਾਰਾ ਏ।
ਵਿਦਿਆ ਰੂਪ ਕੁੰਜੀ ਦੇ, ਇਹ ਦੰਦੇ ਤੇਜ਼ ਕਰਨੇ ਲਈ,
ਕਿਸੇ ਇਹ ਸਾਣ ਦਾ ਸਾਨੂੰ, ਤਾਂ ਲੱਭਣਾਂ ਪਊ ਸਹਾਰਾ ਏ।
ਗਿਆਨ ਦੀ ਖੋਜ ਕਰਨੇ ਲਈ, ਇਹ ਗੁੰਝਲ ਖੋਲ੍ਹਣੀ ਪੈਣੀ,
ਕਿ ਗੁੰਝਲ ਖੋਲ੍ਹ ਕੇ ਲੱਭੇਗਾ, ਉਸ ਦਾ ਭੇਤ ਭਾਰਾ ਏ।
ਤੂੰ ਕਰ ਚਾਰਾ ਨਾਂਹ ਡੋਲੀਂ, ਏਸ ਮੰਜ਼ਿਲ ਤੋਂ ਕਦੀ ਯਾਰਾ,
ਭਵਿੱਖ ਤੇਰਾ ਇਹ ਹੋ ਜਾਊ ਲਾਡਪੁਰੀ, ਚਾਨਣ ਮੁਨਾਰਾ ਏ।

# ਵਿਗਿਆਨੀ

ਵਾਰੇ ਜਾਈਏ ਵਿਗਿਆਨੀਆਂ ਤੋਂ ਸੰਸਾਰ ਗਵਾਂਢ ਬਣਾਇਆ ਏ।
ਸੰਸਾਰ ਦੇ ਕੋਨੇ ਕੋਨੇ ਤੱਕ, ਟੀ.ਬੀ. ਮੋਬਾਈਲ ਪੁਚਾਇਆ ਏ।

..........................................................................................

ਕਦੀ ਗਲੇ ਕਬੂਤਰ ਦੇ ਆਪਾਂ ਪਾ ਪਾ ਚਿੱਠੀਆਂ ਭਿਜਵਾਉਂਦੇ ਸੀ।
ਕਦੀ ਬਾਜਾਂ ਦੇ ਰਾਹੀਂ ਆਪਾਂ, ਜਾਸੂਸੀ ਜਿਹੀ ਕਰਵਾਉਂਦੇ ਸੀ।
ਹੁਣ ਵਿਗਿਆਨੀ ਨੇ ਸ਼ੀਸ਼ੇ ਵਿੱਚ, ਸਾਰਾ ਸੰਸਾਰ ਵਿਖਾਇਆ ਏ।
ਵਾਰੇ ਜਾਈਏ ਵਿਗਿਆਨੀਆਂ ਤੋਂ..............

ਕਦੇ ਨਾਟਕ ਨਾਚ ਇਹ ਵੇਖਣ ਲਈ, ਆਪਾਂ ਸ਼ਹਿਰਾਂ ਵੱਲ ਜਾਂਦੇ ਸਾਂ।
ਕਦੇ ਘੋੜਿਆਂ ਉੱਤੇ ਦੂਰ ਦੂਰ ਤੋਂ, ਚਿੱਠੀਆਂ ਵੀ ਮੰਗਵਾਂਦੇ ਸਾਂ।
ਟੀ.ਬੀ., ਮੋਬਾਈਲ, ਵੈੱਬਸਾਈਟ, ਘਰ ਘਰ ਦੇ ਵਿੱਚ ਅੱਜ ਆਇਆ ਏ।
ਵਾਰੇ ਜਾਈਏ ਵਿਗਿਆਨੀਆਂ ਤੋਂ..............

ਕਦੇ ਘੋੜੇ, ਬੱਘੀਆਂ, ਬੇੜੀਆਂ ਤੇ, ਸੰਸਾਰ ਦੇ ਚੱਕਰ ਲਾਂਦੇ ਸਾਂ।
ਜਾਂ ਪੰਛੀ ਬਣਕੇ ਸੁਪਨੇ ਵਿੱਚ, ਅਸਮਾਨੀ ਉਡ ਉਡ ਜਾਂਦੇ ਸਾਂ।
ਅੱਜ ਕਾਰ, ਜਹਾਜ਼ਾਂ, ਬੱਸਾਂ ਨੇ, ਘੂਕਰ ਨਾਲ ਰੌਲਾ ਪਾਇਆ ਏ।
ਵਾਰੇ ਜਾਈਏ ਵਿਗਿਆਨੀਆਂ ਤੋਂ..............

ਵਿਗਿਆਨੀ ਪੁੱਜੇ ਚੰਦ ਉੱਤੇ, ਮੰਗਲ ਦੇ ਵੱਲ ਵੀ ਜਾ ਰਹੇ ਨੇ।
ਨਿੱਤ ਨਵੀਆਂ ਨਵੀਆਂ ਕਾਢਾਂ ਨਾਲ, ਦੁਨੀਆਂ ਹੈਰਾਨ ਕਰ ਰਹੇ ਨੇ।
ਇਸ ਧੁਰ ਅਸਮਾਨੀ ਲਾਡਪੁਰੀ, ਕੋਈ ਯੰਤਰ ਨਵਾਂ ਟਿਕਾਇਆ ਏ।
ਵਾਰੇ ਜਾਈਏ ਵਿਗਿਆਨੀਆਂ ਤੋਂ..............



# ਕਾਰੀਗਰ ਤੇ ਵਿਗਿਆਨੀ

ਧੰਨ ਸਾਡੇ ਕਾਰੀਗਰ, ਧੰਨ ਵਿਗਿਆਨੀ, ਜਿਨ੍ਹਾਂ ਜੱਗ ਦਾ ਭਾਗ ਜਗਾਇਆ।
ਨਵੀਆਂ ਇਹ ਕਾਢਾਂ ਕੱਢ, ਸੰਸਾਰ ਸਵਰਗ ਬਣਾਇਆ।

..........................................................................................

ਕਾਰਾਂ, ਬੱਸਾਂ, ਗੱਡੀਆਂ ਤੇ ਮੋਟਰ ਸਾਈਕਲਾਂ ਦਾ, ਜਾਣੋ ਜੱਗ ਵਿੱਚ ਹੜ੍ਹ ਆ ਗਿਆ।
ਹਵਾ 'ਚ ਜਹਾਜਾਂ ਅਤੇ ਰਾਕਟਾਂ ਦਾ ਰੌਲਾ ਅੱਜ, ਮਾਨੋ ਸੰਸਾਰ ਏ ਜਗਾ ਗਿਆ।
ਇਹਦੀ ਤਾਂ ਬੁਲੰਦੀਆਂ ਦਾ ਢੋਲ ਵੱਜਿਆ ਏ ਅੱਜ, ਸਾਰਾ ਜੱਗ ਇਸ ਰੁਸ਼ਨਾਇਆ।
ਨਵੀਆਂ ਇਹ ਕਾਢਾਂ ਕੱਢ.......................।

ਘਰ ਘਰ ਬਿਜਲੀ, ਆਹ ਕੂਲਰ ਤੇ ਪੱਖੇ, ਖੇਤੀਂ ਬੰਬੀਆਂ ਦੇ ਵੇਖ ਲੌ ਨਜ਼ਾਰੇ।
ਏ.ਸੀ. ਤੇ ਫਰਿੱਜਾਂ ਘਰ ਘਰ ਲੱਗੀਆਂ ਨੇ, ਕੰਮ ਚੱਲਦੇ ਨੇ ਬਟਨ ਸਹਾਰੇ।
ਧੰਨ ਕਾਰੀਗਰਾ ਵਾਹ ਇਮਾਰਤਾਂ ਇਹ ਤੇਰੀਆਂ, ਅਕਾਸ਼ ਨੂੰ ਤੂੰ ਜਾ ਕੇ ਹੱਥ ਲਾਇਆ।
ਨਵੀਆਂ ਇਹ ਕਾਢਾਂ ਕੱਢ.......................।

ਨਿੱਕੇ ਜਿਹੇ ਮੋਬਾਈਲ ਸੰਗ, ਸਾਰੇ ਸੰਸਾਰ ਨਾਲ, ਨਾਤਾ ਨਵਾਂ ਤੂੰ ਏਂ ਅੱਜ ਜੋੜਿਆ।
ਰੁਖ ਸਾਰੇ ਜੱਗ ਵਾਲਾ ਟੀ.ਬੀ. ਵੈਬਸਾਈਟ ਰਾਹੀਂ, ਸੱਜਣਾਂ ਤੂੰ ਆਪ ਵੱਲ ਮੋੜਿਆ।
ਚੰਦ ਉੱਤੇ ਰਾਕਟ ਤੇ ਪੁੱਜੀਆਂ ਮਸ਼ੀਨਾਂ ਨੂੰ ਤੂੰ ਘਰ ਬੈਠੇ ਠੀਕ ਏ ਕਰਾਇਆ।
ਨਵੀਆਂ ਇਹ ਕਾਢਾਂ ਕੱਢ.......................।

ਲੋਕੀਂ ਜਿਹਨੂੰ ਆਖਦੇ ਨੇ ਸੁਰਗ ਉਹ ਸੱਜਣਾਂ ਪਈ, ਜੱਗ ਤੂੰ ਤਾਂ ਸੁਰਗ ਬਣਾਇਆ ਏ।
ਤੇਰੀਆਂ ਇਹ ਕਾਢਾਂ ਨੇ ਹੈਰਾਨ ਕੀਤਾ ਜੱਗ ਨੂੰ ਏ, ਸੁੱਤਾ ਸੰਸਾਰ ਤੂੰ ਜਗਾਇਆ ਏ।
ਅੱਜ ਲਾਡਪੁਰੀ ਗੀਤ ਤੇਰਾ ਇਹ ਬਣਾਕੇ, ਤਾਂਹੀਉਂ ਵੇਖ ਜੱਸ ਤੇਰਾ ਕਿਵੇਂ ਗਾਇਆ।
ਨਵੀਆਂ ਇਹ ਕਾਢਾਂ ਕੱਢ.......................।

# ਪੁੱਤਰ

ਮਾਪੇ ਪੁੱਤਰਾਂ ਦੇ ਸਾਹ ਵਿੱਚ ਸਾਹ ਭਰਦੇ, ਪੁੱਤਰ ਮਾਪਿਆਂ ਲਈ ਵਰਦਾਨ ਹੁੰਦੇ।
ਪੁੱਤਰੀਂ ਗੰਢ ਏ ਵਿੱਚ ਸੰਸਾਰ ਪੈਂਦੀ, ਇਹ ਸਰਬੰਸ ਦਾ ਸਾਡਾ ਨਿਸ਼ਾਨ ਹੁੰਦੇ।
ਮਿੱਠਾ ਮੇਵਾ ਨੇ ਪੁੱਤਰ ਜਹਾਨ ਅੰਦਰ, ਸੋਂਹਦਾ ਜੱਗ ਏ ਇਨ੍ਹਾਂ ਦੇ ਨਾਲ ਸਾਰਾ,
ਇਹ ਤਾਂ ਖੇੜਾ ਖਿੜਾਉਣ ਪਰਵਾਰ ਅੰਦਰ, ਲਾਡਪੁਰੀ ਇਹ ਤਾਂ ਜਿੰਦ ਜਾਨ ਹੁੰਦੇ।

...............................................................................................

ਮਾਪੇ ਪੁੱਤਰਾਂ ਦੇ ਤਾਂ ਲੱਖ ਲੱਖ ਸ਼ਗਨ ਮਨਾਉਂਦੇ ਨੇ।
ਇਕ ਪੁੱਤਰ ਦੀ ਦਾਤ ਲਈ ਅਰਜੋਈਆਂ ਪਾਉਂਦੇ ਨੇ।

...............................................................................................

ਦੁਨੀਆਂ ਤੇ ਇਹ ਰੀਤ ਹੈ, ਪੁੱਤਰ ਮਿੱਠਾ ਮੇਵਾ ਨੇ।
ਕਹਿੰਦੇ ਪੁੱਤਰ ਹੀ ਤਾਂ, ਕੁਲ ਦੀ ਕਰਦੇ ਸੇਵਾ ਨੇ।
ਇਸ ਨੂੰ ਜੱਗ ਦਾ ਤਾਰਾ, ਤੇ ਕੁਲ-ਮਾਣ ਕਹਾਉਂਦੇ ਨੇ।
ਮਾਪੇ ਪੁੱਤਰਾ ਦੇ ਤਾਂ................।

ਦੁੱਧ ਮੱਖਣਾਂ ਨਾਲ ਪਾਲ, ਇਨ੍ਹਾਂ ਦੀ ਸੇਵਾ ਕਰਦੇ ਆਂ।
ਇਨ੍ਹਾਂ ਦਿਆਂ ਸਾਹਾਂ ਦੇ ਵਿੱਚ, ਆਪਾਂ ਸਾਹ ਭਰਦੇ ਆਂ।
ਪੁੱਤਰ ਪੈਦਾ ਹੁੰਦਿਆਂ, ਸਾਰੇ ਨਾਚ ਨਚਾਉਂਦੇ ਨੇ।
ਮਾਪੇ ਪੁੱਤਰਾ ਦੇ ਤਾਂ................।

ਮਾਂ ਪੁੱਤਰਾਂ ਦੇ ਉਤੋਂ, ਜਿੰਦ ਨੂੰ ਘੋਲ ਘੁਮਾਉਂਦੀ ਏ।
ਲੱਖ ਅਰਦਾਸਾਂ ਕਰਦੀ, ਲੱਖ-ਲੱਖ ਸ਼ਗਨ ਮਨਾਉਂਦੀ ਏ।
ਜੱਗ ਦੇ ਅਸਲ ਨਜ਼ਾਰੇ, ਪੁੱਤਰਾਂ ਨਾਲ ਸੁਹਾਉਂਦੇ ਨੇ।
ਮਾਪੇ ਪੁੱਤਰਾ ਦੇ ਤਾਂ................।



ਵੀਰਾ ਭੈਣਾਂ ਦੇ ਵਿਹੜੇ ਨੂੰ, ਜਾ ਰੁਸ਼ਨਾਉਂਦਾ ਏ।
ਭੈਣਾਂ ਦਾ ਵਿਹੜਾ, ਤਾਂ ਵੀਰਾਂ ਨਾਲ ਸੁਹਾਉਂਦਾ ਏ।
ਵੀਰਾਂ ਭੈਣਾਂ ਦੇ ਗਾਣੇ ਸਭ ਲੋਕੀਂ ਗਾਉਂਦੇ ਨੇ।
ਮਾਪੇ ਪੁੱਤਰਾ ਦੇ ਤਾਂ................।

ਕਹਿੰਦੇ ਪੁੱਤਰੀਂ ਗੰਢ ਪਏ, ਸਾਰੇ ਸੰਸਾਰ ਉੱਤੇ।
ਚਾਅਵਾਂ ਦਾ ਇਹ ਖੇੜਾ, ਖਿੜਦਾ ਰਹੇ ਪਰਵਾਰ ਉੱਤੇ।
ਲਾਡਪੁਰੀ ਪੁੱਤਰਾਂ ਲਈ, ਸਭ ਅਰਦਾਸ ਕਰਾਉਂਦੇ ਨੇ।
ਮਾਪੇ ਪੁੱਤਰਾ ਦੇ ਤਾਂ................।

# ਨੀਂਦ

ਇਹ ਕੁਦਰਤ ਨੇ ਤਾਂ ਸਾਨੂੰ ਦਾਤ ਦਿੱਤੀ, ਸੋਚ ਸੋਚਣ ਦੀ,
ਨੀਂਦ ਆਰਾਮ ਕਰਨੇ ਦਾ ਹੀ ਤਾਂ ਵੱਡਾ ਬਹਾਨਾ ਏਂ।
ਕੁਦਰਤ ਦੀ ਬਣੀ ਹਰ ਚੀਜ਼ ਹੀ, ਆਰਾਮ ਮੰਗਦੀ ਏ,
ਅਸੀਂ ਕੁਦਰਤ ਦੇ ਦਿੱਤੇ ਨਿਯਮ ਨੂੰ ਹੀ, ਤਾਂ ਨਿਭਾਣਾ ਏਂ।
ਜੇ ਜੀਵਨ ਦੀ ਚੌਥਾਈ ਇਕ ਹੀ, ਆਰਾਮ ਕਰ ਲਈਏ,
ਤਾਂ ਸਾਨੂੰ ਲੱਭ ਪੈਂਦਾ ਏਸ 'ਚੋਂ, ਲੁਕਿਆ ਖਜ਼ਾਨਾ ਏ।
ਜਿਵੇਂ ਕੁਦਰਤ ਦੀ ਹਰ ਸ਼ੈ ਚੱਲਦੀ, ਉਹਦੇ ਇਸ਼ਾਰੇ ਤੇ,
ਇਵੇਂ ਨੀਂਦਾਂ ਚੋਂ ਲੱਭੇ, ਚੁਸਤ ਹੋਣੇ ਦਾ ਤਰਾਨਾ ਏ।
ਆਓ ਕੁਦਰਤ ਦਾ ਕਰੀਏ ਸ਼ੁਕਰ, ਜਿਸ ਨੇ ਦਾਤ ਦਿੱਤੀ ਇਹ,
ਉਹਦੀ ਰਹਿਮਤ ਦਾ ਮਨ ਆਪਣੇ ਦੇ ਵਿੱਚ, ਭੰਡਾਰ ਭਰ ਲਈਏ।
ਪੱਲਾ ਨੀਂਦ ਦਾ ਫੜ ਕੇ, ਨਵੇਂ ਰੰਗਾਂ ਨੂੰ ਫੜ ਲਈਏ।
ਤੇ ਇਸ ਬਹਾਨੇ ਲਾਡਪੁਰੀ, ਆਰਾਮ ਕਰ ਲਈਏ।

# (ਦੋ ਗਾਣਾ)

ਗਭਰੂ

ਤੂੰ ਸੁਣ ਕੰਨ ਲਾ ਕੇ ਮੁਟਿਆਰੇ।
ਇਹ ਕੀ ਕੰਮ ਤੂੰ ਫੜ ਲਏ ਮਾੜੇ।
ਤੇਰੇ ਗਾਣੇ ਪਾਏ ਪੁਆੜੇ।
ਘਰ ਆਉਂਦੀ ਹੀ ਸਾਡੇ ਉੱਤੇ ਉਲਟਾ ਰੋਅਬ ਜਮਾਉਨੀ ਆਂ।
ਘਰ ਦੀ ਇੱਜ਼ਤ ਦਾ ਲੋਕਾਂ ਵਿੱਚ ਢੋਲ ਵਜਾਉਨੀ ਆਂ।

ਮੁਟਿਆਰ

ਤੂੰ ਸੁਣ ਮੇਰਿਆ ਸੁਹਣਿਆ ਮਾਹੀਆ।
ਮੈਂ ਤਾਂ ਉਹੀ ਗਾਣਾ ਗਾਇਆ।
ਜੋ ਡਾਇਰੈਕਟਰ ਨੇ ਲਿਖਵਾਇਆ।
ਦੱਸ ਤੂੰ ਦੋਸ਼ ਮੇਰਾ ਏ ਕਾਹਦਾ, ਜੋ ਲਿਖਿਆ ਉਹ ਗਾਇਆ ਏ।
ਮੇਰੇ ਗਾਉਣ ਉੱਤੇ ਤੂੰ ਕਾਹਨੂੰ ਭੜਥੂ ਪਾਇਆ ਏ।

ਗਭਰੂ

ਮੇਕਅੱਪ ਵਾਲਿਆਂ ਦੇ ਨਿੱਤ ਜਾਵੇਂ।
ਓਥੇ ਫੰਡ੍ਹੇ ਜਿਹੇ ਬਣਵਾਵੇਂ।
ਥੱਪੜ ਵੱਖਰੇ ਓਥੋਂ ਖਾਵੇਂ।
ਚਾਲੀ ਸਾਲ ਦੀ, ਸੋਲਾਂ ਸਾਲ ਦੀ ਤੂੰ ਬਣ ਬਣ ਦਿਖਲਾਉਂਨੀ ਆਂ।
ਘਰ ਦੀ ਇੱਜ਼ਤ ਦਾ......................

ਮੁਟਿਆਰ

ਅੱਜ ਇਹ ਨਵਾਂ ਜ਼ਮਾਨਾ ਆਇਆ।
ਲੋਕਾਂ ਜੋ ਚਾਹਿਆ ਉਹ ਗਾਇਆ।



ਇਹ ਸਭ ਪੈਸੇ ਦੀ ਏ ਮਾਇਆ।
ਚਿੱਤ ਪਰਚਾਉਣੇ ਲਈ ਲੋਕਾਂ ਦਾ ਮੈਂ ਤਾਂ ਸਾਂਗ ਬਣਾਇਆ ਏ।
ਮੇਰੇ ਗਾਉਣ ਤੇ ਤੂੰ ਕਾਹਨੂੰ................

ਗਭਰੂ

ਕੋਈ ਨਾਂਹ ਸਭਿਆਚਾਰ ਪਛਾਣੇ।
ਬਿਨ ਸੋਝੀ ਦੇ ਲਿਖਦੇ ਗਾਣੇ।
ਨ ਇਹ ਰੋਕਣ ਅੱਜ ਸਿਆਣੇ।
ਪੈਸੇ ਦੀ ਖ਼ਾਤਰ ਤੂੰ ਨਾਰੇ ਨੀਵੀਂ ਬਣ ਦਿਖਲਾਉਨੀ ਆਂ।
ਘਰ ਦੀ ਇੱਜ਼ਤ ਦਾ.................

ਮੁਟਿਆਰ

ਤੇਰੀ ਗੱਲ ਮੰਨ ਲਈ ਮੈਂ ਢੋਲਾ।
ਨਹੀਂ ਰੱਖਣਾ ਤੇਰੇ ਤੋਂ ਉਹਲਾ।
ਨਾਂਹ ਤੂੰ ਹੋਵੀਂ ਅੱਗ ਬਗੋਲਾ।

ਅੱਗੋਂ ਤੋਂ ਇਸ ਲਾਡਪੁਰੀ ਦੀ ਗੱਲ ਤੇ ਫੁੱਲ ਚੜ੍ਹਾਵਾਂਗੇ।
ਸਭਿਆਚਾਰਕ ਗਾਣੇ ਬਿਨ ਨ ਗਾਣੇ ਗਾਵਾਂਗੇ।

# ਬੰਦਾ

ਬੰਦਾ ਕਰਦਾ ਮੇਰਾ ਮੇਰੀ।
ਭਾਵੇਂ ਹੈ ਮਿੱਟੀ ਦੀ ਢੇਰੀ।
ਕੈਰੀ ਅੱਖੀਂ ਦੂਜਾ ਦੇਖੇ, ਝਗੜੇ ਨਿੱਤ ਵਧਾਉਂਦਾ ਹੈ।
ਇਸ ਧਰਤੀ ਤੇ ਬੰਦਾ ਐਵੇਂ ਧੌਂਸ ਜਮਾਉਂਦਾ ਹੈ।

..........................................................................................

ਇਹ ਤਾਂ ਟਿੱਚ ਗਰੀਬ ਨੂੰ ਜਾਣੇ।
ਪੈਸੇ ਬਿਨ ਨਾਂਹ ਕੋਈ ਪਛਾਣੇ।
ਅੱਜ ਇਹ ਬਣ ਬੈਠਾ ਏ ਆਕੀ, ਆਕੜ ਖਾਨ ਕਹਾਉਂਦਾ ਹੈ।
ਇਸ ਧਰਤੀ ਤੇ ਬੰਦਾ..............................।

ਨਿੱਤ ਦੀ ਕੂੜ ਕਮਾਈ ਖਾਵੇ।
ਲੂਤੀ ਇਕ ਦੂਜੇ ਦੀ ਲਾਵੇ।
ਆਪੇ ਸੱਚਾ ਬਣ ਦਿਖਲਾਉਂਦਾ, ਝੂਠ ਦਾ ਮੀਂਹ ਵਰਸਾਉਂਦਾ ਹੈ।
ਇਸ ਧਰਤੀ ਤੇ ਬੰਦਾ..............................।

ਰੱਬ ਦਾ ਨਾਂ ਵਪਾਰ ਬਣਾਇਆ।
ਕੱਠਾ ਕਰਦਾ ਇਹ ਸਰਮਾਇਆ।
ਕਹਿੰਦਾ ਮੈਂ ਕੀ ਰੱਬ ਨੂੰ ਜਾਣਾ, ਮੰਦਰ, ਮਸਜਿਦ ਢਾਹੁੰਦਾ ਹੈ।
ਇਸ ਧਰਤੀ ਤੇ ਬੰਦਾ..............................।

ਦਾਨ ਪੁੰਨ ਜੇ ਕਦੀ ਕਰਾਵੇ।
ਉਸ ਦੇ ਬਦਲੇ ਵੀ ਕੁੱਝ ਚਾਹਵੇ।
ਜੇਕਰ ਮਦਦ ਗਰੀਬ ਦੀ ਕਰਦਾ, ਉਸ ਤੋਂ ਸੇਵ ਕਰਾਉਂਦਾ ਹੈ।
ਇਸ ਧਰਤੀ ਤੇ ਬੰਦਾ..............................।

ਲੋਕੋ ਸਾਰੇ ਸੱਚ ਪਛਾਣੋਂ।
ਸਭ ਵਿੱਚ ਜੋਤ ਇਲਾਹੀ ਜਾਣੋ।
'ਲਾਡਪੁਰੀ' ਸਭ ਬੰਦੇ ਉਸ ਦੇ, ਉਹੀ ਰਿਜ਼ਕ ਪੁਚਾਉਂਦਾ ਹੈ।
ਇਸ ਧਰਤੀ ਤੇ ਬੰਦਾ..............................।



# ਪੰਜਾਬੀ ਮੁਟਿਆਰ

ਮੈਂ ਤਾਂ ਧੀ ਇਸ ਸੋਹਣੇ ਪੰਜਾਬ ਦੀ ਹਾਂ, ਸ਼ੀਂਹਣੀ ਬਣ ਕੇ ਅੱਜ ਵੀ ਗੱਜਦੀ ਹਾਂ।
ਉੱਚਾ ਲੰਮਾ ਸੁਡੌਲ ਸਰੀਰ ਮੇਰਾ, ਅੱਜ ਵੀ ਵਿੱਚ ਸੰਸਾਰ ਦੇ ਫੱਬਦੀ ਹਾਂ।
ਸ਼ਰਮ ਅਤੇ ਹਯਾ ਗਹਿਣਾ ਪੀੜ੍ਹੀਆਂ ਤੋਂ, ਇੱਜ਼ਤ ਆਬਰੂ ਦੀ ਪਹਿਚਾਣ ਅੱਜ ਵੀ,
ਚਲੀ ਪਰੰਪਰਾ ਹੁਣ ਵੀ ਨਿਭਾਵਾਂ ਮੈਂ ਤਾਂ, ਸਭਿਆਚਾਰ ਪੰਜਾਬੀ 'ਚ ਸੱਜਦੀ ਹਾਂ।

..........................................................................................

ਪੰਜਾਬੀ ਮੈਂ ਮੁਟਿਆਰ ਵੀਰ ਪੰਜਾਬੀ ਮੈਂ ਮੁਟਿਆਰ।
ਇਸ ਪੰਜਾਬ 'ਚ ਅਜੇ ਵੀ ਲੱਭਦਾ, ਮੇਰਾ ਸਭਿਆਚਾਰ।

..........................................................................................

ਲੰਮੀਆਂ ਧੌਣਾਂ ਮੋਟੇ ਡੌਲੇ, ਗੁੰਦਲਾ ਮੇਰਾ ਸਰੀਰ।
ਦੁਨੀਆਂ ਸਾਰੀ ਦੀ ਤਾਂ ਲੱਗਦੀ, ਅੱਜ ਵੀ ਮੈਂ ਤਸਵੀਰ।
ਸੱਸੀ, ਸੋਹਣੀ, ਹੀਰ ਵਾਲਾ ਏ, ਅੱਜ ਵੀ ਮੇਰਾ ਪਿਆਰ।
ਪੰਜਾਬੀ ਮੈਂ ਮੁਟਿਆਰ....................।

ਲੰਮੀਆਂ ਗੁੱਤਾਂ ਮੋਟੀਆਂ ਅੱਖਾਂ, ਸੇਬ ਵਾਂਗ ਰੰਗ ਲਾਲ।
ਮੇਰੇ ਮੂੰਹ ਤੇ ਅੱਜ ਵੀ ਲੱਗਦਾ, ਪੂਰਾ ਉਹੀ ਜਲਾਲ।
ਹੁਣ ਵੀ ਪੂਰਾ ਮੈਂ ਹੀ ਸਾਂਭਾਂ, ਸਾਰਾ ਹੀ ਘਰ ਬਾਹਰ।
ਪੰਜਾਬੀ ਮੈਂ ਮੁਟਿਆਰ....................।

ਲੰਮੀ ਜਿਵੇਂ ਸਰੂ ਦਾ ਬੂਟਾ, ਚੁਸਤ ਮੇਰੀਆਂ ਬਾਹਵਾਂ।
ਅੱਜ ਵੀ ਪਹਿਲੇ ਵਾਂਗਰ ਮੈਂ ਤਾਂ, ਧਮਕ ਗਿੱਧੇ ਵਿੱਚ ਪਾਵਾਂ।
ਰਣਭੂਮੀ ਵਿੱਚ ਅੱਜ ਵੀ ਗੱਜਦੀ, ਕਰਾਂ ਓਵੇਂ ਮੈਂ ਵਾਰ।
ਪੰਜਾਬੀ ਮੈਂ ਮੁਟਿਆਰ....................।

ਅਸਾਂ ਪੰਜਾਬੀ ਸਭਿਆਚਾਰ, ਨਾਂਹ ਆਪਣਾ ਕਦੀ ਗੁਆਉਣਾ।
ਪੰਜਾਬੀ ਮੁਟਿਆਰ ਸ਼ਾਨ ਨਾਲ, ਮੈ ਵਿੱਚ ਸੰਸਾਰ ਕਹਾਉਣਾ।
ਲਾਡਪੁਰੀ ਜਿਉਂਦਾ ਰਹੇ ਸਾਡਾ ਆਪਣਾ ਸਭਿਆਚਾਰ।
ਪੰਜਾਬੀ ਮੈਂ ਮੁਟਿਆਰ....................।

# ਲਾਲਚ

ਲੱਖ ਬਣਾ ਲੈ ਮਹਿਲ ਮਾੜੀਆਂ, ਕੱਠਾ ਕਰ ਸਰਮਾਇਆ।
ਲਾਲਚ ਨਹੀਂ ਮੁੱਕਣਾ, ਕਿਉਂ ਵਖ਼ਤ ਧਰਤ ਤੇ ਪਾਇਆ।

ਕਈ ਕੰਮ-ਕਾਰ ਤੇ ਹੋਰ ਅਡੰਬਰ, ਧਰਤੀ ਉੱਤੇ ਵਧਾਏ।
ਇਨ੍ਹਾਂ ਅਡੰਬਰਾਂ ਦੇ ਸੰਗ, ਝਗੜੇ ਹੋ ਗਏ ਦੂਣ ਸਵਾਏ।
ਲਾਲਚ ਕਰਨਾ ਛੱਡ ਬੰਦੇ ਤੂੰ, ਨਾਂਹ ਖਾਹ ਹੱਕ ਪਰਾਇਆ।
ਲਾਲਚ ਨਹੀਂ ਮੁੱਕਣਾ.............................।

ਹੱਦਾਂ ਬੰਨੇ ਟੱਪ ਟੱਪ, ਦੂਜੇ ਦੇ ਅੰਦਰੀਂ ਤੂੰ ਜਾਵੇਂ।
ਤੇਰੇ ਵਿੱਚ ਸੰਤੋਸ਼ ਨਹੀਂ, ਤੂੰ ਲਾਲਚ ਹੋਰ ਵਧਾਵੇਂ।
ਹੱਕ ਦੂਜੇ ਤੇ ਡਾਕਾ ਮਾਰੇਂ, ਕਾਹਨੂੰ ਸਬਰ ਇਹ ਢਾਇਆ।
ਲਾਲਚ ਨਹੀਂ ਮੁੱਕਣਾ.............................।

ਧਰਮ ਮਜ਼੍ਹਬ ਦੀਆਂ ਵੰਡੀਆਂ ਪਾ ਕੇ, ਐਵੇਂ ਧਾਂਕ ਜਮਾਂਵੇਂ।
ਰੱਬ ਦੇ ਵੀ ਤੂੰ ਕਰ ਲਏ ਟੋਟੇ, ਧਰਮ ਦਾ ਨਾਅਰਾ ਲਾਵੇਂ।
ਇਕੋ ਰੱਬ ਹਰ ਦਿਲ ਵਿੱਚ ਵਸਦਾ, ਰੱਬ ਵੀ ਪਾੜ ਵਖਾਇਆ।
ਲਾਲਚ ਨਹੀਂ ਮੁੱਕਣਾ.............................।

ਲੋਕੋ ਲਾਲਚ ਤੋਂ ਬਚਿਉ, ਇਹ ਇਕ ਦਿਨ ਕੰਮ ਵਿਗਾੜੂ।
ਵੱਧਦਾ ਕੰਮ ਨ ਵੇਖੋ, ਇਹ ਇਕ ਦਿਨ, ਰਹਿੰਦਾ ਵੀ ਸਾੜੂ।
'ਲਾਡਪੁਰੀ' ਲਾਲਚ ਸੰਗ ਲੱਗਕੇ ਕਿੰਞ ਪੁਆੜਾ ਪਾਇਆ।
ਲਾਲਚ ਨਹੀਂ ਮੁੱਕਣਾ.............................।



# ਸੂਰਜ

ਧਰਤੀ ਤੋਂ ਬਿਨ ਅੱਠ ਹੋਰ ਗ੍ਰਹਿ, ਸੂਰਜ ਦਾ ਚੱਕਰ ਲਾਂਦੇ ਨੇ।
ਸਾਰੇ ਦੇ ਸਾਰੇ ਸੂਰਜ ਦਾ, ਉਹ ਇਕ ਪਰਵਾਰ ਸਦਾਂਦੇ ਨੇ।

ਇਹ ਅੱਗ ਦਾ ਗੋਲਾ ਸੂਰਜ ਜੋ, ਸਾਨੂੰ ਇਹ ਨਿੱਘ ਪਹੁੰਚਾਉਂਦਾ ਏ।
ਇਹ ਸਾਡੀ ਜਾਨ ਬਚਾਉਂਦਾ ਏ, ਤੇ ਬੂਟੇ ਸਭ ਉਗਾਉਂਦਾ ਏ।
ਤਾਂਹੀਉਂ ਤਾਂ ਲੋਕੀਂ ਪੂਜਾ ਲਈ, ਪਾਣੀ ਓਥੇ ਪਹੁੰਚਾਂਦੇ ਨੇ।
ਧਰਤੀ ਤੋਂ ਬਿਨ ਅੱਠ............................।

ਠਰਦੇ ਹੋਏ ਦਿਲ ਨੂੰ ਨਿੱਘ ਦਿੰਦਾ, ਰੌਸ਼ਨ ਅੱਖਾਂ ਦਾ ਤਾਰਾ ਏ।
ਦੁਖੀਆਂ ਦੇ ਦਰਦ ਵੰਡਾਉਂਦਾ ਏ, ਦੀਨਾਂ ਦਾ ਇਹ ਸਹਾਰਾ ਏ।
ਇਸ ਦੀ ਕਿਰਨਾਂ ਦੇ ਲਿਸ਼ਕਾਰੇ, ਯਾਦਾਂ ਦੇ ਵਿੱਚ ਸਮਾਉਂਦੇ ਨੇ।
ਧਰਤੀ ਤੋਂ ਬਿਨ ਅੱਠ............................।

ਕਈ ਰੱਬ ਦਾ ਰੂਪ ਸਮਝ ਪੂਜਣ, ਅੰਬਰਾਂ ਦਾ ਸ਼ੇਰ ਕਹਾਉਂਦਾ ਏ।
ਖੇਤੀਂ ਤੇ ਘਰੀਂ ਰਸੋਈਆਂ ਵਿੱਚ, ਸ਼ਕਤੀ ਦਾ ਰੂਪ ਸਦਾਉਂਦਾ ਏ।
ਇਸ ਦੀ ਸ਼ਕਤੀ ਦਾ ਵਿਗਿਆਨੀਂ, ਅੱਜ ਤਾਂ ਪ੍ਰਯੋਗ ਕਰਾਉਂਦੇ ਨੇ।
ਧਰਤੀ ਤੋਂ ਬਿਨ ਅੱਠ............................।

ਵੱਡਮੁੱਲਾ ਸੋਮਾਂ ਊਰਜਾ ਦਾ, ਇਹ ਹੋਰ ਵੀ ਰੰਗ ਦਿਖਲਾਏਗਾ।
ਮਾਨਵ ਦੀ ਧਿਰ ਨਾਲ ਧਿਰ ਬਣਕੇ, ਇਹ ਸਹਿਯੋਗੀ ਬਣ ਜਾਏਗਾ।
ਲਿਸ਼ਕਾਰੇ ਇਹਦੇ ਲਾਡਪੁਰੀ, ਸਾਡਾ ਹੱਥ ਨਿੱਤ ਵਟਾਉਂਦੇ ਨੇ।
ਧਰਤੀ ਤੋਂ ਬਿਨ ਅੱਠ............................।

# ਰੱਖੜੀ

ਭੈਣ ਕੋਲੋਂ ਵੀਰ ਵੇ ਬਨ੍ਹਾ ਲੈ ਰੱਖੜੀ।
ਸਾਂਭ ਲਈਂ ਤੂੰ ਪਿਆਰ ਦੀ ਇਹ ਤੰਦ ਤਕੜੀ।
....................................................................................

ਇਹ ਤਾਂ ਵੀਰਾ ਮਿਲਣੇ ਦਾ ਹੀ ਬਹਾਨਾ ਏ।
ਲੁਕਿਆ ਇਹ ਪਿਆਰ ਤੰਦਾਂ ਦਾ ਖ਼ਜ਼ਾਨਾ ਏ।
ਵਲ ਪਾਏ ਇਹਦੇ ਵਿੱਚ ਵਾਂਗ ਮਕੜੀ।
ਭੈਣ ਕੋਲੋਂ ਵੀਰ ਵੇ.....................।

ਬਣਦਾ ਤੇ ਸਰਦਾ ਏ ਜੋ ਵੀ ਦੇ ਦਈਂ।
ਮੇਰੀ ਇਹ ਪਿਆਰਾਂ ਵਾਲੀ ਤੰਦ ਸਾਂਭ ਲਈਂ।
ਮੇਰੀ ਇੱਜ਼ਤਾਂ ਦੀ ਵੀਰਾਂ ਤੂੰ ਏਂ ਛੱਤਰੀ।
ਭੈਣ ਕੋਲੋਂ ਵੀਰ ਵੇ.....................।

ਹਮਾਇਊਂ ਨੂੰ ਵੀਰ ਭੈਣ ਨੇ ਬਣਾ ਲਿਆ।
ਰਾਜੇ ਹੱਥ ਰੱਖ ਓਸ ਨੂੰ ਬਚਾਅ ਲਿਆ।
ਐਸੀ ਉਸ ਭੈਣ ਦੀ ਸੀ ਬਾਂਹ ਪਕੜੀ।
ਭੈਣ ਕੋਲੋਂ ਵੀਰ ਵੇ.....................।

ਭੈਣਾਂ ਵੀਰਾਂ ਦੇ ਇਹ ਗਾਣੇ ਜੱਗ ਗਾਉਂਦਾ ਏ।
ਵੀਰੇ ਨਾਲ ਵਿਹੜਾ ਭੈਣਾਂ ਦਾ ਸੁਹਾਉਂਦਾ ਏ।
ਜਿੰਦ ਤੇਰੀ ਮੇਰੀ ਵੀਰਾ ਨ ਇਹ ਵੱਖਰੀ।
ਭੈਣ ਕੋਲੋਂ ਵੀਰ ਵੇ.....................।

ਜੁੱਗ ਜੁੱਗ ਜੀਵੇ ਵੀਰਾ ਭੈਣ ਚਾਹੁੰਦੀ ਏ।
ਮਿੱਠਾ ਮੂੰਹ ਤੇਰਾ, ਭੈਣ ਇਹ ਕਰਾਉਂਦੀ ਏ।
ਉਮਰਾਂ ਦੀ ਸਾਂਝ ਓਵੇਂ ਰਹੇ ਪੱਸਰੀ।
ਭੈਣ ਕੋਲੋਂ ਵੀਰ ਵੇ.....................।

ਵੀਰਾਂ ਲਈ ਭੈਣਾਂ ਅਰਜੋਈਆਂ ਪਾਉਂਦੀਆਂ।
ਸ਼ਗਨ ਉਹ ਲੱਖ ਲੱਖ ਨੇ ਮਨਾਉਂਦੀਆਂ।
ਲਾਡਪੁਰੀ ਪਾ ਲੈ ਤੂੰ ਤੇ ਗਲਵੱਕੜੀ।
ਭੈਣ ਕੋਲੋਂ ਵੀਰ ਵੇ.....................।



# ਲੋਹੜੀ

ਲੋਹੜੀ, ਲੋਹੜੀ, ਲੋਹੜੀ
ਵੀਰਾਂ ਭੈਣਾਂ ਦੀ ਸਦਾ ਬਣੀ ਰਹੇ ਜੋੜੀ।
ਵੀਰਾਂ ਭੈਣਾਂ ਦੀ.................।
....................................................................................

ਭੈਣ ਵੀਰ ਨੂੰ ਮਿਲਣੇ ਲਈ ਲੋਹੜੀ ਤੇ ਸਦਾ ਬੁਲਾਵੇ।
ਤਾਂਘ ਮਿਲਣ ਲਈ ਵੀਰੇ ਦੀ, ਤਾਂ ਉਸ ਨੂੰ ਬੜੀ ਸਤਾਵੇ।
ਖੜੀ ਵੀਰ ਦਾ ਰਾਹ ਉਹ ਤੱਕੇ, ਆਪਣੇ ਹੱਥ ਮਰੋੜੀ।
ਵੀਰਾਂ ਭੈਣਾਂ ਦੀ.................।

ਵੀਰ ਜਦੋਂ ਇਹ ਘਰ ਆਇਆ, ਖੁਸ਼ੀਆਂ ਨਾਲ ਵਿਹੜਾ ਭਰਿਆ।
ਭੈਣ ਨਾਂਹ ਫੁੱਲੀ ਪਈ ਸਮਾਂਦੀ, ਜਦ ਵੀਰਾ ਘਰ ਵੜਿਆ।
ਦਰਵਾਜ਼ੇ ਦੀ ਝੀਖਾਂ ਵਿੱਚੋਂ ਵੇਖੇ ਚੋਰਾ ਚੋਰੀ।
ਵੀਰਾਂ ਭੈਣਾਂ ਦੀ.................।

ਰਿਉੜੀ, ਮੂੰਗਫਲੀ ਤੇ ਬਿਸਕੁੱਟ, ਲੈ ਵੀਰਾ ਤਦ ਆਇਆ।
ਰੰਗ ਤਦੋਂ ਭੈਣਾਂ ਦੇ ਮੁੱਖ ਤੇ, ਚੜ੍ਹ ਗਿਆ ਦੂਣ ਸਵਾਇਆ।
ਵੀਰ ਭੈਣ ਨੂੰ ਤਦੋਂ ਫੜਾਇਆ ਸਭ ਕੁਝ ਜ਼ੋਰਾ ਜ਼ੋਰੀ।
ਵੀਰਾਂ ਭੈਣਾਂ ਦੀ.................।

ਭਾਰਤ ਦੀ ਇਹ ਰੀਤ ਪੁਰਾਣੀ, ਕਦੀ ਨਾਂਹ ਮੂਲ ਭੁਲਾਈਏ।
ਵੀਰਾਂ ਭੈਣਾਂ ਦੇ ਰਿਸ਼ਤੇ ਨੂੰ, ਖੇੜੇ ਵਾਂਗ ਖਿੜਾਈਏ।
'ਲਾਡਪੁਰੀ' ਭੁੱਲ ਕਿਧਰੇ ਇਸ ਵਿੱਚ, ਤੇੜ੍ਹ ਪਏ ਨਾਂਹ ਭੋਰੀ।
ਵੀਰਾਂ ਭੈਣਾਂ ਦੀ.................।

# ਬਸੰਤ ਰੁੱਤ

ਰੁੱਤਾਂ ਬਸੰਤ ਦੀਆਂ ਆਈਆਂ ਰੰਗ ਖਿਲਾਰੀ।
ਗੁੱਡੀ ਬੱਚਿਆਂ ਨੇ ਔਹ ਵੇਖੋ, ਵਿੱਚ ਅਸਮਾਨੀ ਚਾੜ੍ਹੀ।
ਰੁੱਤਾਂ ਬਸੰਤ ਦੀਆਂ..........................।

..........................................................................................

ਅਸਮਾਨੋਂ ਕੁਦਰਤ ਨੇ, ਧਰਤੀ ਉੱਤੇ ਰੰਗ ਖਿਲਾਰੇ।
ਪੁੰਗਰਦੇ ਹਰ ਬੂਟੇ ਦੇ ਰੰਗ, ਲੱਭਦੇ ਬੜੇ ਨਿਆਰੇ।
ਚਮਨਾਂ ਵਿੱਚ ਖੇੜੇ ਨੇ, ਖਿੜ ਖਿੜ ਭਰ ਦਿੱਤੀ ਫੁਲਵਾੜੀ।
ਰੁੱਤਾਂ ਬਸੰਤ ਦੀਆਂ..........................।

ਬੱਚੇ ਲੈ ਕੇ ਗੁੱਡੀਆਂ ਨੂੰ, ਔਹ ਧੁਰ ਅਸਮਾਨੀ ਚਾੜ੍ਹਨ।
ਗੁੱਡੀਆਂ ਦੇ ਉਹ ਪੇਚੇ ਲਾਉਂਦੇ, ਨਾਲੇ ਚੀਕਾਂ ਮਾਰਨ।
ਸੋਨੂੰ ਨੇ ਕਾਕੇ ਦੀ ਗੁੱਡੀ, ਲੁੱਟ ਲਈ ਸੀ ਕਈ ਵਾਰੀ।
ਰੁੱਤਾਂ ਬਸੰਤ ਦੀਆਂ..........................।

ਲੰਮੇ ਲੰਮੇ ਡੰਡੇ ਫੜ ਕਈ, ਬੱਚੇ ਨੱਸਦੇ ਜਾਂਦੇ।
ਲੁੱਟ ਲੌ ਗੁੱਡੀ, ਲੁੰਟ ਲੌ ਗੁੱਡੀ, ਇੰਞ ਕਹਿ ਸ਼ੋਰ ਮਚਾਂਦੇ।
ਗੁੱਡੀ ਨਾਂਹ ਜਿਸ ਆਪ ਖਰੀਦੀ, ਮੰਗੀ ਓਸ ਉਧਾਰੀ।
ਰੁੱਤਾਂ ਬਸੰਤ ਦੀਆਂ..........................।

ਕੁਦਰਤ ਦੀ ਹਰ ਸ਼ੈ ਉੱਤੇ, ਇਕ ਨਵਾਂ ਸਰੂਰ ਏ ਆਉਂਦਾ।
ਬੱਚਿਆਂ ਬੁੱਢਿਆਂ ਨੂੰ ਵੀ, ਜੋਬਨ ਠਾਠਾਂ ਮਾਰ ਬੁਲਾਉਂਦਾ।
ਤੱਕ ਅਸਮਾਨੀਂ 'ਲਾਡਪੁਰੀ', ਕਿੰਞ ਪੰਛੀ ਲਾਉਣ ਉਡਾਰੀ।
ਰੁੱਤਾਂ ਬਸੰਤ ਦੀਆਂ..........................।



# ਕੁੜੀ ਪੰਜਾਬ ਦੀ

ਖਾਈਏ ਮਨ ਭਾਉਂਦਾ, ਪਾਈਏ ਜੱਗ ਭਾਉਂਦਾ, ਵਾਸ ਓਹੀ ਜੋ ਆ ਜਾਏ ਰਾਸ ਚੰਗਾ।
ਪੱਕਾ ਦੇਖ ਨਾਂਹ ਕੱਚਾ ਵੀ ਢਾਹ ਲਈਏ, ਮਾਲਿਕ ਬਣਨ ਨਾਲੋਂ ਟੱਪਰੀਵਾਸ ਚੰਗਾ।
ਵੇਸ ਆਪਣਾ ਛੱਡ, ਭੇਸ ਬਦਲ ਲੈਣਾ, ਭਲਾ ਏਸ ਦੇ ਵਿੱਚ ਦਨਾਈ ਕਾਹਦੀ,
ਜੰਮੀ ਪਲੀ ਇਸ ਧੀ ਪੰਜਾਬ ਦੀ ਲਈ, ਲਾਡਪੁਰੀ ਪੰਜਾਬੀ ਲਿਬਾਸ ਚੰਗਾ।

..........................................................................................

ਕੁੜੀਏ ਪੰਜਾਬ ਦੀਏ, ਤੇਰੀ ਜੱਗ ਵਿੱਚ ਅੱਡ ਕਹਾਣੀ।
ਪੰਜਾਬੀ ਸਭਿਆਚਾਰ, ਬਸ ਇਕ ਵੱਖਰੀ ਤੇਰੀ ਨਿਸ਼ਾਨੀ।

..........................................................................................

ਜੰਪਰ ਤੇ ਆਹ ਸਲਵਾਰ ਜਦੋਂ ਤੂੰ ਪਾ ਕੇ ਕਿਧਰੇ ਜਾਵੇਂ।
ਪੈਰਾਂ ਵਿੱਚ ਝਾਂਜਰ ਪਾ, ਉਸ ਦੇ ਵੋਰ ਜਦੋਂ ਛਣਕਾਵੇਂ।
ਪਹਿਰਾਵੇ ਇਸ ਵਿੱਚ ਨੀਂ, ਤੇਰਾ ਹੋਰ ਨ ਕੋਈ ਸਾਨੀ।
ਪੰਜਾਬੀ ਸਭਿਆਚਾਰ ਬਸ.............।
ਇਸ ਧੌਣ ਤੇਰੀ ਤੇ ਨੀਂ, ਲੰਮੀ ਗੁੱਤ ਕਿਵੇਂ ਲਹਿਰਾਉਂਦੀ।
ਸਿਰ ਚੁੰਨੀ ਦਾ ਗਹਿਣਾ, ਨਿੰਮ੍ਹੀ ਨਿੰਮ੍ਹੀ ਜਹੀ ਮੁਸਕਾਉਂਦੀ।
ਘੁੰਡ ਕੱਢ ਕੇ ਟੁਰਦੀ ਜਦ, ਜਾਪੇਂ ਅਸਲੀ ਹੀਰ ਨਿਮਾਣੀ।
ਪੰਜਾਬੀ ਸਭਿਆਚਾਰ ਬਸ.............।
ਪੰਜਾਬੀ ਤਿੱਲੇਦਾਰ, ਜੁੱਤੀ ਵਿੱਚ ਕਿਵੇਂ ਤੂੰ ਜੱਚਦੀ।
ਬਣ ਗਿੱਧਿਆਂ ਦੀ ਰਾਣੀ, ਗਿੱਧੇ ਵਿੱਚ ਕਿਵੇਂ ਤੂੰ ਨੱਚਦੀ।
ਤੈਨੂੰ ਨੱਚਦੀ ਨੂੰ ਤੱਕ ਕੇ, ਹੁੰਦੀ ਲੋਟ ਪੋਟ ਸਭ ਢਾਣੀ।
ਪੰਜਾਬੀ ਸਭਿਆਚਾਰ ਬਸ.............।
ਖੁੱਲ੍ਹਾ ਖਾਣਾ ਪੀਣਾ, ਸਰ੍ਹੋਂ ਦਾ ਸਾਗ ਮੱਕੀ ਦੀ ਰੋਟੀ।
ਗੁੰਦਵਾਂ ਇਹ ਤੇਰਾ ਸਰੀਰ, ਨੀਯਤ ਅੱਖਾਂ ਦੀ ਨਾਂਹ ਖੋਟੀ
ਬੂਰੀਆਂ ਚੁੰਘ ਚੁੰਘ ਲਾਡਪੁਰੀ, ਕਿੰਞ ਚੜ੍ਹ ਗਈ ਤੇਰੀ ਜਵਾਨੀ।
ਪੰਜਾਬੀ ਸਭਿਆਚਾਰ ਬਸ.............।

# ਅੱਜ ਦਾ ਇਨਸਾਨ

ਯੁੱਗ ਬੀਤੇ, ਵਿਸਰੀਆਂ ਕਦਰਾਂ, ਬਦਲ ਗਿਆਨ ਇਨਸਾਨ।
ਕੋਰਾ ਦਿਨ ਦਿਨ ਹੁੰਦਾ ਜਾਂਦਾ, ਘੱਟ ਹੀ ਸਭਿਆਵਾਨ।

.............................................................................................

ਇਸ ਧਰਤੀ ਤੇ ਅੱਜ ਬੰਦੇ, ਅਮੀਰ ਕਹਾਉਣਾ ਚਾਹੁੰਦੇ।
ਉੱਚੀਆਂ ਕੋਠੀਆਂ, ਬੰਗਲੇ ਤੇ, ਘਰ ਬਾਹਰ ਸਜਾਉਣਾ ਚਾਹੁੰਦੇ।
ਮਿਲਵਰਤਣ ਤੇ ਰਿਸ਼ਤੇਦਾਰੀ, ਲਾਲਚ ਨੇ ਸਭ ਘੇਰੇ।
ਮਤਲਬ ਪੂਰਾ ਕਰਨੇ ਲਈ, ਵੜਦੇ ਘਰ ਆਣ ਬਥੇਰੇ।
ਭਾਈ, ਭਾਈ ਦਾ ਅੱਜ ਦੁਸ਼ਮਣ, ਕਰਦਾ ਏ ਨੁਕਸਾਨ।
ਯੁੱਗ ਬੀਤਿਆਂ ਜਦੋਂ ਹੁੰਦੀ ਸੀ, ਜਾਨਾਂ ਦੇ ਵਿੱਚ ਜਾਨ।
ਅਫਸਰ-ਸ਼ਾਹੀ ਸਾਰੀ ਹੀ ਅੱਜ, ਲਾਲਚ ਨੇ ਹੈ ਘੇਰੀ।
ਆਗੂ ਸਾਰੇ ਵੋਟਾਂ ਵੇਲੇ, ਹੀ ਲਾਉਂਦੇ ਨੇ ਫੇਰੀ।
ਢੋਲ ਢਮੱਕੇ ਵੱਧ ਵੱਜਦੇ, ਕੁੜੀਆਂ ਦਾ ਕਰਨ ਵਪਾਰ।
ਏਸੇ ਲਈ ਇਨਸਾਨ ਹੋ ਰਿਹਾ, ਥਾਂ ਥਾਂ ਅੱਜ ਖੁਆਰ।
ਅੱਜ ਲਾਲਚੀ ਬਣ ਗਏ ਨੇ, ਏਜੰਟ ਅਤੇ ਵਕੀਲ।
ਵਿੱਚ ਕਚਹਿਰੀ ਪੈਸੇ ਤੋਂ ਬਿਨ ਹਰ ਕੋਈ ਹੋਏ ਜ਼ਲੀਲ।
ਪੈਸੇ ਤੋਂ ਬਿਨ ਧੱਕੇ ਪੈਂਦੇ, ਜਿੱਧਰ ਵੀ ਕੋਈ ਜਾਵੇ।
ਮਾੜੀ ਵੀ ਚੰਗੀ ਬਣ ਜਾਂਦੀ, ਪੈਸੇ ਨਾਲ ਦਲੀਲ।
ਸੱਚ, ਇਨਸਾਫ ਉੱਡੇ ਪਰ ਲਾ ਕੇ, ਸੱਚ ਨੂੰ ਕੋਈ ਨ ਜਾਣੇ।
ਪੈਸੇ ਦੇ ਨਾਲ ਚੰਗੇ ਤੋਂ, ਚੰਗੇ ਕਰ ਲੈਂਦੇ ਕੀਲ।
ਲਾਲਚ, ਝੂਠ, ਫਰੇਬ, ਪਖੰਡ ਅੱਜ ਬਣ ਚਲੇ ਪਰਧਾਨ।
ਕਦਰਾਂ ਭੁੱਲਦਾ ਜਾਂਦਾ ਏ ਇਹ ਤਾਂ ਅੱਜ ਦਾ ਇਨਸਾਨ।
ਮਾੜੇ ਨੂੰ ਕੋਈ ਜਾਣੇ ਨਾਂਹ, ਅੱਜ ਲਾਲਚ ਨੇ ਸਭ ਘੇਰੇ,
ਚੰਗੇ ਭਲੇ ਦੀ ਭੁੱਲਦਾ ਜਾਂਦਾ, ਇਹ ਤਾਂ ਅੱਜ ਪਹਿਚਾਣ।
ਮਜ਼੍ਹਬਾਂ ਦੇ ਵਿੱਚ ਪੈਸਾ ਵੜਿਆ, ਪੈਸਾ ਵੇਦ ਪੁਰਾਣ।
ਅੱਜ ਤਾਂ ਲਾਡਪੁਰੀ ਉਡ ਚਲਿਆ, ਸਾਰੇ ਧਰਮ ਈਮਾਨ।



# ਅੱਖੀਆਂ

ਇਹ ਅੱਖੀਆਂ ਦੇ ਕੀ ਨੇ ਜਲਵੇ? ਕਿਸ ਨੂੰ ਇਨ੍ਹਾ ਮਨਾਉਣਾ?
ਅੱਖੀਆਂ ਇਸ ਮਨ ਨੂੰ, ਇਕ ਪਲ ਵਿੱਚ ਹੈ ਭਰਮਾਉਣਾ।

.............................................................................................

ਅੱਖੀਆਂ ਨੇ ਹੀ ਇਕ ਪਲ ਵਿੱਚ ਰਾਂਝੇ ਦੇ ਕੰਨ ਪੜਵਾਏ।
ਪੁੰਨੂੰ ਮਜਨੂੰ ਝੱਲੇ ਹੋਏ, ਕਈ ਮਹੀਂਵਾਲ ਮਰਵਾਏ।
ਅੱਖੀਆਂ ਨੇ ਇਸ ਰੁੱਸੇ ਦਿਲ ਨੂੰ ਪਲ ਦੇ ਵਿੱਚ ਮਨਾਉਣਾ।
ਅੱਖੀਆਂ ਇਸ ਮਨ ਨੂੰ................।

ਅੱਖੀਆਂ ਦੀਆਂ ਇਹ ਤੇਜ਼ ਅਦਾਵਾਂ, ਉਡਦੇ ਪੰਛੀ ਲਾਹੁੰਦੀਆਂ।
ਇਹ ਤਾਂ ਫੜਕਣ ਵੀ ਨਹੀਂ ਦਿੰਦੀਆਂ, ਐਸਾ ਜੱਫਾ ਪਾਉਂਦੀਆਂ।
ਭੋਲੇ ਭਾਲੇ ਪੰਛੀਆਂ ਨੂੰ ਇਸ ਜਾਲ 'ਚ ਇਨ੍ਹਾਂ ਫਸਾਉਣਾ।
ਅੱਖੀਆਂ ਇਸ ਮਨ ਨੂੰ................।

ਅੱਖੀਆਂ ਦੀ ਜਦ ਸੱਟ ਲੱਗਦੀ, ਇਹ ਤੀਰਾਂ ਤੋਂ ਵੀ ਡਾਢੀ।
ਚੰਗੇ ਭਲੇ ਇਨਸਾਨਾਂ ਨੂੰ ਇਹ ਕਰ ਦਿੰਦੀ ਏ ਫਾਡੀ।
ਰੋਮ ਰੋਮ ਪਾਣੀ ਕਰ ਦਿੰਦੀਆਂ, ਮੀਂਹ ਜਦ ਇਨ੍ਹਾਂ ਵਰ੍ਹਾਉਣਾ।
ਅੱਖੀਆਂ ਇਸ ਮਨ ਨੂੰ................।

ਬਚ ਜਾਉ ਲੋਕੋ ਅੱਖੀਆਂ ਦੀ ਕਿਤੇ ਮਾਰ ਪਏ ਨਾਂਹ ਅੱਲੀ।
ਇਹ ਤਾਂ 'ਲਾਡਪੁਰੀ' ਮਿੰਟਾਂ ਵਿੱਚ ਪਾ ਦਿੰਦੀਆਂ ਤਰਥੱਲੀ।
ਸ਼ਰਮ ਹਯਾ ਦਾ ਗਹਿਣਾ ਪਾ ਲੌ, ਕਹਿਰ ਇਨ੍ਹਾਂ ਨੇ ਢਾਉਣਾ।
ਅੱਖੀਆਂ ਇਸ ਮਨ ਨੂੰ................।

(ਦੋ ਗਾਣਾ) 

# ਪੰਜਾਬੀ ਸਭਿਅਤਾ

ਮੁਟਿਆਰ

ਮੁੰਡਿਆ ਪੰਜਾਬ ਦਿਆ ਨਸ਼ੇ ਕਿਉਂ ਤੂੰ ਬੁੱਲ੍ਹਾਂ ਨੂੰ ਲਾਨਾ।
ਮੂੰਹ ਤੱਕ ਸ਼ੀਸ਼ੇ ਵਿੱਚ ਤੂੰ, ਬਣਿਆਂ ਫਿਰਦਾਂ ਵਾਂਗ ਭਗਾਨਾਂ।
ਮੁੰਡਿਆ ਪੰਜਾਬ ਦਿਆ..........................

..............................................................................................

ਗਭਰੂ

ਕੁੜੀਏ ਪੰਜਾਬੀ ਦੀਏ, ਤੈਨੂੰ ਸ਼ਰਮ ਓਦੋਂ ਨਾਂਹ ਆਉਂਦੀ।
ਚੜ੍ਹ ਉਪਰ ਸਟੇਜਾਂ ਦੇ ਜਦ ਤੂੰ ਲੱਚਰ ਗਾਣੇ ਗਾਉਂਦੀ।
ਕੁੜੀਏ ਪੰਜਾਬ ਦੀਏ................................

..............................................................................................

ਮੁਟਿਆਰ

ਬੱਬਰ ਪੰਜਾਬੀ ਤੋਂ, ਕਦੀ ਸੀ ਡਰਦਾ ਸਾਰਾ ਜ਼ਮਾਨਾ।
ਗੁੱਡੀ ਇਸ ਧਰਤੀ ਦੀ, ਗਭਰੂਆਂ ਚਾੜ੍ਹੀ ਵਿੱਚ ਅਸਮਾਨਾਂ।
ਕੀ ਹੋ ਚੱਲਿਆ ਤੈਨੂੰ, ਗਲੀਆਂ ਵਿੱਚ ਬੁੱਕ ਬੁੱਕ ਦਿਖਲਾਨਾਂ।
ਮੁੰਡਿਆ ਪੰਜਾਬ ਦਿਆ..........................

ਗਭਰੂ

ਮਾਈ ਭਾਗੋ ਜਾਣੇ ਤੂੰ, ਮੁਕਤਸਰ ਧਰਤੀ ਜਿਸ ਹਿਲਾਈ।
ਉਹਦੇ ਇਕ ਇਸ਼ਾਰੇ ਨੇ, ਕਿਵੇਂ ਦੁਸ਼ਮਣ ਦੀ ਹੋਸ਼ ਉਡਾਈ।
ਮੇਕ-ਅੱਪ ਵਾਲੇ ਦੇ ਜਾ ਤੂੰ, ਨਿੱਤ ਫੰਡ੍ਹੇ ਜਿਹੇ ਬਣਵਾਉਂਦੀ।
ਕੁੜੀਏ ਪੰਜਾਬ ਦੀਏ..................................

ਮੁਟਿਆਰ

ਪੀ ਨਸ਼ੇ ਗੱਭਰੂਆ ਵੇ, ਤੂੰ ਤਾਂ ਆਪਣੀ ਸਿਹਤ ਵਿਗਾੜੇਂ।
ਤਨ ਪਿੰਜਰ ਬਣ ਚਲਿਆ, ਅਜੇ ਵੀ ਹੱਡੀਆਂ ਨੂੰ ਤੂੰ ਸਾੜੇਂ।



ਅੱਜ ਦਾਰੂ ਜ਼ਰਦੇ ਨਾਲ, ਤੂੰ ਲਾ ਬੈਠਾਂ ਕਿੰਵ ਯਰਾਨਾ।
ਮੁੰਡਿਆ ਪੰਜਾਬ ਦਿਆ......................

ਗਭਰੂ

ਤੂੰ ਸਭਿਅਤਾ ਰੋਲ ਦਿੱਤੀ, ਅੱਜ ਪੈਰਾਂ ਦੇ ਵਿੱਚ ਮੁਟਿਆਰੇ।
ਇਨ੍ਹਾਂ ਕੇਸਾਂ ਦੀ ਖ਼ਾਤਰ, ਤੂੰ ਜਾਣੇ ਪੁੱਤਰ ਕਿੰਨੇ ਵਾਰੇ।
ਪੰਜਾਬੀ ਪਹਿਰਾਵਾ, ਛੱਡ ਤੂੰ ਲੀਰਾਂ ਗਲ ਵਿੱਚ ਪਾਉਂਦੀ।
ਕੁੜੀਏ ਪੰਜਾਬ ਦੀਏ..........................

ਦੋਵੇਂ

ਚਲੋ ਆਪਾਂ ਦੋਵੇਂ ਹੀ, ਆਪਣੇ ਆਪਣੇ ਐਬ ਗੁਆਈਏ।
ਨਾਨਕ ਦੇ ਦਰ ਤੇ ਜਾ, ਭੁੱਲ ਆਪਣੀ ਦੋਵੇਂ ਬਖ਼ਸ਼ਾਈਏ।
ਅੱਜ ਲਾਡਪੁਰੀ ਦੀ ਗੱਲ, ਤਾਂ ਦੋਹਾਂ ਨੂੰ ਟੁੰਬ ਜਗਾਉਂਦੀ।

ਗਭਰੂ

ਕੁੜੀਏ ਪੰਜਾਬ ਦੀਏ ਧਰਤ ਪੰਜਾਬੀ ਫਿਰ ਕੁੱਝ ਚਾਹੁੰਦੀ

ਮੁਟਿਆਰ

ਮੁੰਡਿਆ ਪੰਜਾਬ ਦਿਆ ਧਰਤ ਪੰਜਾਬੀ ਫਿਰ ਕੁੱਝ ਚਾਹੁੰਦੀ।

# ਇੱਕੋ ਟੇਕ (ਦੋ ਗਾਣਾ)

ਗਭਰੂ

ਨਾਰੇ ਕਰ ਦਿੱਤਾ ਤੂੰ ਕੂੰਡਾ।
ਤੇਰਾ ਹੁਣੇ ਮੈਂ ਪੁੱਟਦਾਂ ਚੂੰਡਾ।
ਕੀ ਤੂੰ ਕਹਿੰਦੀ ਸੀ ਕੀ ਕੀਤਾ?
ਨੀ, ਤੀਜੀ ਵਾਰ ਵੀ ਤੂੰ ਪੁੱਤ ਨਾਂਹ ਲਿਆਈ।
ਇਸ ਤੋਂ ਕੁਆਰਾ ਚੰਗਾ ਸਾਂ, ਕਾਹਨੂੰ ਛਿੱਟ ਮੈਂ ਸੀ ਇਹੋ ਜਿਹੀ ਵਿਆਹੀ।

..............................................................................................

ਮੁਟਿਆਰ

ਇਹ ਕੀ ਮਾਹੀਆ ਕਰੇਂ ਦਨਾਈ।
ਐਵੇਂ ਹੁੰਦਾ ਜਾਏਂ ਸੁਦਾਈ।
ਕੀ ਤੂੰ ਪਾਇਆ ਪਿੱਟ ਪਟਾਕਾ,
ਇਹ ਤਾਂ ਲੜਨੇ ਦੀ, ਵਿਉਂਤ ਤੂੰ ਬਣਾਈ।
ਮੇਰਾ ਕੀ ਏ ਦੋਸ਼ ਹਾਣੀਆਂ,
ਰੱਬ ਜੋ ਵੀ ਦਿੱਤਾ, ਉਹੋ ਮੈਂ ਲਿਆਈ।
ਮੇਰਾ ਕੀ ਕਸੂਰ ਹਾਣੀਆਂ.....................।

..............................................................................................

ਗਭਰੂ

ਲੋਕੀਂ ਸਾਲੋ ਸਾਲ ਵੇਖ, ਲੋਹੜੀਆਂ ਮਨਾਉਂਦੇ ਨੇ।
ਬੁੱਕ ਬੁੱਕ ਗਲੀਆਂ ਦੇ, ਵਿੱਚ ਦਿਖਲਾਉਂਦੇ ਨੇ।
ਸਾਡੇ ਮਨ ਦੀ ਤੂੰ ਰੀਝ ਨ ਪੁਗਾਈ।
ਏਸ ਤੋਂ ਕੁਆਰਾ ਚੰਗਾ ਸਾਂ..................।

ਮੁਟਿਆਰ

ਲੱਖਾਂ ਥਾਵਾਂ ਉੱਤੇ, ਮਾਹੀਆ ਸੁੱਖਣਾਂ ਕਰਾਈਆਂ ਮੈਂ।
ਅੱਡ-ਅੱਡ ਥਾਂਈਂ ਜਾ ਕੇ, ਮੰਨਤਾਂ ਮਨਾਈਆਂ ਮੈਂ।



ਮੇਰੀ ਕੰਬਦੀ ਇਹ ਰਹਿ ਗਈ ਕਲਾਈ।
ਮੇਰਾ ਕੀ ਏ ਦੋਸ਼ ਹਾਣੀਆਂ..................।

ਗੱਭਰੂ

ਪੁੱਤ ਹੁੰਦੇ ਮਿੱਠੇ ਮੇਵੇ, ਸਾਰਾ ਜੱਗ ਜਾਣਦਾ।
ਸੋਨੂੰ ਦਾ ਇਹ ਪਹਿਲਾ ਮੁੰਡਾ, ਲੱਗੇ ਮੇਰੇ ਹਾਣਦਾ।
ਘਰ ਆਉਣ ਵਾਲਾ ਹੋ ਗਿਆ ਜੁਆਈ।
ਏਸ ਤੋਂ ਕੁਆਰਾ ਚੰਗਾ ਸਾਂ, ਐਵੇਂ.......................।

ਮੁਟਿਆਰ

ਚੱਲ ਮਾਹੀਆ ਇੱਕੋ ਟੇਕ, ਵਾਹਿਗੁਰੂ ਦੀ ਲਾ ਲਈਏ।
ਨਾਨਕ ਦਾ ਨਾਂ, ਇਕ ਆਸਰਾ ਬਣਾ ਲਈਏ।
ਸਾਡੀ ਮੁੱਕ ਜਾਊਗੀ, ਨਿੱਤ ਦੀ ਲੜਾਈ।
ਮੇਰਾ ਕੀ ਏ ਦੋਸ਼ ਹਾਣੀਆਂ..................।

ਦੋਵੇਂ

ਆਪਾਂ ਦੋਵੇਂ ਨਾਨਕ ਦੇ, ਦਰ ਉੱਤੇ ਜਾਵਾਂਗੇ।
ਦਰ ਦਰ ਜਾਣ ਦੀ ਇਹ, ਭੁੱਲ ਬਖ਼ਸ਼ਾਵਾਂਗੇ।
ਅੱਜ ਲਾਡਪੁਰੀ ਦਿੰਦਾ ਏ ਦੁਹਾਈ।

ਮੁਟਿਆਰ

ਮੇਰਾ ਕੀ ਕਸੂਰ ਹਾਣੀਆਂ, ਰੱਬ ਜੋ ਵੀ ਦਿੱਤਾ ਉਹੋ ਮੈਂ ਲਿਆਈ।

ਗਭਰੂ

ਤੇਰਾ ਨਹੀਂ ਕਸੂਰ ਹਾਨਣੇ, ਆਪਾਂ ਕਰਨੀ ਨਹੀਂ ਅੱਗੋਂ ਤੋਂ ਲੜਾਈ।

# ਹੜਤਾਲਾਂ

ਹੜਤਾਲਾਂ ਦੇਸ਼ਾਂ ਨੂੰ, ਕਰ ਦਿੰਦੀਆਂ ਕਮਜ਼ੋਰ।
ਕਿਉਂ ਲੋਕੀਂ ਹੜਤਾਲਾਂ ਕਰਦੇ? ਕੀ ਇਸ ਦੀ ਏ ਲੋੜ?

.................................................................................................

ਕਾਮੇ ਦੇ ਜਦ ਹੱਕ ਨਾਂਹ ਦਿੰਦੀਆਂ, ਇਹ ਅੜੀਅਲ ਸਰਕਾਰਾਂ।
ਪੜ੍ਹੇ ਲਿਖੇ ਜਦ ਵਿਹਲੇ ਫਿਰਦੇ, ਬੇਰੁਜ਼ਗਾਰ ਹਜ਼ਾਰਾਂ।
ਦੇਸ਼ ਦੇ ਅੰਦਰ ਪੈ ਜਾਂਦੀ ਏ ਚੀਜ਼ਾਂ ਦੀ ਕੋਈ ਥੋੜ।
ਤਾਂ ਹੜਤਾਲਾਂ ਦੀ ਪੈ ਜਾਂਦੀ ਏ ਲੋੜ।
ਕਾਮੇ ਦੇ ਜਦ ਹੱਕਾਂ ਤੇ, ਕੋਈ ਡਾਕਾ ਵੱਜਦਾ ਭਾਰਾ।
ਮੰਗਾਂ ਨਾਂਹ ਮੰਨਣ ਸਰਕਾਰਾਂ, ਲਾ ਦਿੰਦੀਆਂ ਨੇ ਲਾਰਾ।
ਕਾਮੇ ਦੇ ਦਿਲ ਦੀ ਪੀੜਾਂ ਨੂੰ, ਦਿੰਦੀਆਂ ਨੇ ਝੰਜੋੜ।
ਤਾਂ ਹੜਤਾਲਾਂ ਦੀ ਪੈ ਜਾਂਦੀ ਏ ਲੋੜ।
ਆਪਣੀਆਂ ਕੋਈ ਜੇਬਾਂ ਭਰਦਾ, ਨੀਵੇਂ ਨੂੰ ਨਾਂਹ ਜਾਣੇ।
ਕਾਮੇ ਦੀ ਮਜ਼ਬੂਰੀ ਦੀ, ਜਦ ਰਮਜ਼ ਨਾਂਹ ਕੋਈ ਪਛਾਣੇ।
ਹੱਕਾਂ ਦੀ ਰਾਖੀ ਲਈ, ਝੁੱਗਾ ਹੋ ਜਾਂਦਾ ਜਦ ਚੌੜ।
ਤਾਂ ਹੜਤਾਲਾਂ ਦੀ ਪੈ ਜਾਂਦੀ ਏ ਲੋੜ।
ਕਾਮੇ ਨੂੰ ਅਧਿਕਾਰੀ ਕਿਉਂ, ਲਾਂਦੇ ਨੇ ਫੋਕੇ ਲਾਰੇ।
ਹੱਕ ਉਨ੍ਹਾਂ ਦੇ ਦੇਕੇ ਕਿਉਂ ਨਾਂਹ, ਪਹਿਲਾਂ ਹੀ ਪੁਚਕਾਰੇ।
ਇਕ ਦਿਨ ਦੇ ਵਿੱਚ ਘਾਟਾ, ਪੈ ਜਾਂਦਾ ਏ ਲੱਖ ਕਰੋੜ।
ਹੜਤਾਲਾਂ ਦੇਸ਼ਾਂ ਨੂੰ ਕਰ ਦਿੰਦੀਆਂ ਕਮਜ਼ੋਰ।
ਦੇਸ਼ ਕਰੋ ਕਮਜ਼ੋਰ ਨਾਂਹ, ਆਪਣਾ, ਕਾਮਿਉਂ ਤੇ ਸਰਕਾਰੋ।
ਸ਼ੈਤਾਨਾਂ ਦੇ ਆਖੇ ਲੱਗ ਨਾਂਹ ਆਪਣਾ ਦੇਸ਼ ਉਜਾੜੋ।
ਲਾਡਪੁਰੀ ਭੰਨ ਤੋੜ ਕਰੋ ਨਾਂਹ-ਪਾਵੋ ਘਾਟਾ ਹੋਰ।
ਹੜਤਾਲਾਂ ਦੇਸ਼ਾਂ ਨੂੰ ਕਰ ਦਿੰਦੀਆਂ ਕਮਜ਼ੋਰ।



# ਬਲੈਕੀਆਂ ਨੂੰ

ਜਮਾਂਹ ਖੋਰੋ ਦੇਸ਼ ਦੇ ਬਲੈਕੀਓ ਵਪਾਰੀਓ ਪਈ,
ਕਾਹਨੂੰ ਕਰੋ ਦੇਸ਼ ਬਦਨਾਮ ਸੁਹਣਿਓ।
ਸਾਡੀ ਬਾਹਰ ਵਾਲੇ,
ਸਾਡੀ ਬਾਹਰ ਵਾਲੇ ਦੇਸ਼ੀਂ ਘਟੇ ਸ਼ਾਨ ਸੁਹਣਿਉ।
ਸਾਡੀ ਬਾਹਰ ਵਾਲੇ।

.................................................................................................

ਮਸਾਲੇ ਵਿੱਚ ਮਿਲਾਵਟ, ਹਲਦੀ ਤੇ ਵਿੱਚ ਇੱਟੋ-ਰੋੜਾ।
ਦੇਸੀ ਵਿਚ ਬਨਾਉਟੀ ਘਿਉ, ਮਿਲਾਉਂਦੇ ਓ ਥੋੜ੍ਹਾ ਥੋੜ੍ਹਾ।
ਇਨ੍ਹਾਂ ਆਹ ਮਿਲਾਵਟਾਂ ਨੇ, ਕਈ ਇਨਸਾਨਾਂ ਦੀ ਤਾਂ,
ਅੱਜ ਤੱਕ ਲੈ ਲਈ ਏ ਜਾਨ ਸੁਹਣਿਉਂ।
ਸਾਡੀ ਬਾਹਰ ਵਾਲੇ, ਸਾਡੀ ਬਾਹਰ ਵਾਲੇ ਦੇਸ਼ੀਂ...............।
ਖੋਏ ਵਿੱਚ ਮਿਲਾਵਟ ਕਰਦੇ, ਦੁੱਧਾਂ ਦੇ ਵਿੱਚ ਪਾਣੀ।
ਕਿਊਆਂ ਦਾ ਬੇਸਣ ਵੇਚਣ, ਤੇ ਮਠਿਆਈ ਪੁਰਾਣੀ।
ਜਦੋਂ ਕੋਈ ਬਦੇਸ਼ੀ ਆ ਕੇ, ਚੀਜ਼ਾਂ ਨੂੰ ਖਰੀਦਦੇ ਤਾਂ,
ਘਟੇ ਨਾਂਹ ਤੁਹਾਡਾ ਮਾਣ ਤਾਣ ਸੁਹਣਿਉਂ।
ਸਾਡੀ ਬਾਹਰ ਵਾਲੇ, ਸਾਡੀ ਬਾਹਰ ਵਾਲੇ ਦੇਸ਼ੀਂ...............।
ਡੁਪਲੀਕੇਟ ਦਵਾਈਆਂ ਨੇ, ਕਈਆਂ ਦੀਆਂ ਲਈਆ ਜਾਨਾਂ।
ਜਦੋਂ ਦੁਕਾਨੀ ਛਾਪਾ ਪੈਂਦਾ, ਕਰਦੇ ਬੰਦ ਦੁਕਾਨਾਂ।
ਬਦਨਾਮੀ ਦੇਸ਼ ਦੀ ਦਾ ਡਰ ਨਾਂਹ ਤੁਹਾਨੂੰ,
ਤੁਸਾਂ ਵੇਚਿਆ ਏ ਧਰਮ ਈਮਾਨ ਸੁਹਣਿਉਂ।
ਸਾਡੀ ਬਾਹਰ ਵਾਲੇ, ਸਾਡੀ ਬਾਹਰ ਵਾਲੇ ਦੇਸ਼ੀਂ...............।
ਲਾਡਪੁਰੀ ਕੋਝੇ ਕੰਮਾਂ ਤੋਂ, ਬਚਿਉ ਅਤੇ ਬਚਾਇਉ।
ਭੁੱਲ ਕੇ ਵੀ ਨਾਂਹ ਕਿਸੇ ਚੀਜ਼ ਵਿੱਚ, ਕਦੀ ਮਿਲਾਵਟ ਪਾਇਉ।
ਜਿੰਦਾਂ ਵੀ ਨੇ ਜਾਣੀਆਂ, ਮੁਸੀਬਤਾਂ ਨੇ ਆਣੀਆਂ।
ਦੇਸ਼ ਵਾਲਾ ਹੋ ਜਾਊਗਾ ਘਾਣ ਸੁਹਣਿਉਂ।
ਸਾਡੀ ਬਾਹਰ ਵਾਲੇ, ਸਾਡੀ ਬਾਹਰ ਵਾਲੇ ਦੇਸ਼ੀਂ...............।

# ਮਤਲਬ ਦੇ ਬੰਦੇ

ਬਹੁਤੇ ਬੰਦੇ ਅੱਜ ਮਤਲਬ ਦੇ, ਮਤਲਬ ਕਢਵਾਉਣਾ ਚਾਹੁੰਦੇ ਨੇ।
ਪਈ ਜਾਗਦੇ ਰਹਿਣਾ, ਜਾਗਦੇ ਰਹਿਣਾ, ਜਾਗਦੇ ਰਹਿਣਾ, ਜਾਗਦੇ ਰਹਿਣਾ।
ਤੁਹਾਡੀ ਇਸ ਨੇਕ ਕਮਾਈ ਤੇ ਡਾਕਾ ਇਹ ਲਾਉਣਾ ਚਾਹੁੰਦੇ ਨੇ।
ਪਈ ਜਾਗਦੇ ਰਹਿਣਾ....................।

..........................................................................................

ਕੁਝ ਮੋਮੋ ਠਗਣੀਆਂ ਕਰ ਕਰ ਕੇ, ਆਪਣਾਂ ਇਹ ਕੰਮ ਕਢਾ ਲੈਂਦੇ।
ਜਦ ਮਤਲਬ ਪੂਰਾ ਹੋ ਜਾਂਦਾ, ਪਲ ਵਿੱਚ ਕੰਨੀਂ ਕਤਰਾ ਲੈਂਦੇ।
ਓਸੇ ਥਾਲੀ ਜਿਸ ਵਿਚ ਖਾਧਾ, ਇਹ ਛੇਕ ਕਰਾਉਣਾ ਚਾਹੁੰਦੇ ਨੇ।
ਪਈ ਜਾਗਦੇ ਰਹਿਣਾ,
ਪਈ ਜਾਗਦੇ ਰਹਿਣਾ, ਜਾਗਦੇ ਰਹਿਣਾ, ਜਾਗਦੇ ਰਹਿਣਾ।
ਬਹੁਤੇ ਬੰਦੇ ਅੱਜ ਮਤਲਬ ਦੇ.............।

ਸਵਾਰਥ ਨੂੰ ਪੂਰਾ ਕਰਨ ਲਈ, ਕਈ ਵਾਰ ਸਲਾਮਾਂ ਕਰਦੇ ਨੇ।
ਆਪਣੇ ਮਤਲਬ ਲਈ ਸਾਡੇ ਉਹ, ਸਾਹਾਂ ਵਿੱਚ ਸਾਹ ਵੀ ਭਰਦੇ ਨੇ।
ਕੰਮ ਪੂਰਾ ਹੁੰਦਾ ਜਦ ਇਸਦਾ, ਅੱਖਾਂ ਪਰਤਾਉਣਾ ਚਾਹੁੰਦੇ ਨੇ।
ਪਈ ਜਾਗਦੇ ਰਹਿਣਾ,
ਪਈ ਜਾਗਦੇ ਰਹਿਣਾ, ਜਾਗਦੇ ਰਹਿਣਾ, ਜਾਗਦੇ ਰਹਿਣਾ।
ਬਹੁਤੇ ਬੰਦੇ ਅੱਜ ਮਤਲਬ ਦੇ.............।

ਕੰਮ ਜਿਸ ਤੋਂ ਕਰਵਾਉਣਾ ਚਾਹੁੰਦੇ, ਉਸੇ ਦੀਆਂ ਜੇਬਾਂ ਕਟਦੇ ਨੇ।
ਨਾਲੇ ਖਾਂਦੇ ਹੱਸ ਹੱਸ ਉਸਤੋਂ, ਨਾਲੇ ਲੋਕਾਂ ਵਿੱਚ ਛੱਟਦੇ ਨੇ।
ਜਾਂਦੇ ਹੋਏ ਉਹਦੇ ਘਰਾਟਾਂ ਵਿੱਚ, ਰੋੜਾ ਅਟਕਾਉਣਾ ਚਾਹੁੰਦੇ ਨੇ।
ਪਈ ਜਾਗਦੇ ਰਹਿਣਾ,
ਪਈ ਜਾਗਦੇ ਰਹਿਣਾ, ਜਾਗਦੇ ਰਹਿਣਾ, ਜਾਗਦੇ ਰਹਿਣਾ।
ਬਹੁਤੇ ਬੰਦੇ ਅੱਜ ਮਤਲਬ ਦੇ.............।

ਮਤਲਬ ਵਾਲੇ ਬੰਦੇ ਆਪਣੇ ਕੰਮ ਤੋਂ ਹੀ ਜਾਣੇ ਜਾਂਦੇ ਨੇ।
ਬੋਲੀ ਵੀ ਵੱਖਰੀ ਹੁੰਦੀ ਏ, ਟੋਰੋਂ ਪਹਿਚਾਣੇ ਜਾਂਦੇ ਨੇ।
ਲਾਡਪੁਰੀ ਉਲਟਾ ਸਾਡਾ, ਉਹ ਘਾਣ ਕਰਾਉਣਾ ਚਾਹੁੰਦੇ ਨੇ।
ਪਈ ਜਾਗਦੇ ਰਹਿਣਾ,
ਪਈ ਜਾਗਦੇ ਰਹਿਣਾ, ਜਾਗਦੇ ਰਹਿਣਾ, ਜਾਗਦੇ ਰਹਿਣਾ।
ਬਹੁਤੇ ਬੰਦੇ ਅੱਜ ਮਤਲਬ ਦੇ.............।



# ਸਰਕਾਰੀ ਅਧਿਆਪਕ

ਸਰਕਾਰੀ ਸੰਸਥਾ ਦੇ ਕਿਰਤੀਆ, ਕਾਮਿਆਂ ਪਈ,
ਕਿਸ ਤੇਰਾ ਖੋਹਿਆ ਕੰਮ ਕਾਰ ਬੋਲਿਆ ਪਈ,
ਪੜ੍ਹ ਲਿੱਖ ਕੇ ਵੀ,
ਪੜ੍ਹ ਲਿੱਖ ਕੇ ਵੀ ਹੁੰਦਾ ਏਂ ਖੁਆਰ ਬੋਲਿਆ ਪਈ।
ਪੜ੍ਹ ਲਿੱਖ ਕੇ ਵੀ,

..........................................................................................

ਘਰ ਦੇ ਨੇੜੇ ਕੰਮ ਸੀ ਕਰਦੇ, ਕਿਸ ਕੰਮ ਕਾਰ ਗੁਆਇਆ ?
ਕਿਸ ਨੇ ਤੇਰੀ ਰੋਜ਼ੀ ਖੋਹ ਲਈ, ਭੱਠਾ ਕਿਸ ਬਠਾਇਆ ?
ਮਾਣ ਤਾਣ ਤੇਰਾ ਅੱਜ ਉਡ ਪੁਡ ਗਿਆ,
ਜਿਹੜਾ ਬਣਿਆ ਸੀ ਵਿੱਚ ਸੰਸਾਰ ਬੋਲਿਆ ਪਈ।
ਪੜ੍ਹ ਲਿਖ ਕੇ ਵੀ...................................।

ਬੀ.ਐਡ. ਸਿੱਖਿਆ ਦੇ ਕੇਂਦਰ, ਇਹ ਥਾਂ-ਥਾਂ ਤੇ ਖੁਲ੍ਹਵਾਏ।
ਇਨ੍ਹਾਂ ਵਪਾਰੀਆਂ ਤੁਹਾਡੇ ਪਾਸੋਂ, ਚੰਗੇ ਨੋਟ ਕਮਾਏ।
ਪੋਸਟਾਂ ਨੇ ਜਿਹੜੀਆਂ , ਉਹ ਠੇਕਿਆਂ ਨੇ ਘੇਰੀਆਂ।
ਵਿਦਿਆ ਦਾ ਡਿਗਿਆ ਮਿਆਰ ਬੋਲਿਆ ਪਈ।
ਪੜ੍ਹ ਲਿਖ ਕੇ ਵੀ...................................।

ਮਾਡਲ ਇਨ੍ਹਾਂ ਸਕੂਲਾਂ ਨੇ, ਇਹ ਭੱਠਾ ਤੇਰਾ ਬਠਾਇਆ।
ਬੱਸਾਂ ਵਿੱਚ ਬੱਚੇ ਲੱਦ ਲੈ ਗਏ, ਤੇਰਾ ਇਹ ਸਰਮਾਇਆ।
ਕੰਮ ਕਾਰ ਬਹੁਤਾ ਲੈਂਦੇ, ਮਰਜ਼ੀ ਦੇ ਪੈਸੇ ਦਿੰਦੇ,
ਵਿੱਦਿਆ ਬਣਾ ਲਿਆ ਵਪਾਰ ਬੋਲਿਆ ਪਈ,
ਪੜ੍ਹ ਲਿਖ ਕੇ ਵੀ...................................।

ਚੌਥੇ ਦਿਨ ਤਾਂ ਥਾਂ ਥਾਂ ਤੇ, ਇਹ ਸੈਮੀਨਾਰ ਲਗਾਉਂਦੇ।
ਇਨ੍ਹਾਂ ਮਾਸੂਮਾਂ ਦੀ ਵਿੱਦਿਆ ਦਾ, ਕਿਉਂ ਇਹ ਘਾਣ ਕਰਾਉਂਦੇ।
ਨਿੱਤ ਨਵੇਂ ਹੋਰ ਵੀ ਬਲੇਬਸ ਵਧਾਈ ਜਾਂਦੇ,

ਬੱਚੇ ਕਿਵੇਂ ਚੁੱਕਣ ਇਹ ਭਾਰ ਬੋਲਿਆ ਪਈ।
ਪੜ੍ਹ ਲਿਖ ਕੇ ਵੀ.....................................।

ਪੋਸਟ ਜੋ ਕੋਈ ਖਾਲੀ ਹੁੰਦੀ, ਉਸ ਨੂੰ ਕੋਈ ਨ ਭਰਦਾ।
ਕਹਿੰਦੇ ਬਿਨਾਂ ਪੋਸਟਾਂ ਤੋਂ ਹੀ ਕੰਮ ਜਾਪੇ ਇਹ ਸਰਦਾ।
ਪੋਸਟਾਂ ਇਹ ਜਾਣੀਆਂ, ਜੋ ਚੱਲੀਆਂ ਪੁਰਾਣੀਆਂ।
ਪੈਂਦੀ ਬੱਚਿਆਂ ਨੂੰ ਇਹਦੀ ਮਾਰ ਬੋਲਿਆ ਪਈ।
ਪੜ੍ਹ ਲਿਖ ਕੇ ਵੀ.....................................।

ਚੈੱਕ ਕਰਨ ਲਈ ਸਰਕਾਰਾਂ ਨੇ, ਅਨ-ਪੜ੍ਹ ਉੱਤੇ ਬਠਾਏ।
ਜੀ ਹਜ਼ੂਰੀ ਬਹੁਤੀ ਹੋ ਗਈ, ਕਾਗਜ਼ੀ ਕੰਮ ਵਧਾਏ।
ਪੜ੍ਹਿਆ ਨਾਂਹ ਜਾਣੇ, ਲਾਡਪੁਰੀ ਨਾਂਹ ਪਛਾਣੇ ਕੋਈ,
ਭੁੱਖਾ ਤੇਰਾ ਰੋਂਦਾ ਪਰਵਾਰ ਬੋਲਿਆ ਪਈ।
ਪੜ੍ਹ ਲਿਖ ਕੇ ਵੀ.....................................।



# ਸ਼ੌਕ

ਹਰ ਬੰਦੇ ਦਾ ਇਸ ਜੱਗ ਅੰਦਰ, ਆਪਣਾ ਹੀ ਸ਼ੌਕ ਪਿਆਰਾ ਏ।
ਸ਼ੌਕੀਨਾਂ ਦਾ ਹਰ ਗੁਣ ਵੱਖਰਾ, ਇਸਦਾ ਨਾਂ ਨਾਂਹ ਕੋਈ ਕਿਨਾਰਾ ਏ।

..........................................................................................

ਕੋਈ ਸ਼ੌਕ ਨਾਲ ਗਾਣੇ ਸੁਣਦਾ, ਕੋਈ ਗਾਣਾ ਗਾਉਣਾ ਚਾਹੁੰਦਾ ਏ।
ਕੋਈ ਭੰਗੜਾ ਪਾ ਪਾ ਸੱਥਾਂ ਵਿੱਚ, ਲੱਤਾਂ ਭੜਕਾਉਣਾ ਚਾਹੁੰਦਾ ਏ।
ਕਿਸੇ ਸਾਥੀ ਪਾਸੋਂ ਨੱਚਣ ਦਾ, ਮੰਗਿਆ ਇਹ ਗੁਣ ਉਧਾਰਾ ਏ।
ਹਰ ਬੰਦੇ ਦਾ ਇਸ ਜੱਗ ਅੰਦਰ.....................।

ਕੋਈ ਪੋਚ ਪੋਚ ਪੱਗਾਂ ਬੰਨ੍ਹਦਾ, ਦਸਤਾਰ ਹੀ ਕੋਈ ਸਜਾਉਂਦਾ ਏ।
ਕੋਈ ਅੱਖਾਂ ਵਿੱਚ ਸੁਰਮਾ ਪਾਉਂਦਾ, ਤੇ ਵਾਰ ਵਾਰ ਮਟਕਾਉਂਦਾ ਏ।
ਕਿਸੇ ਮੂੰਹ ਤੇ ਪੋਚਾ ਪੋਚੀ ਕਰ, ਰੰਗ ਲਾਇਆ ਬੜਾ ਕਰਾਰਾ ਏ।
ਹਰ ਬੰਦੇ ਦਾ ਇਸ ਜੱਗ ਅੰਦਰ.....................।

ਕੋਈ ਸੈਰਾਂ ਕਰਦਾ ਜੱਗ ਉਤੇ, ਉਹ ਕਾਰਾਂ ਤੇ ਨਿੱਤ ਜਾਂਦਾ ਏ।
ਫੜ ਕੇ ਮੋਬਾਈਲ ਫੋਨ ਕੋਈ, ਪਲ ਪਲ ਕੰਨਾਂ ਨਾਲ ਲਾਂਦਾ ਏ।
ਗੱਪ ਮਾਰਨ ਦਾ ਕੋਈ ਸ਼ੌਕ ਰੱਖੇ, ਕਈਆਂ ਨੂੰ ਲਾਂਦਾ ਲਾਰਾ ਏ।
ਹਰ ਬੰਦੇ ਦਾ ਇਸ ਜੱਗ ਅੰਦਰ.....................।

ਕੋਈ ਘੜੀ ਮੁੜੀ ਕੱਪੜੇ ਬਦਲੇ, ਦਿਖਲਾਵਾ ਕਰਨਾ ਚਾਹੁੰਦਾ ਹੈ।
ਉਹ ਨੀਚ ਵਖਾ ਕੇ ਦੂਜੇ ਨੂੰ, ਮਨ ਆਪਣਾ ਭਰਨਾ ਚਾਹੁੰਦਾ ਹੈ।
ਚੁਗ਼ਲੀ ਵਾਲੇ ਹਰ ਬੰਦੇ ਨੂੰ, ਚੁਗ਼ਲੀ ਦਾ ਸ਼ੌਕ ਨਿਆਰਾ ਏ।
ਹਰ ਬੰਦੇ ਦਾ ਇਸ ਜੱਗ ਅੰਦਰ.....................।

ਹਰ ਬੰਦਾ ਲਾਡਪੁਰੀ ਜੱਗ ਤੇ, ਸ਼ੌਕਾਂ ਤੋਂ ਜਾਣਿਆਂ ਜਾਂਦਾ ਏ।
ਆਪਣੇ ਸ਼ੌਕਾਂ ਤੋਂ ਹਰ ਬੰਦਾ, ਏਥੇ ਪਹਿਚਾਣਿਆਂ ਜਾਂਦਾ ਏ।
ਕੋਈ ਥੋੜ੍ਹਾ ਸ਼ੌਕ ਕਰੇ ਏਥੇ, ਤੇ ਸ਼ੌਕ ਕਿਸੇ ਦਾ ਭਾਰਾ ਏ।
ਹਰ ਬੰਦੇ ਦਾ ਇਸ ਜੱਗ ਅੰਦਰ.....................।

# ਮਨ

ਮਨ ਇਨਸਾਨਾਂ ਤੋਂ ਗ਼ਲਤੀ ਕਰਵਾ ਹੀ ਦਿੰਦਾ ਏ।
ਪੈਰ ਪੈਰ ਤੇ ਪੁੱਠੇ ਰਸਤੇ ਪਾ ਹੀ ਦਿੰਦਾ ਏ।

........................................................................................

ਮਨ ਜਿੱਤਣਾਂ ਕੋਈ ਸੌਖਾ ਨਹੀਂ, ਇਹ ਨੱਸਦਾ ਫਿਰਦਾ ਏ।
ਸੱਪਾਂ ਵਾਂਗੂੰ ਪੈਰ ਪੈਰ ਤੇ, ਡੱਸਦਾ ਫਿਰਦਾ ਏ।
ਮਿੰਟਾ ਵਿੱਚ ਛੜੱਪਾ, ਕਿਧਰੇ ਲਾ ਹੀ ਦਿੰਦਾ ਏ।
ਮਨ ਇਨਸਾਨਾਂ ਤੋਂ.......................।

ਭਟਕਣ ਇਹ ਅਵੱਲੀ ਹੀ, ਇਸ ਦਿੱਲ ਨੂੰ ਲਾ ਦੇਵੇ।
ਮਿੰਟਾਂ ਵਿੱਚ ਹੀ ਸਾਰੇ ਜੱਗ ਦੀ, ਸੈਰ ਕਰਾ ਦੇਵੇ।
ਰੋਕਣ ਤੇ ਵੀ ਰੁਕਦਾ ਨਹੀਂ, ਫਿਸਲਾ ਹੀ ਦਿੰਦਾ ਏ।
ਮਨ ਇਨਸਾਨਾਂ ਤੋਂ.......................।

ਮਨ ਨੂੰ ਜਿਸ ਨੇ ਜਿੱਤਿਆ, ਇਹ ਜੱਗ ਓਸ ਜਿਤਾਇਆ ਏ।
ਰਿਸ਼ੀਆਂ ਤੇ ਅਵਤਾਰਾਂ ਇਸ ਤੇ ਕਾਬੂ ਪਾਇਆ ਏ।
ਬੰਨ੍ਹੋ, ਫਿਰ ਵੀ ਇਹ ਰੱਸਾ ਤੁੜਵਾ ਹੀ ਲੈਂਦਾ ਏ।
ਮਨ ਇਨਸਾਨਾਂ ਤੋਂ.......................।

ਚਾਰਾ ਕਰ ਲੌ, ਮਨ ਨੂੰ ਧੱਕੇ ਖਾਣ ਤੋਂ ਰੋਕ ਲਵੋ।
ਲਾਡਪੁਰੀ ਇਸਨੂੰ, ਗ਼ਲਤੀ ਕਰਨੇ ਤੋਂ ਟੋਕ ਲਵੋ।
ਦਿਲ ਨੂੰ ਇਹ ਤਾਂ ਸਬਜ਼ ਬਾਗ਼, ਦਿਖਲਾ ਹੀ ਦਿੰਦਾ ਏ।
ਮਨ ਇਨਸਾਨਾਂ ਤੋਂ.......................।



# ਵਿਛੋੜਾ

ਇਕ ਨਗ਼ਮਾ ਜੋ ਹੋਏਗਾ ਪੈਗ਼ਾਮ ਆਖਰੀ।
ਸਾਡੇ ਜਾਣ ਪਿਛੋਂ ਕਰੇਗਾ ਸਲਾਮ ਆਖਰੀ।

........................................................................................

ਕੁਝ ਜ਼ਿੰਦਗੀ ਦੇ ਪਲ ਜਿਹੜੇ ਏਥੇ ਨੇ ਬਿਤਾਏ।
ਲੱਖ ਭੁਲਣਾ ਵੀ ਚਾਹੀਏ, ਸਾਥੋਂ ਜਾਣੇ ਨਹੀਂ ਭੁਲਾਏ।
ਇਨ੍ਹਾਂ ਯਾਦਾਂ ਦਾ, ਥਿੜਕਦਾ ਏ ਨਾਮ ਆਖਰੀ।
ਸਾਡੇ ਜਾਣ ਪਿਛੋਂ....................।

ਕਿਹੋ ਜਿਹੀ ਹਾਏ ਰੱਬਾ, ਇਹ ਘੜੀ ਅਜ ਆਈ।
ਕਿਸੇ ਨਾਲ ਹੈ ਮਿਲਣ, ਪਰ ਕਿਸੇ ਤੋਂ ਜੁਦਾਈ।
ਇਸ ਮਹਿਫ਼ਲ 'ਚ, ਅੱਜ ਸਾਡੀ ਸ਼ਾਮ ਆਖਰੀ।
ਸਾਡੇ ਜਾਣ ਪਿਛੋਂ....................।

ਇੱਕ ਇੱਕ ਹੰਝੂ ਲੈ ਕੇ, ਇਕ ਨਗ਼ਮਾ ਬਣਾਇਆ।
ਲਾਡਪੁਰੀ ਹੌਕਿਆਂ ਨਾ, ਮੈਂ ਸੰਗੀਤ ਨੂੰ ਸਜਾਇਆ।
ਸਾਡੇ ਹੰਝੂਆਂ ਤੇ ਹੌਕਿਆਂ, ਦਾ ਜਾਮ ਆਖਰੀ।
ਸਾਡੇ ਜਾਣ ਪਿਛੋਂ....................।

# ਭੈਣ ਦੀਆਂ ਸੱਧਰਾਂ

ਲੋਹੜੀ ਦੀਆਂ ਸਭ ਨੂੰ ਹਜ਼ਾਰਾਂ ਨੇ ਮੁਬਾਰਕਾਂ।
ਸੱਜਦੀਆਂ ਏਸ ਦਿਨ ਹਰ ਪਾਸੇ ਪਾਰਕਾਂ।

.....................................................................................

ਮਿਲਣੇ ਦਾ ਦਿਨ ਆਉਂਦਾ, ਭੈਣਾਂ ਦਾ ਪਿਆਰਾ ਏ।
ਵੀਰੇ ਹੀ ਤਾਂ ਹੁੰਦੇ ਨੇ, ਇਹ ਭੈਣਾਂ ਦ ਸਹਾਰਾ ਏ।
ਕਦੀ ਕਦੀ ਵੀਰਾ ਲੈ ਕੇ, ਆਉਂਦਾ ਨਵੀਂ ਕਾਰ ਤਾਂ।
ਲੋਹੜੀ ਦੀਆਂ ਸਭ ਨੂੰ..............।

ਭੈਣ ਦੀਆਂ ਸੱਧਰਾਂ ਨੂੰ, ਵੀਰਾ ਰੁਸ਼ਨਾਉਂਦਾ ਏ।
ਮੂੰਗਫਲੀ, ਰਿਉੜੀਆਂ ਤੇ, ਚਿੜਬੇ ਲਿਆਉਂਦਾ ਏ।
ਘਰ ਵਿੱਚ ਆਉਂਦੀ ਤਦ, ਖੇੜੇ ਦੀ ਬਹਾਰ ਤਾਂ।
ਲੋਹੜੀ ਦੀਆਂ ਸਭ ਨੂੰ...........।

ਪੁੱਛੇ ਕੋਈ ਗੱਲ ਵੀਰਾ, ਹੱਸ ਕੇ ਵਖਾਉਂਦਾ ਏ।
ਚਾਰ ਗੱਲਾਂ ਹੱਸਣੇ ਲਈ, ਆਪਣੇ ਤੋਂ ਲਾਉਂਦਾ ਏ।
ਜਾਪਦਾ  ਏ ਵੀਰਾ ਕੋਈ, ਪਾਉਂਦਾ ਏ ਬੁਝਾਰਤਾਂ।
ਲੋਹੜੀ ਦੀਆਂ ਸਭ ਨੂੰ...........।

ਭੈਣਾਂ ਅਤੇ ਵੀਰਾਂ, ਦੀ ਇਹ ਸਾਂਝ ਤਾਂ ਪੁਰਾਣੀ ਏ।
ਪਿਆਰ ਵਾਲੀ ਜੱਗ ਲਈ, ਵੱਖਰੀ ਕਹਾਣੀ ਏ।
ਕਰੇ ਭੈਣ ਨਾਲ ਗੱਲਾਂ ਗੱਲਾਂ 'ਚ, ਸ਼ਰਾਰਤਾਂ।
ਲੋਹੜੀ ਦੀਆਂ ਸਭ ਨੂੰ...........।

ਨਜ਼ਰਾਂ ਇਹ ਜੱਗ ਦੀਆਂ, ਕਿਤੇ ਲੱਗ ਜਾਣ ਨਾਂਹ।
ਕਿਤੇ ਸ਼ਾਲਾ ਗਰਮ ਹਵਾਵਾਂ ਵਗ ਜਾਣ ਨਾਂਹ।
ਲਾਡਪੁਰੀ ਬਣੀ ਰਹੇ ਇਹ ਇਵੇਂ ਹੀ ਪਛਾਣ ਤਾਂ।
ਲੋਹੜੀ ਦੀਆਂ ਸਭ ਨੂੰ...........।



# ਅੱਖਾਂ

ਅੱਖਾਂ ਨਾਲ ਹੀ ਜੱਗ ਦੇ, ਸਭ ਸੋਹਣੇ ਨਜ਼ਾਰੇ।
ਆਕਾਸ਼ਾਂ ਵਿੱਚ ਵੇਖੀਏ, ਇਹ ਚੰਨ ਤੇ ਤਾਰੇ।
ਦੁਨੀਆਂ ਦੀ ਹਰ ਸ਼ੈ ਹੀ, ਨਜ਼ਰਾਂ ਨਾਲ ਸੋਂਹਦੀ।
ਜਾਪੇ ਸਾਡੀਆਂ ਸੱਧਰਾਂ, ਇਹ ਨਜ਼ਰ ਜਗਾਉਂਦੀ।
ਅੱਖਾਂ ਨਾਲ ਗਿਆਨ ਦਾ, ਇਹ ਨੇਤਰ ਪਾਈਏ।
ਟੀ.ਵੀ.ਤੱਕ ਕੇ, ਆਪਣੇ, ਮਨ ਨੂੰ ਪਰਚਾਈਏ।
ਰਾਹ ਵਿੱਚ ਪਈਆਂ ਠੋਕਰਾਂ, ਤੋਂ ਨਜ਼ਰ ਬਚਾਵੇ।
ਇਹ ਤਾਂ ਭੁੱਲੇ ਭਟਕਿਆਂ ਨੂੰ, ਰਸਤੇ ਪਾਵੇ।
ਕੈਰੀ ਕਿਸੇ ਦੀ ਨਜ਼ਰ ਨੂੰ, ਇਹ ਜਾਣ ਲੈਂਦੀਆਂ।
ਖਰੇ ਖੋਟੇ ਦਾ ਲੇਖਾ, ਇਹ ਪਹਿਚਾਣ ਲੈਂਦੀਆਂ।
ਰੰਗਾਂ ਦੇ ਸਭ ਅਜਬ ਨਜ਼ਾਰੇ, ਪਾ ਇਹ ਸਕਣ।
ਆਪਣੇ ਮਨ ਨੂੰ ਇਨ੍ਹਾਂ ਨਾਲ ਪਰਚਾ ਇਹ ਸਕਣ।
ਰੂਪ ਆਪਣਾ ਨਜ਼ਰਾਂ ਰਾਹੀਂ, ਤੱਕ ਸਕਦੇ ਆ।
ਅੱਖਾਂ ਰਾਹੀਂ ਸਵਾਦ ਫਲਾਂ ਦਾ, ਚੱਖ ਸਕਦੇ ਆਂ।
ਸਾਡਾ ਵਿੱਦਿਆ ਪੜ੍ਹਨ ਵਿੱਚ, ਇਹ ਹੱਥ ਵਟਾਵੇ।
ਸਾਡੇ ਮਨ ਵਿੱਚ ਗਿਆਨ ਦੀ, ਇਹ ਜੋਤ ਜਗਾਵੇ।
ਨਜ਼ਰਾਂ ਦੱਸਣ ਵੈਰੀ ਨੂੰ, ਕਿੰਝ ਮਾਰ ਮੁਕਾਣਾ।
ਨਜ਼ਰਾਂ ਦੇ ਨਾਲ ਵੈਰੀ ਦਾ, ਉਹ ਕਰਨ ਨਿਸ਼ਾਨਾ।
ਨਜ਼ਰ ਅਸਾਨੂੰ ਪਿਆਰ ਦਾ, ਵੀ ਪਾਠ ਪੜ੍ਹਾਣੇ।
ਸਾਡੇ ਮਨ ਵਿੱਚ ਪਿਆਰ ਦੀ, ਇਹ ਚਿਣਗ ਜਗਾਵੇ।
ਨਜ਼ਰਾਂ ਹੀ ਤਾਂ ਰੰਗਾਂ ਦਾ, ਵਖਰੇਵਾਂ ਕਰਦੀਆਂ।
ਰੰਗਾਂ ਦੀ ਜੇ ਥੋੜ ਹੋਵੇ, ਤਾਂ ਹੋਰ ਭਰਦੀਆਂ।
ਕੁਦਰਤ ਦੀ ਇਹ ਦੇਣ ਤਾਂ, ਹੈ ਸਭ ਤੋਂ ਭਾਰੀ।
ਲਾਡਪੁਰੀ ਸਭ ਸਾਂਭਿਉਂ, ਇਹ ਦੇਣ ਪਿਆਰੀ।

# ਝੂਠੇ ਬੰਦੇ ਨੂੰ

ਝੂਠੇ ਤੇ ਫਰੇਬੀਆਂ ਓ ਗੱਪੀਆਂ ਜਹਾਨ ਦਿਆ,
ਕਿਹੜਾ ਤੇਰਾ ਕਰੇ ਇਤਬਾਰ ਬੋਲਿਆ ਓਏ।
ਘੜੀ ਮੁੜੀ ਦੇਵੇਂ, ਘੜੀ ਮੁੜੀ ਦੇਵੇਂ ਕੁਫ਼ਰ ਉਤਾਰ ਬੋਲਿਆ ਓਏ।

.............................................................................................

ਝੂਠ ਤਾਂ ਤੇਰੇ ਹੱਡਾਂ ਹੱਡਾਂ ਦੇ ਵਿੱਚ ਜਾਪੇ ਰਚਿਆ।
ਕੀਤਾ ਜਿਸ ਇਤਬਾਰ ਤੇਰੇ ਤੇ, ਸਮਝੋ ਉਹ ਤੇ ਫਸਿਆ।
ਨਵੀਂ ਹੀ ਕਹਾਣੀ ਨਿੱਤ, ਘੜਨਾ ਤੂੰ ਜਾਣੇ,
ਇਸ ਝੂਠ ਨੇ ਤਾਂ ਦਿੱਤਾ, ਸੀਨਾ ਸਾੜ ਬੋਲਿਆ ਓਏ,
ਘੜੀ ਮੁੜੀ ਦੇਵੇਂ ਘੜੀ ਮੁੜੀ ਦੇਵੇਂ ............।

ਕੀ ਉਸ ਦਾ ਇਤਬਾਰ ਜੋ ਮੂੰਹੋਂ, ਸਦਾ ਹੀ ਕੁਫ਼ਰ ਉਚਾਰੇ।
ਤੇਰੇ ਕੁਫ਼ਰਾਂ ਨੇ ਤਾਂ ਅੱਜ ਤੱਕ, ਪਾਏ ਕਈ ਪੁਆੜੇ।
ਝੂਠ ਦੇ ਇਹ ਤਾਜ਼ਾ ਹੀ, ਅਡੰਬਰ ਨੇ ਜਾਪੇ ਸਾਨੂੰ,
ਰਖਿਆ ਸੀ ਅੱਧ ਵਿਚਕਾਰ ਬੋਲਿਆ ਓਏ।
ਘੜੀ ਮੁੜੀ ਦੇਵੇਂ ਘੜੀ ਮੁੜੀ ਦੇਵੇਂ ............।

ਝੂਠੇ ਅਤੇ ਫਰੇਬੀ ਉਤੇ, ਕੌਣ ਭਰੋਸਾ ਕਰਦਾ।
ਇਕ ਵਾਰੀ ਇਤਬਾਰ ਗੁਆ ਲਏ, ਕੋਈ ਨਾਂਹ ਹਾਮੀ ਭਰਦਾ।
ਕਾਗਜ਼ਾਂ ਦੇ ਫੁੱਲਾਂ ਤੇ ਨਾਂਹ, ਖੇੜਾ ਕਦੀ ਲੱਭਦਾ ਤੇ,
ਖੇੜੇ ਵਾਲੀ ਆਉਂਦੀ ਨ, ਬਹਾਰ ਬੋਲਿਆ ਓਏ।
ਘੜੀ ਮੁੜੀ ਦੇਵੇਂ ਘੜੀ ਮੁੜੀ ਦੇਵੇਂ ............।

ਬਣਿਆਂ ਰਿਹਾ ਜੇ ਝੂਠਾ ਏਵੇਂ, ਸਾਡਾ ਕੁਝ ਨਹੀਂ ਜਾਣਾ।
ਤੇਰੇ ਉਤੇ ਸਦਾ ਲਈ, ਇਤਬਾਰ ਨ ਕਿਸੇ ਜਮਾਣਾ।
ਵੜੇ ਨਿੱਤ ਗੱਲਾਂ ਦੇ, ਪਕਾਵੇਂ ਲਾਡਪੁਰੀ,
ਗੱਲਾਂ, ਗੱਲਾਂ ਵਿੱਚ ਦਿੰਦੈਂ ਸਾਨੂੰ, ਚਾਰ ਬੋਲਿਆ ਓਏ
ਘੜੀ ਮੁੜੀ ਦੇਵੇਂ ਘੜੀ ਮੁੜੀ ਦੇਵੇਂ ............।



# ਅਮਨ ਦੀ ਆਵਾਜ਼

ਮੁੱਠੀ ਭਰ ਲੋਕੀਂ ਧਰਤੀ ਦੇ, ਧਰਤੀ ਤੇ ਛਾਉਣਾ ਚਾਹੁੰਦੇ ਨੇ।
ਅਮਨਾਂ ਨੂੰ ਅੱਗ ਲਾ ਨਫ਼ਰਤ ਦੀ, ਇਹ ਅੱਗ ਭੜਕਾਉਣਾ ਚਾਹੁੰਦੇ ਨੇ।
ਮਨੁੱਖਤਾ ਦੇ ਸੰਦੇਸ਼ੇ ਤੋਂ, ਇਹ ਦੂਰ ਦੂਰ ਜਾਂਦੇ ਭੱਜਦੇ,
ਅੱਲ੍ਹੜ ਦੀ ਅੱਲ੍ਹੜ ਸੂਝਾਂ ਨੂੰ, ਆਧਾਰ ਬਨਾਉਣਾ ਚਾਹੁੰਦੇ ਨੇ।
ਸਾਰਾ ਸੰਸਾਰ ਸੁਖੀ ਵਸਦਾ, ਨਵੀਆਂ ਖੋਜਾਂ ਵੱਲ ਅੱਜ ਟੁਰਿਆ,
ਇਹ ਟੋਰ ਉਨ੍ਹਾਂ ਦੀ ਦੇ ਅੰਦਰ, ਰੋੜਾ, ਅਟਕਾਉਣਾ ਚਾਹੁੰਦੇ ਨੇ।
ਕੁਦਰਤ ਨੇ ਦਿੱਤਾ ਸਰਮਾਇਆ, ਚਮਨਾਂ ਦੇ ਵਿੱਚ ਬਹਾਰਾਂ ਦਾ,
ਕੁਦਰਤ ਦੀ ਇਨ੍ਹਾਂ ਬਹਾਰਾਂ ਦਾ, ਇਹ ਖੋਜ ਮਿਟਾਉਣਾ ਚਾਹੁੰਦੇ ਨੇ।
ਜੋ ਸੋਚ ਨਵੀਂ ਵਲ ਟੁਰਦਾ ਏ, ਇਹ ਭਵਕੀਆਂ ਮਾਰ ਡਰਾਉਂਦੇ ਨੇ,
ਇਹ ਆਪਣੀ ਗੱਲ ਮਨਵਾਉਣ ਲਈ, ਹੈਂਕੜ ਦਿਖਲਾਉਣਾ ਚਾਹੁੰਦੇ ਨੇ।
ਪੂਰੇ ਮਨਸੂਬੇ ਕਰਨ ਲਈ, ਇਹ ਘਾਣ ਮਨੁੱਖਤਾ ਦਾ ਕਰਦੇ,
ਮਨਸੂਬਿਆਂ ਲਈ ਮਾਨੁੱਖਤਾ ਦੀ, ਇਹ ਵਲੀ ਚੜ੍ਹਾਉਣਾ ਚਾਹੁੰਦੇ ਨੇ।
ਅੱਜ ਦਾ ਮਾਨੁੱਖ ਚੰਨ ਤੇ ਚੜ੍ਹਿਆ, ਇਸ ਲਾਈ ਉਡਾਰੀ ਮੰਗਲ ਵਲ,
ਆਪਣੇ ਇਸ ਧਰਤ ਦੇ ਬੰਦੇ ਨੂੰ ਹੀ, ਮਾਰ ਮੁਕਾਉਣਾ ਚਾਹੁੰਦੇ ਨੇ।
ਇਹ ਸੌੜੀ ਸੋਚ ਦਾ ਮਾਲਿਕ ਏ, ਇਹ ਅਮਨ ਤਾਂ ਇਸ ਨੂੰ ਪੋਹੰਦੇ ਨਹੀਂ,
ਇਹ ਤਿੰਨ ਸੌ ਸਾਲ ਪੁਰਾਣਾ ਫਿਰ, ਇਤਿਹਾਸ ਲਿਆਉਣਾ ਚਾਹੁੰਦੇ ਨੇ।
ਓਏ ਸਮਝ ਕਰੋ, ਕੁਝ ਸੋਚ ਕਰੋ, ਕਿਹੜੇ ਪਾਸੇ ਤੁਸੀਂ ਟੁਰ ਚਲੇ,
ਕਾਹਨੂੰ ਅਮਨਾਂ ਨੂੰ ਅੱਗ ਲਾਵੋ, ਮਾਨੁੱਖਤਾ ਏਥੇ ਪਲਦੀ ਰਹੇ।
ਅਮਨਾਂ ਦੀ ਸਾਂਝ ਜੋ ਚਲਦੀ ਅੱਜ, ਇਸ ਅਮਨ ਨੂੰ ਅਮਨ ਹੀ ਰਹਿਣ ਦਿਉ,
ਮਾਨੁੱਖਤਾ ਅੱਗੇ ਵੱਧਦੀ ਰਹੇ, ਇਹਦੀ ਜੋਤ ਸਦਾ ਹੀ ਜਲਦੀ ਰਹੇ।
ਬਣ ਭਾਈਵਾਲ ਅੱਜ ਲਾਡਪੁਰੀ, ਨਫ਼ਰਤ ਦੀ ਅੱਗ ਬੁਝਾ ਦੇ ਤੂੰ,
ਇਸ ਮਹਿਕ-ਭਰੀ ਫੁੱਲਵਾੜੀ ਵਿੱਚ, ਅਮਨਾਂ ਦੀ ਬੂਟੀ ਫਲਦੀ ਰਹੇ।

# ਬਦਲੀਆਂ ਕਦਰਾਂ

ਬਦਲ ਗਈ ਅੱਜ ਸਾਰੀ ਦੁਨੀਆਂ, ਬਦਲ ਗਿਆ ਕਿਰਸਾਨ।
ਇਕ ਹਲ ਦੀ ਥਾਂ ਖੇਤਾਂ ਵਿੱਚ, ਅੱਜ ਪੰਦਰਾਂ ਹਲ ਚਲਾਣ।

.............................................................................................

ਹਲ, ਪੰਜਾਲੀ, ਕਿੱਲੀਆਂ, ਜੋਤ ਤੇ ਜਾਤੂ ਭੁੱਲ ਗਏ ਸਾਰੇ।
ਅੱਜ ਕਿਸਾਨ ਦੇ ਹਲ ਚਲਦੇ ਨੇ, ਟ੍ਰੈਕਟਰ ਇਕ ਸਹਾਰੇ।
ਟਰੈਕਟਰ ਉਤੇ ਬੈਠਾ ਬੈਠਾ, ਗਾਣੇ ਸੁਣਦਾ ਜਾਵੇ।
ਦਾਣਿਆਂ ਦੇ ਤਾਂ ਉਹ ਖੇਤਾਂ ਵਿੱਚ, ਕਈ-2 ਢੇਰ ਲਗਾਵੇ।
ਹਰ ਸਾਲੀਂ ਉਹ ਲੁਧਿਆਣੇ ਤੋਂ, ਬੀਜ ਨਵੇਂ ਮੰਗਵਾਏ।
ਬੱਚੇ ਆਪਣੇ ਯੂਨੀਵਰਸਿਟੀ ਤੇ ਕਾਲਿਜ ਵਿੱਚ ਪੜ੍ਹਾਏ।
ਹਲ ਤਾਂ ਸੁਪਨੇ ਬਣ ਗਏ, ਟਰੈਕਟਰ, ਚੱਲੇ ਬੇ ਮੁਹਾਰੇ।
ਰੀਪਰਾਂ ਅਤੇ ਗਹਾਈ ਮਸ਼ੀਨਾਂ, ਘੂੰਕਾਂ ਪਾਈਆਂ ਸਾਰੇ।
ਹਲਟਾਂ ਦੀ ਥਾਂ ਬੰਬੀਆਂ ਚਲੀਆਂ, ਵਾਹ ਸਾਡੀ ਸਰਕਾਰੇ।
ਚਾਂਦੀ ਰੰਗਿਆ ਪਾਣੀ ਖੇਤੀਂ, ਵੇਖੋ ਲਿਸ਼ਕਾਂ ਮਾਰੇ।
ਚਾਟੀ, ਘੜਮੰਜੀ, ਪੁੜ, ਜੋਤ, ਮਧਾਣੀ, ਭੁੱਲ ਗਏ ਸਾਰੇ।
ਅੱਜ ਸੁਆਣੀਆਂ ਦੁੱਧ ਰਿੜਕਣ, ਇਹ ਇਕੋ ਬਟਨ ਸਹਾਰੇ।
ਵੱਡੀਆਂ ਵੱਡੀਆਂ ਕੋਠੀਆਂ ਲੱਭਣ, ਪਿੰਡੀਂ ਚਾਰ ਚੁਫੇਰੇ।
ਫਰਿੱਜਾਂ, ਫੋਨ ਤੇ ਟੈਲੀਵਿਜ਼ਨ, ਘਰ ਘਰ ਲਾਏ ਡੇਰੇ।
ਬਿਜਲੀ ਨੇ ਕੂਲਰ, ਪੱਖੇ ਤੇ, ਏ.ਸੀ.ਸਭ ਚਲਾਏ।
ਕਿਸਮਤ ਇਹਦੀ ਬਦਲ ਗਈ, ਅੱਜ ਹੋਇਆ ਮਾਲਾਮਾਲ।
ਲਾਡਪੁਰੀ ਖੁਸ਼ਹਾਲੀ ਸਾਰੇ, ਰਿਹਾ ਨਾਂਹ ਅੱਜ ਕੰਗਾਲ।



# ਜੀਵਨ ਇਕ ਅਨਮੋਲ ਖ਼ਜ਼ਾਨਾ

ਨਸ਼ੇ ਜ਼ਿੰਦਗੀ ਨੂੰ ਸਾੜ ਫੂਕ ਦਿੰਦੇ, ਨਸ਼ੇ ਝੋਰਾ ਬਣ ਜਿੰਦ ਨੂੰ ਖਾਈ ਜਾਂਦੇ।
ਸਾਡੀ ਸਿਹਤ ਵਿਗਾੜਨੀ ਇਕ ਪਾਸੇ, ਇਹ ਤਾਂ ਹਸਤੀ ਹੀ ਸਾਡੀ ਮਿਟਾਈ ਜਾਂਦੇ।
ਸਾਨੂੰ ਕਰਨ ਖੁਆਰ ਜਹਾਨ ਅੰਦਰ, ਸਾਡੀ ਸੋਚ ਉਡਾਰੀ ਉਡਾਈ ਜਾਂਦੇ।
ਸਾਡਾ ਧੰਨ ਭੰਡਾਰ ਮੁਕਾਈ ਜਾਂਦੇ, 'ਲਾਡਪੁਰੀ', ਪੁੱਠੇ ਰਸਤੇ ਪਾਈ ਜਾਂਦੇ।

.............................................................................................

ਗਭਰੂਆ ਜਿਊਣੇ ਲਈ, ਨਸ਼ਿਆਂ ਦੀ ਕੀ ਲੋੜ?
ਜੀਵਨ ਇਕ ਅਨਮੋਲ ਖ਼ਜ਼ਾਨਾ, ਨਸ਼ਿਆਂ ਵਿੱਚ ਨਾਂਹ ਰੋੜ੍ਹ।

.............................................................................................

ਨਸ਼ੇ ਤਾਂ ਇਸ ਜੀਵਨ ਨੂੰ ਸੱਜਣਾਂ, ਲਾ ਦਿੰਦੇ ਨੇ ਝੋਰਾ।
ਚੰਗਾ ਭਲਾ ਇਨਸਾਨ, ਇਹ ਅਕਲਾਂ ਤੋਂ ਹੋ ਜਾਂਦਾ ਕੋਰਾ।
ਇਸ ਦੇ ਨਾਲ ਘਰਾਂ ਦਾ ਝੁੱਗਾ, ਹੋ ਜਾਂਦਾ ਏ ਚੌੜ।
ਗਭਰੂਆ ਜਿਊਣੇ ਲਈ.............।

ਦਿਨ ਦਿਨ ਇਹ ਤਾਂ ਖੰਭ ਖਿਲਾਰੇ, ਨਾਂਹ ਥੋੜ੍ਹੇ ਨਾਲ ਸਰਦਾ।
ਕੈਪਸੂਲਾਂ, ਟੀਕੇ ਤੇ ਆ ਜਾਊ, ਜੋ ਅੱਜ ਲੈਂਦਾ ਜਰਦਾ।
ਝੋਰਾ ਲਾ ਜਿੰਦੜੀ ਨੂੰ ਇਹ ਤਾਂ, ਕਰ ਦਿੰਦੇ ਕਮਜ਼ੋਰ
ਗਭਰੂਆ ਜਿਊਣੇ ਲਈ.............।

ਗੁਰੂ ਨਾਨਕ ਨੇ ਸਿਖਿਆ ਰਾਹੀਂ, ਨਸ਼ਿਆਂ ਤੇ ਠਲ੍ਹ ਪਾਈ।
ਨਸ਼ੇ ਦੀ ਇੱਲਤ ਨਾਲ ਤਾਂ ਬੰਦਾ, ਹੁੰਦਾ ਝੱਟ ਸੁਦਾਈ।
ਤੇਰੇ ਵਿੱਚ ਇਸ ਸੋਚ ਉਡਾਰੀ, ਦੀ ਪਾ ਦੇਣੀ ਥੋੜ।
ਗਭਰੂਆ ਜਿਊਣੇ ਲਈ.............।

ਹੋਸ਼ ਕਰੋ ਓ ਸ਼ੈਲ ਜਵਾਨੋ, ਨਾਂਹ ਨਸ਼ਿਆਂ ਵਲ ਜਾਵੋ।
ਏਸ ਜੁਆਨੀ ਚੰਗੀ ਭਲੀ ਨੂੰ, ਨਾਂਹ ਵਖਤਾਂ ਵਿੱਚ ਪਾਵੋ।
ਲਾਡਪੁਰੀ ਫਿਰ ਨਸ਼ਾ ਨਹੀਂ ਛੁੱਟਣਾ, ਭਾਵੇਂ ਲਾ ਲਈਂ ਜ਼ੋਰ।
ਗਭਰੂਆ ਜਿਊਣੇ ਲਈ.............।

# ਦੇਸ਼ ਪਿਆਰ ਦਾ ਗੀਤ

ਸਾਰੇ ਦੇਸ਼ਾਂ ਦੀ ਵੱਖਰੀ ਪਹਿਚਾਣ ਆਪਣੀ,
ਰੱਖਣ ਦੇਸ਼ ਦਾ ਆਪਣਾ ਨਿਸ਼ਾਨ ਝੰਡਾ।
ਇਹ ਤਾ ਇੱਜ਼ਤ ਤੇ ਅਣਖ ਦੀ ਸ਼ਾਨ ਸੱਭ ਦੀ,
ਹੁੰਦਾ ਸਭ ਦਾ ਧਰਮ ਈਮਾਨ ਝੰਡਾ।
ਐਪਰ ਤਿੰਨ ਇਹ ਰੰਗ ਜੋ ਸੋਹਣ ਚੰਗੇ,
ਤਿੰਨਾਂ ਰੰਗਾਂ ਦਾ ਗੁੱਝਾ ਗਿਆਨ ਝੰਡਾ।
ਅਮਨ, ਕਿਰਤ, ਕੁਰਬਾਨੀ ਦਾ ਲਾਡਪੁਰੀ,
ਸੂਚਿਤ ਤਿਰੰਗਾ ਏ ਵਿੱਚ ਜਹਾਨ ਝੰਡਾ।

..........................................................................................

.ਝੁੱਲ ਮੇਰੇ ਝੰਡਿਆ ਤੈਨੂੰ ਮੈਂ ਨੀਵਾਂ ਹੋਣ ਨਹੀਂ ਦੇਣਾ।
ਝੁੱਲ ਮੇਰੇ ਝੰਡਿਆ ਪਈ।
ਕਿਸੇ ਵੀ ਗ਼ੈਰ ਨੂੰ, ਇਸ ਸਰ ਜ਼ਮੀਂ ਨੂੰ ਛੋਹਣ ਨਹੀ ਦੇਣਾ।

..........................................................................................

ਸ਼ਮਾਂਹ ਪਰਵਾਨਿਓ ਰੌਸ਼ਨ ਹੋਈ,ਕੁਰਬਾਨ ਹੋਣੇ ਲਈ।
ਘੜੀ ਉਹ ਆ ਗਈ ਏ, ਜ਼ੁਲਮ ਦੀ ਹਸਤੀ ਮਿਟਾਉਣੇ ਲਈ।
ਇਸ ਵੰਗਾਰ ਨੇ ਸਾਨੂੰ ਘੜੀ ਵੀ ਸੌਣ ਨਹੀਂ ਦੇਣਾ।
ਝੁੱਲ ਮੇਰੇ ਝੰਡਿਆ ਪਈ..........................।

ਸਰੂ ਜਿਹੇ ਸੂਰਮੇ ਜੂਝੇ, ਤੇਰੀ ਇਕ ਛੋਹ ਪਾਉਣੇ ਲਈ।
ਉਹ ਨ੍ਹੇਰਾ ਚੀਰ ਕੇ ਆ ਗਏ, ਤੈਨੂੰ ਉੱਚਾ ਉਠਾਉਣੇ ਲਈ।
ਗ਼ੈਰ ਦੀ ਨਜ਼ਰ ਭੈੜੀ ਨੂੰ, ਤਾਂ ਆਪਾਂ ਪੋਹਣ ਨਹੀਂ ਦੇਣਾ।
ਝੁੱਲ ਮੇਰੇ ਝੰਡਿਆ ਪਈ..........................।

ਇਹਦੀ ਇਸ ਸ਼ਾਨ ਲਈ ਆਪਾਂ ਤਾਂ, ਤਨ ਮਨ ਨੂੰ ਲੁਟਾ ਦਈਏ।
ਇਹ ਇੱਕ-ਇੱਕ ਬੂੰਦ ਆਪਣੀ ਖ਼ੂੰਨ ਦੀ, ਇਸ ਤੋਂ ਵਹਾ ਦੇਈਏ।
ਕਿਸੇ ਨੂੰ ਦੇਸ਼ ਆਪਣੇ ਵਿੱਚ, ਵੰਡੀਆਂ ਪਾਉਣ ਨਹੀਂ ਦੇਣਾ।
ਝੁੱਲ ਮੇਰੇ ਝੰਡਿਆ ਪਈ..........................।



ਭ੍ਰਿਸ਼ਟਾਚਾਰ ਕੰਗਾਲੀ, ਤੇ ਲੁੱਟਾਂ ਨੂੰ ਮੁਕਾਉਣਾ ਹੈ।
ਤੇ ਹਰ ਵਿਹਲੇ ਨੂੰ ਕੰਮ-ਕਾਰਾਂ ਤੇ, ਆਪਾਂ ਤਾਂ ਲਗਾਉਣਾ ਹੈ।
ਲਾਂਬੂ ਦੇਸ਼-ਦੋਖੀ ਬਣ, ਕਿਸੇ ਨੂੰ ਲਾਉਣ ਨਹੀਂ ਦੇਣਾ।
ਝੁੱਲ ਮੇਰੇ ਝੰਡਿਆ ਪਈ..........................।

ਸਦੀਆਂ ਦੀ ਗ਼ੁਲਾਮੀ ਲਾਹ ਕੇ, ਪਾਇਆ ਮਾਣ ਤੇਰਾ ਏ।
ਚਿਰਾਂ ਦੇ ਨ੍ਹੇਰ ਦੇ ਪਿੱਛੋਂ, ਹੈ ਆਇਆ ਇਹ ਸਵੇਰਾ ਏ।
ਗ਼ੁਲਾਮੀ ਦਾ ਹਨੇਰਾ ਲਾਡਪੁਰੀ, ਫਿਰ ਆਉਣ ਨਹੀਂ ਦੇਣਾ।
ਝੁੱਲ ਮੇਰੇ ਝੰਡਿਆ ਪਈ..........................।

# ਜੋਤ

ਮੱਧਮ ਲੋਅ ਚੰਨ ਦੇ ਚਾਨਣ ਦੀ, ਰਾਤਾਂ ਨੂੰ ਹੈ ਲਿਸ਼ਕਾ ਦਿੰਦੀ।
ਪਰ ਤੇਜ਼ ਰੌਸ਼ਨੀ ਸੂਰਜ ਦੀ, ਹਰ ਇਕ ਨੂੰ ਕੰਮ ਤੇ ਲਾ ਦਿੰਦੀ।
ਦੀਵੇ ਦੀ ਮੱਧਮ ਲੋਅ ਤਾਂ ਬੱਸ, ਥੋੜ੍ਹੇ ਹੀ ਥਾਂ ਤੇ ਪੈਂਦੀ ਏ,
ਬਿਜਲੀ ਦੀ ਤੇਜ਼ ਰੌਸ਼ਨੀ ਪਰ, ਸਾਰਾ ਘਰ ਹੀ ਲਿਸ਼ਕਾ ਦਿੰਦੀ।
ਅੱਖਾਂ ਦੀ ਮੱਧਮ ਲੋਅ ਤਾਂ ਬਸ, ਸਾਰੇ ਹੀ ਨ੍ਹੇਰ ਲਿਆ ਦਿੰਦੀ।
ਪਰ ਤੇਜ਼ ਰੌਸ਼ਨੀ ਅੱਖਾਂ ਦੀ, ਜੱਗ ਚਾਨਣ ਕਿੰਵ ਚੜ੍ਹਾ ਦਿੰਦੀ।
ਜਦ ਮਸਤਕ ਚੋਂ, ਇਹ ਲੋਅ ਜਾਂਦੀ, ਤਾਂ ਸੂਝਾਂ ਤੇ ਨੇਰ੍ਹਾ ਪਾਉਂਦੀ,
ਵਿੱਚ ਮਸਤਕ ਗਿਆਨ ਦੀ ਲੋਅ ਹੁੰਦੀ, ਤਾਂ ਗਿਆਨ ਦੀ ਜੋਤ ਜਗਾ ਦਿੰਦੀ।
ਆਓ ਇਹ ਜੋਤ ਜਗਾਉਣ ਲਈ, ਇਕ ਟੇਕ ਓਸ ਦੀ ਲਾ ਲਈਏ।
ਆਪਣੀ ਸੋਝੀ ਵਿੱਚ ਲਾਡਪੁਰੀ ਉਹ ਗਿਆਨ ਦੀ ਜੋਤ ਜਗਾ ਲਈਏ।

# ਕਬੱਡੀਆਂ

ਖੇਡਾ ਖਿਡਿਆ ਫੇਰ ਪੰਜਾਬੇ,

ਗਭਰੂਆਂ ਝੰਡੀਆਂ ਗੱਡੀਆਂ।

ਪਿੰਡਾਂ ਵਿੱਚ ਆਈਆਂ, ਮੁੜਕੇ ਫੇਰ ਕਬੱਡੀਆਂ।

..............................................................................

ਗੱਭਰੂ ਏਸ ਪੰਜਾਬ ਦੇ, ਨਸ਼ਿਆਂ ਨੇ ਸਨ ਬਹੁਤ ਵਿਗਾੜੇ।

ਵਿਗੜਨ ਲੱਗੇ ਏਥੇ, ਇਹ ਗਭਰੂ ਸਾਰੇ ਦੇ ਸਾਰੇ।

ਏਸ ਰੁਝਾਣ ਨੂੰ ਠਲ੍ਹ ਪਾਉਣ ਲਈ, ਲਾਈਆਂ ਰੌਣਕਾਂ ਵੱਡੀਆਂ।

ਪਿੰਡਾਂ ਵਿੱਚ ਆਈਆਂ............................।

ਵਿੱਚ ਪੰਜਾਬ ਦੇ ਭਾਜੜ ਪੈ ਗਈ, ਸਭ ਨੇ ਪਾਈ ਦੁਹਾਈ।

ਕਹਿੰਦੇ ਇਨ੍ਹਾਂ ਗਭਰੂਆਂ ਨੂੰ, ਕਿਸ ਭੈੜੀ ਇੱਲਤ ਲਾਈ।

ਇਸ ਪੰਜਾਬ ਸਰਕਾਰ ਦੀਆਂ ਵੀ, ਅੱਖਾਂ ਰਹੀਆਂ ਟੱਡੀਆਂ।

ਪਿੰਡਾਂ ਵਿੱਚ ਆਈਆਂ............................।

ਧਿਆਨ ਗਭਰੂਆਂ ਦਾ ਸਰਕਾਰ, ਇਨ੍ਹਾਂ ਖੇਡਾਂ ਵਲ ਲਗਾਇਆ।

ਪਿੰਡਾਂ ਦੀਆਂ ਪੰਚਾਇਤਾਂ ਨੂੰ, ਖੇਡਾਂ ਦਾ ਚਸਕਾ ਪਾਇਆ।

ਭੇਜੀਆਂ ਫਿਰ ਸਰਕਾਰ ਨੇ ਇਸ ਲਈ, ਰਕਮਾਂ ਵੱਡੀਆਂ ਵੱਡੀਆਂ।

ਪਿੰਡਾਂ ਵਿੱਚ ਆਈਆਂ............................।

ਰੁਖ ਹੋਇਆ ਫਿਰ ਦੁੱਧ ਘਿਉ ਵੱਲ, ਲੱਗੇ ਬੈਠਕਾਂ ਮਾਰਨ।

ਡੰਡ ਕੱਢਣ ਲੱਗੇ ਫਿਰ ਗਭਰੂ, ਡੌਲੇ ਫੇਰ ਸ਼ੰਗਾਰਨ।

ਮਾਲਿਸ਼ ਕਰ ਕਰ ਫੇਰ ਲੱਗੇ, ਮਜ਼ਬੂਤ ਕਰਨ ਉਹ ਹੱਡੀਆਂ।

ਪਿੰਡਾਂ ਵਿੱਚ ਆਈਆਂ............................।

ਪਾਕਿਸਤਾਨੀ ਗਭਰੂਆਂ ਨੇ, ਪੰਜਾਬ ਚ, ਲਾਏ ਅਖਾੜੇ।

ਲਗਦੇ ਸਨ ਪੰਜਾਬ ਦੇ ਗਭਰੂ, ਹੋਏ ਉਨ੍ਹਾਂ ਤੋਂ ਮਾੜੇ।

ਲਾਡਪੁਰੀ ਕਹਿੰਦੇ ਸਭ ਗਭਰੂ, ਭੈੜੀਆਂ ਇੱਲਤਾਂ ਛੱਡੀਆਂ।

ਪਿੰਡਾਂ ਵਿੱਚ ਆਈਆਂ............................।



# ਜੁਆਨਾਂ ਨੂੰ

ਜੁਆਨੋ ਜਾਗ ਪਓ ਇਹ ਸਰ ਜ਼ਮੀਂ ਮੁੜ ਕੇ ਬੁਲਾਉਂਦੀ ਏ।

ਵਤਨ ਲਈ ਵਾਰ ਦਓ ਤਨ ਮਨ ਤੁਹਾਨੂੰ ਚਿਣਗ ਲਾਉਂਦੀ ਏ।

..............................................................................

ਬਦੇਸ਼ੀ ਆ ਗਏ ਮੁੜਕੇ, ਤੇਰੀ ਹਸਤੀ ਮਿਟਾਉਣੇ ਲਈ।

ਘੜੀ ਉਹ ਆ ਗਈ ਤੇਰੀ, ਸ਼ਹੀਦੀ ਜਾਮ ਪਾਉਣੇ ਲਈ।

ਇਹ ਕੰਨਾਂ ਸਾਡਿਆਂ ਵਿੱਚ ਗੂੰਜ, ਅੱਜ ਕੋਈ ਗੁਣ ਗੁਣਾਉਂਦੀ ਏ।

ਜੁਆਨੋ ਜਾਗ ਪਓ......................।

ਅਸੀਂ ਦਸ਼ਮੇਸ਼ ਦੇ ਪੁੱਤਰ, ਇਹ ਸ਼ਮਸ਼ੀਰਾਂ ਚਲਾਉਂਦੇ ਰਹੇ।

ਸ਼ਿਵਾ ਪ੍ਰਤਾਪ ਜਹੇ ਸੂਰੇ, ਉਹ ਜਾਨਾਂ ਦਾਅ ਤੇ ਲਾਉਂਦੇ ਰਹੇ।

ਨਲੂਏ ਦੀ ਇਹ ਖੰਜਰ, ਅੱਜ ਵੀ ਦੁਸ਼ਮਣ ਡਰਾਉਂਦੀ ਏ।

ਜੁਆਨੋ ਜਾਗ ਪਓ......................।

ਕਾਇਰਾਂ ਵਾਂਗ ਨ ਭੱਜੀਏ, ਵਤਨ ਦਾ ਮੋਹ ਬੁਲਾਉਂਦਾ ਏ।

ਵਤਨ ਲਈ ਮਰ ਮਿਟਣ ਲਈ, ਸੁੱਤੀਆਂ ਰੀਝਾਂ ਜਗਾਉਂਦਾ ਏ।

ਮਾਈ ਭਾਗੋ ਦੀ ਉਹ ਖੰਜਰ, ਤੁਸਾਂ ਵਿੱਚ ਜਾਨ ਪਾਉਂਦੀ ਏ।

ਜੁਆਨੋ ਜਾਗ ਪਓ......................।

ਤੁਸਾਂ ਵਿੱਚ ਖ਼ੂਨ ਦੁਰਗਾ ਦਾ, ਇਹ ਰਣ ਵਿੱਚ ਹੀ ਵਹਾ ਦੇਣਾ।

ਝਾਂਸੀ ਵਾਂਗਰਾਂ ਰਣ ਵਿੱਚ, ਤੁਸਾਂ ਤਨ ਮਨ ਲੁਟਾ ਦੇਣਾ।

ਇਹ ਹਸਤੀ ਦੇਸ਼ ਦੀ, ਜਾਮੇ-ਸ਼ਹਾਦਤ, ਪਈ ਪਲਾਉਂਦੀ ਏ।

ਜੁਆਨੋ ਜਾਗ ਪਓ......................।

ਅਸਾਂ ਭੱਜਣਾ ਨਹੀਂ ਅੱਜ ਤਾਂ, ਔਹ ਦੁਸ਼ਮਣ ਨੂੰ ਭਜਾਉਣਾ ਹੈ।

ਵਤਨ ਲਈ ਜ਼ੱਰਾ-ਜ਼ੱਰਾ ਖ਼ੂਨ ਦਾ, ਆਪਾਂ ਵਹਾਉਣਾ ਹੈ।

ਲਾਡਪੁਰੀ ਅੱਜ ਏਹੀ ਤਾਂ ਇਹ, ਲਲਕਾਰ ਚਾਹੁੰਦੀ ਏ।

ਜੁਆਨੋ ਜਾਗ ਪਓ......................।

# ਨੇੜਤਾ

ਦੁਨੀਆਂ ਇਕ ਛੋਟਾ ਪਿੰਡ ਜਾਪੇ,
ਕਈ ਆਂਢ ਗੁਆਂਢੀ ਵਸਦੇ ਨੇ।
ਜੇ ਪੀੜ ਕਿਸੇ ਨੂੰ ਹੁੰਦੀ ਅੱਜ,
ਉਹ ਮੋਬਾਈਲ ਤੇ ਦਸਦੇ ਨੇ।
ਜੇ ਸਾਹਵੇਂ ਗੱਲਾਂ ਕਰਨੀਆ ਨੇ,
ਤਾਂ ਵੈਬਸਾਈਟ ਤੇ ਕਰ ਸਕਦੇ।
ਆਪਣੇ ਉਸ ਆਂਢ ਗੁਆਂਢੀ ਦੇ,
ਸਾਹਾਂ ਵਿੱਚ ਸਾਹ ਹਾਂ ਭਰ ਸਕਦੇ।
ਜੇ ਖੇਡ ਵੇਖਣੀ ਚਾਹੁੰਦੇ ਹੋ,
ਟੀ.ਵੀ. ਵਿੱਚੋਂ ਤੁਸੀਂ ਤੱਕ ਸਕਦੇ।
ਜੇ ਸੁਆਦ ਖਾਣੇ ਦਾ ਲੈਣਾ ਹੈ,
ਅੱਖਾਂ ਦੇ ਰਾਹੀਂ ਚੱਖ ਸਕਦੇ।
ਜੇ ਆਕਾਸ਼ ਵਿੱਚ ਉਡਣਾ ਹੈ,
ਆਕਾਸ਼ਾਂ ਵਿੱਚ ਵੀ ਜਾ ਸਕਦੇ।
ਜੇ ਚੰਦਰਯਾਨ ਵਿੱਚ ਨੁਕਸ ਪਿਆ,
ਘਰ ਬੈਠੇ ਠੀਕ ਕਰਾ ਸਕਦੇ।
ਬਿਸਤਰ ਤੇ ਬੈਠੇ ਬੈਠੇ ਹੀ,
ਆਹ ਟੀ.ਵੀ. ਤੁਸੀਂ ਚਲਾ ਸਕਦੇ।
ਅੱਗੇ ਪਿੱਛੇ ਗਾਣਾ ਸੁਣਨਾ,
ਤਾਂ ਪਿਕਚਰ ਤੁਸੀਂ ਘੁਮਾ ਸਕਦੇ।
ਕਿੰਨੇ ਹੋਏ ਨੇੜ ਗੁਆਂਢੀ ਅੱਜ
ਤੂੰ ਏਂਵੇਂ ਪਿਆਰ ਵਧਾਉਂਦਾ ਰਹੀਂ।
ਲਾਡਪੁਰੀ ਜੱਗ ਦੇ ਅਜਬ ਨਜ਼ਾਰੇ,
ਵੇਖੀਂ ਅਤੇ ਵਖਾਉਂਦਾ ਰਹੀਂ।



# ਖੁਸ਼ਹਾਲੀ

ਜਿਸ ਦੀ ਕੋਠੀ ਦਾਣੇ, ਉਸ ਦੇ ਕਮਲੇ ਹੋਏ ਸਿਆਣੇ।
ਬਿਨ ਖੁਸ਼ਹਾਲੀ ਤੋਂ, ਨਾਂਹ ਕੋਈ ਅਜ ਪਛਾਣੇ।

.....................................................................................

ਖੁਸ਼ਹਾਲੀ ਦੇ ਪਿੱਛੇ ਲੋਕੀਂ, ਭੱਜ ਭੱਜ ਕਰਨ ਸਲਾਮਾ।
ਪੂੰਜੀ ਜਿਸ ਦੇ ਕੋਲ ਨਹੀਂ, ਸਭ ਲੋਕੀਂ ਕਹਿਣ ਪਜਾਮਾ।
ਨਵੇਂ ਵੀ ਓਦੋਂ ਬਣ ਜਾਂਦੇ ਨੇ, ਸਾਰੇ ਸਾਕ ਪੁਰਾਣੇ।
ਬਿਨ ਖੁਸ਼ਹਾਲੀ ਤੋਂ.........................।
ਪੂੰਜੀ ਪਿੱਛੇ ਰਿਸ਼ਤੇ ਗੰਢਦੇ, ਢੁੱਕ ਢੁੱਕ ਬਹਿੰਦੇ ਨੇੜੇ।
ਜੇ ਨਹੀਂ ਪੂੰਜੀ, ਕਹਿੰਦੇ, ਇਸ ਤੋਂ ਅਸਾਂ ਕੀ ਲੈਣੇ ਪੇੜੇ।
ਪੂੰਜੀ ਨਾਲ ਹੀ ਹਾਸਾ ਆਉਂਦਾ, ਪੂੰਜੀ ਨਾਲ ਹੀ ਗਾਣੇ।
ਬਿਨ ਖੁਸ਼ਹਾਲੀ ਤੋਂ.........................।
ਕਹਿੰਦੇ ਗੁੜ ਦੇ ਪਿੱਛੇ, ਮੱਖੀਆਂ ਘੁੰਮਣ ਚਾਰ ਚੁਫੇਰੇ।
ਜੇ ਪੱਲੇ ਨਹੀਂ ਧੇਲਾ, ਉੱਲੂ ਬੋਲਣ ਆਣ ਬਨੇਰੇ।
ਪੂੰਜੀ ਵਾਲੇ ਦੇ ਨਿੱਤ ਲੋਕੀਂ, ਬਹਿੰਦੇ ਆਣ ਸਰ੍ਹਾਣੇ।
ਬਿਨ ਖੁਸ਼ਹਾਲੀ ਤੋਂ.........................।
ਪੂੰਜੀ ਵਾਲਾ ਭਾਵੇਂ ਹੋਵੇ, ਸਿੱਧਾ ਕੋਈ ਇਨਸਾਨ।
ਇਹ ਜੱਗ ਉਸ ਨੂੰ ਸਮਝੀ ਬੈਠਾ, ਅੱਜ ਤਾਂ ਏ ਭਗਵਾਨ।
ਬਿਨ ਪੂੰਜੀ ਨੀਵੀਂ ਪਾ ਲੈਂਦੇ, ਬਣਦੇ ਨਿੰਮੋ-ਝਾਣੇ।
ਬਿਨ ਖੁਸ਼ਹਾਲੀ ਤੋਂ.........................।
ਇਨਸਾਨਾਂ ਦੀ ਕਦਰ ਕਰੋ, ਨਾਂਹ ਪੂੰਜੀ ਪਿੱਛੇ ਜਾਵੋ।
ਲਾਡਪੁਰੀ ਪੂੰਜੀ ਕਸਵੱਟੀ, ਮੰਨ ਨਾਂਹ ਤੇੜ੍ਹਾਂ ਪਾਵੋ।
ਸ਼ਾਇਦ ਲੀਰਾਂ ਵਿੱਚ ਪਾ ਲਈਏ, ਲਾਲ ਕਦੀ ਅਨਜਾਣੇ।
ਬਿਨ ਖੁਸ਼ਹਾਲੀ ਤੋਂ.........................।

# ਇਨਸਾਨ

ਰੱਬ ਨੇ ਘੜ ਘੜ ਇਹ ਅੰਗ ਲਾ ਕੇ,
ਕਿੰਝ ਇਹ ਇਨਸਾਨ ਬਣਾਇਆ ਏ।
ਹਰ ਅੰਗ ਦੇ ਆਪਣੇ ਕੰਮ ਵੱਖਰੇ,
ਕਿੰਝ ਕੰਮਾਂ ਨੂੰ ਵੰਡਾਇਆ ਏ।
ਅੰਗਾਂ ਦੀ ਗਤੀ ਨੂੰ ਤੋਰਨ ਲਈ,
ਉਸ ਦਿਲ ਇਸਦੇ ਵਿਚ ਪਾਇਆ ਏ।
ਸਾਰੇ ਅੰਗਾਂ ਦੀ ਰਾਖੀ ਲਈ,
ਉਸ ਮਸਤਕ ਉਤੇ ਬਣਾਇਆ ਏ।
ਨੌ ਦੁਆਰੇ ਉਸ ਨੇ ਖੋਲ੍ਹ ਰੱਖੇ,
ਦਸਵੇਂ ਵਿੱਚ ਆਪ ਸਮਾਇਆ ਏ।
ਦਸਵਾਂ ਵੀ ਦੁਆਰਾ ਖੁਲ੍ਹ ਜਾਂਦਾ,
ਜਦ ਉਸ ਦਾ ਨਾਮ ਧਿਆ ਲਈਏ।
ਜਦ ਲਾਡਪੁਰੀ ਇਨਸਾਨਾਂ ਨੂੰ,
ਉਸੇ ਦੇ ਰੂਪ 'ਚ ਪਾ ਲਈਏ।



# ਸ਼ੱਕ

ਕੀ ਸ਼ੱਕ ਹੁੰਦਾ ? ਇਹ ਸ਼ੱਕ, ਕੀ ਕੀ ਕੰਮ ਕਰਵਾ ਸਕਦੇ?
ਸ਼ੱਕੀ ਬੰਦੇ ਉਤੇ ਕਿੰਵ ਇਤਬਾਰ ਜਮਾ ਸਕਦੇ।

.....................................................................................

ਦੁਨੀਆਂ ਉਤੇ ਸ਼ੱਕਾਂ ਨਾਲ, ਪੁਆੜੇ ਪੈ ਜਾਂਦੇ।
ਚੰਗੇ ਭਲੇ ਇਨਸਾਨਾਂ ਸੰਗ ਵੀ, ਆਪਾਂ ਖਹਿ ਜਾਂਦੇ।
ਉੱਚ-ਕਿਰਦਾਰੀ ਬੰਦਿਆਂ ਦੀ, ਕਈ ਲੂਤੀ ਲਾ ਸਕਦੇ।
ਸ਼ੱਕੀ ਬੰਦੇ ਉੱਤੇ ਕਿੰਵ................................।
ਦਾਗ਼ ਜੇ ਲੱਗੇ ਸ਼ੱਕ ਦਾ, ਧੋਣਾ ਔਖਾ ਹੋ ਜਾਂਦਾ।
ਸ਼ੱਕੀ ਤੇ ਇਤਬਾਰ ਜਮਾਉਣਾ, ਔਖਾ ਹੋ ਜਾਂਦਾ।
ਸ਼ੱਕ ਦੀ ਪਈ ਰੁਕਾਵਟ ਨੂੰ, ਕਿੰਵ ਅਸੀਂ ਹਟਾ ਸਕਦੇ।
ਸ਼ੱਕੀ ਬੰਦੇ ਉੱਤੇ ਕਿੰਵ................................।
ਸ਼ੱਕ ਲਾਹੁਣ ਲਈ ਕਸਵੱਟੀ ਤੇ, ਲਾਉਣਾ ਪੈ ਜਾਂਦਾ।
ਔਖਾ ਪਰਚਾ ਪਰਖਾਂ ਦਾ ਫਿਰ, ਪਾਉਣਾ ਪੈ ਜਾਂਦਾ।
ਪਰਚੇ ਵਿੱਚੋਂ ਸਫਲ ਹੋਣ ਤੇ, ਸ਼ੱਕ ਹਾਂ ਲਾਹ ਸਕਦੇ।
ਸ਼ੱਕੀ ਬੰਦੇ ਉੱਤੇ ਕਿੰਵ................................।
ਸ਼ੱਕਾਂ ਦੀ ਪਈ ਮੈਲ ਨੂੰ, ਮਨ ਉਤੇ ਨਾਂਹ ਰਹਿਣ ਦਿਉ।
ਲੂਤੀ ਦਾ ਪਰਛਾਵਾਂ, ਮਨ ਉਤੇ ਨਾਂਹ ਪੈਣ ਦਿਉ।
ਟੁੱਟਾ ਹੋਇਆ ਦਿੱਲ ਨ ਮੁੜਕੇ, ਕਦੀ ਗੰਢਾ ਸਕਦੇ।
ਸ਼ੱਕੀ ਬੰਦੇ ਉੱਤੇ ਕਿੰਵ................................।
ਆਓ ਆਪਾਂ ਸ਼ੱਕਾਂ ਦੀ, ਦੀਵਾਰ ਹੀ ਢਾਹ ਦਈਏ।
ਗ਼ਲਤ ਫਹਿਮੀਆਂ ਮੂੰਹ ਤੇ ਕਹਿ, ਇਹ ਦੂਰ ਭਜਾ ਦਈਏ।
ਲਾਡਪੁਰੀ ਇਤਬਾਰਾਂ ਨੂੰ, ਵਾਪਸ ਇੰਜ ਪਾ ਸਕਦੇ।
ਸ਼ੱਕੀ ਬੰਦੇ ਉੱਤੇ ਕਿੰਵ................................।

# ਸੂਝ

ਸੋਚ ਉਡਾਰੀ ਸੂਝਾਂ ਦੇ ਲਈ ਲਾਉਣੀ ਪੈਂਦੀ ਏ।
ਪਰਖ ਏਸ ਦੀ ਸੋਚਾਂ ਤੋਂ ਕਰਵਾਉਣੀ ਪੈਂਦੀ ਏ।

................................................................................................

ਨਿਰਨੇ ਦੀ ਘੜੀਆਂ ਜਦ, ਮਨ ਵਿੱਚ ਗੰਢਾਂ ਪਾ ਦਿੰਦੀਆਂ।
ਤਦ ਸੋਚਾਂ ਕਸਵੱਟੀ ਉੱਤੇ, ਸਾਨੂੰ ਲਾ ਦਿੰਦੀਆਂ।
ਗੰਢ ਪਈ ਇਹ ਖੋਲ੍ਹਣੀ, ਜਾਂ ਖੁਲ੍ਹਵਾਉਣੀ ਪੈਂਦੀ ਏ।
ਪਰਖ ਏਸ ਦੀ ਸੋਚਾਂ ਤੋਂ...........................।

ਸੋਚ ਉਡਾਰੀ ਤੋਂ ਹੀ, ਕੋਈ ਕੰਮ ਹੱਲ ਕਰਾਉਂਦੇ ਹਾਂ।
ਘੜੀ ਮੁਸੀਬਤ ਦੀ ਨੂੰ ਆਪਾਂ, ਦੂਰ ਭਜਾਉਂਦੇ ਹਾਂ।
ਕਾਢਾਂ ਦੇ ਵਿੱਚੋਂ ਈਜਾਦ, ਕਢਾਉਣੀ ਪੈਂਦੀ ਏ।
ਪਰਖ ਏਸ ਦੀ ਸੋਚਾਂ ਤੋਂ...........................।

ਕਾਹਲੀ ਕਰਨਾ ਕੰਮ ਤਾਂ, ਸ਼ੈਤਾਨਾਂ ਦਾ ਹੁੰਦਾ ਏ।
ਸੋਝੀ ਤੋਂ ਕੰਮ ਲੈਣ ਦਾ, ਸੋਚ ਬਹਾਨਾ ਹੁੰਦਾ ਏ।
ਮਨ ਦੀ ਡੂੰਘਾਈ ਚੋਂ, ਸੋਝੀ ਪਾਉਣੀ ਪੈਂਦੀ ਹੈ।
ਪਰਖ ਏਸ ਦੀ ਸੋਚਾਂ ਤੋਂ.................।

ਸੋਚ ਸਮਝ ਕੇ ਕੰਮ ਕਰਨਾ, ਕਾਹਲੀ ਤਾਂ ਕਰਨੀ ਨਹੀਂ।
ਬਿਨ ਸੋਚੇ ਕੰਮ ਕਰਕੇ, ਚੱਟੀ ਉੱਕੀ ਭਰਨੀ ਨਹੀਂ।
ਲਾਡਪੁਰੀ ਇੰਜ ਕਰਕੇ, ਸ਼ਾਖ ਬਚਾਉਣੀ ਪੈਂਦੀ ਏ।
ਪਰਖ ਏਸ ਦੀ ਸੋਚਾਂ ਤੋਂ...........................।



# ਕੰਗਾਲੀ

ਕੰਗਾਲੀ ਇਸ ਜੱਗ ਵਿੱਚ ਕੀ ਕੀ ਨਹੀਂ ਕਰਵਾ ਸਕਦੀ।
ਬੱਚੇ ਵੇਚਣ ਤਕ ਦੇ ਲਈ ਮਜ਼ਬੂਰ ਕਰਾ ਸਕਦੀ।

................................................................................................

ਧਰਤੀ ਇਸ ਤੇ ਬੰਦੇ ਬਹੁਤੇ, ਆਦਮ-ਖੋਰੇ ਨੇ।
ਤਰਸ ਗਰੀਬਾਂ ਤੇ ਕਰਨੇ ਲਈ, ਰਹਿ ਗਏ ਥੋੜ੍ਹੇ ਨੇ।
ਠੂਠਾ ਹੱਥ ਫੜਾ ਕੇ ਇਹ ਤਾਂ, ਭੀਖ ਮੰਗਾ ਸਕਦੀ।
ਬੱਚੇ ਵੇਚਣ ਤੱਕ ਦੇ.............................।

ਤਨ ਢੱਕਣ ਲਈ ਕੱਪੜਾ, ਕਈਆਂ ਦੇ ਤਾਂ ਪਾਸ ਨਹੀਂ।
ਮਹਿਲਾਂ ਦੀ ਕੀ ਗਲ, ਇਹ ਟੱਪਰੀ ਦਾ ਵੀ ਵਾਸ ਨਹੀਂ।
ਇਸ ਮਜਬੂਰੀ ਵਿੱਚ ਤਨ ਨੂੰ ਵੀ, ਦਾਅ ਤੇ ਲਾ ਸਕਦੀ।
ਬੱਚੇ ਵੇਚਣ ਤੱਕ ਦੇ.............................।

ਵੱਡੇ ਘਰੀਂ ਜਾ ਝਾੜੂ ਵੀ, ਤਾਂ ਲਾਉਣੇ ਪੈ ਜਾਂਦੇ।
ਬਿਸਤਰ ਆਪਣੇ ਧਰਤੀ ਉਤੇ, ਵਿਛਾਉਣੇ ਪੈ ਜਾਂਦੇ।
ਮਿੰਨਤਾਂ, ਹਾੜੇ, ਤਰਲੇ ਓਦੋਂ, ਇਹ ਕਢਵਾ ਸਕਦੀ।
ਬੱਚੇ ਵੇਚਣ ਤੱਕ ਦੇ.............................।

ਮਜ਼ਬੂਰੀ ਵਿੱਚ ਨਿਰਬਸਤਰ ਹੋ, ਗਾਉਣਾ ਪੈ ਜਾਂਦਾ।
ਸ਼ਰਮਿੰਦਗੀ ਦੇ ਗਹਿਣੇ ਨੂੰ ਵੀ, ਲਾਹੁਣਾ ਪੈ ਜਾਂਦਾ।
ਵਿੱਚ ਪੈਲਸਾਂ ਜਾ ਕੇ ਇਹ ਤਾਂ, ਨਾਚ ਨਚਾ ਸਕਦੀ।
ਬੱਚੇ ਵੇਚਣ ਤੱਕ ਦੇ.............................।

ਕਿਸੇ ਗ਼ਰੀਬ ਦੀ ਮਜਬੂਰੀ ਦਾ, ਲਾਭ ਉਠਾਇਓ ਨਾਂਹ।
ਮਜਬੂਰੀ ਵਿੱਚ ਇਸ ਤੋਂ, ਪੁੱਠੇ ਕੰਮ ਕਰਾਇਓ ਨਾਂਹ।
ਕੁਦਰਤ ਇਹ ਦਿਨ ਤੁਸਾਂ ਉਤੇ ਵੀ, ਕਦੀ ਲਿਆ ਸਕਦੀ।
ਬੱਚੇ ਵੇਚਣ ਤੱਕ ਦੇ.............................।

ਆਓ ਕੁਝ ਪਲ ਜ਼ਿੰਦਗੀ ਦੇ, ਸੇਵਾ ਤੇ ਲਾ ਲਈਏ।
ਢੱਠੇ ਦਿਲਾਂ ਦੇ ਉਤੇ, ਥੋੜ੍ਹੀ ਮਰ੍ਹਮ ਲਗਾ ਲਈਏ।
ਲਾਡਪੁਰੀ ਤਕਦੀਰ ਕਦੀ, ਪਾਸਾ ਪਲਟਾ ਸਕਦੀ।
ਬੱਚੇ ਵੇਚਣ ਤੱਕ ਦੇ.............................।

# ਅਮਨ

ਅਮਨ ਸ਼ਾਂਤੀ ਦਾ ਸੰਦੇਸ਼ਾ, ਜੱਗ ਵਿੱਚ ਪਿਆਰ ਵਧਾ ਦਿੰਦਾ ਏ।
ਐਪਰ ਸੇਕ ਇਹ ਨਫ਼ਰਤ ਦਾ ਤਾਂ, ਸਾਨੂੰ ਸਾੜ ਮੁਕਾ ਦਿੰਦਾ ਏ।
ਨਫ਼ਰਤ ਦੀ ਅੱਗ ਵਿਚੋਂ, ਗੁੱਸਾ, ਉਬਲੇ, ਪੁੱਠੇ ਰਸਤੇ ਪਾਵੇ,
ਅੰਦਰ ਦੀ ਆਵਾਜ਼ ਦਬਾਵੇ, ਸਾਡੀ ਉੱਕੀ ਸੋਚ ਮੁਕਾਵੇ।

ਐਪਰ ਪਿਆਰ ਦਾ ਪਾਠ ਸਦਾ ਹੀ, ਮਨ ਵਿੱਚ ਠੰਢ ਵਰਤਾ ਦਿੰਦਾ ਏ।
ਭਾਈ ਨੂੰ ਭਾਈ ਸਮਝਣ ਦੀ, ਮਨ ਵਿੱਚ ਚੇਟਕ ਲਾ ਦਿੰਦਾ ਏ।
ਕੁਝ ਕਰਨੇ ਦੀ ਤਾਂਘ ਲਗਾਵੇ, ਇਹ ਖੁਸ਼ਹਾਲੀ ਸਦਾ ਲਿਆਵੇ।
ਆਪਣੇ ਹਿੱਤ ਤਿਆਗਣ ਦੀ ਇਹ, ਸਾਨੂੰ ਜੀਵਨ ਜਾਚ ਸਿਖਾਵੇ।

ਜੇਕਰ ਜੀਵਨ ਸਫ਼ਲ ਬਨਾਉਣਾ, ਜੇ ਜੱਗ ਤੇ ਹੈ ਠੰਢ ਵਰਤਾਉਣੀ।
ਉੱਨਤੀ ਦੇ ਜੇ ਸਿਖਰੀਂ ਚੜ੍ਹਨਾ, ਜੇ ਧਰਤੀ ਦੀ ਹਿੱਕ ਬਚਾਉਣੀ।
ਇਸ ਧਰਤੀ ਦੇ ਬੰਦਿਆਂ ਨੂੰ ਫਿਰ, ਪਰੇਮ ਪਿਆਰ ਦਾ ਪਾਠ ਪੜ੍ਹਾਓ।
ਲਾਡਪੁਰੀ ਸੰਗ ਅਮਨ-ਸ਼ਾਂਤੀ, ਇਸ ਧਰਤੀ ਦੇ ਭਾਗ ਜਗਾਓ।



# ਸਵਾਦ

ਸਵਾਦ ਉਦੋਂ ਵੀ ਆਉਂਦਾ ਏ, ਜਦ ਮੂੰਹ ਵਿਚ ਪਾ ਕੁਝ ਚੱਖਦੇ ਹਾਂ।
ਸਵਾਦ ਲੈਣ ਲਈ ਅੱਖਾਂ ਨਾਲ, ਅਸੀਂ ਅਜਬ ਨਜ਼ਾਰੇ ਤਕਦੇ ਹਾਂ।

ਜਦ ਸਾਜ਼ ਕੰਨਾਂ ਦੇ ਵਿੱਚ ਸੁਣਦਾ, ਮਨ ਸਾਡੇ ਸਰੂਰ ਏ ਆ ਜਾਂਦਾ।
ਹੱਥਾਂ ਨੂੰ ਤਾੜੀ ਮਾਰਨ ਦੀ, ਤਦ ਚੇਟਕ ਜਿਹੀ ਕੋਈ ਲਾ ਦਿੰਦਾ।
ਲੱਤਾਂ ਦੇ ਰਾਹੀਂ ਨੱਚ ਨੱਚ ਕੇ,ਅਸੀਂ ਸਵਾਦ ਇਹ ਲੈਣਾ ਚਾਹੁੰਦੇ ਹਾਂ।
ਤੇ ਇੰਦਰੀਆਂ ਦੇ ਰਾਹੀਂ ਵੀ, ਆਪਣੀ ਇਹ ਰੀਝ ਪੁਗਾਉਂਦੇ ਹਾਂ।

ਜਦ ਸੁੰਘਦੇ ਕਦੀ ਸੁਗੰਧੀ ਨੂੰ, ਨੱਕ ਸਾਨੂੰ ਸਵਾਦ ਲਿਆ ਦਿੰਦਾ।
ਤੇ ਇਸ ਸਗੁੰਧੀ ਰਾਹੀਂ ਹੀ, ਸਾਨੂੰ ਤਾਂ ਇਹ ਨਸ਼ਿਆ ਦਿੰਦਾ।
ਮਨ ਵਿੱਚ ਜਦ ਉੱਠਣ ਤਿਰੰਗਾਂ ਤਾਂ, ਸੁੱਤੀ ਇਹ ਰੀਝ ਜਗਾ ਦਿੰਦੀਆਂ।
ਇਹ ਰੋਮ ਰੋਮ ਵਿਚ ਰਸ ਸਾਡੇ, ਤਦ ਮਨ ਨੂੰ ਕਿੰਵ ਪਰਚਾ ਦਿੰਦੀਆਂ।

ਕੁਦਰਤ ਨੇ ਵੱਖ ਵੱਖ ਅੰਗਾਂ ਨਾਲ, ਸਾਨੂੰ ਤਾਂ ਕਿੰਵ ਰਿਝਾਇਆ ਏ।
ਕੁਦਰਤ ਸਾਡੇ ਅੰਗਾਂ ਰਾਹੀਂ, ਜੱਗ ਦਾ ਸਭ ਸੁਆਦ ਚਖਾਇਆ ਏ।
ਰੱਜ ਰੱਜ ਮਾਣੋ ਇਹਦੇ ਰੰਗਾਂ ਨੂੰ, ਕਿਤੇ ਸੁਆਦਾਂ ਵਿੱਚ ਖੁੱਭ ਜਾਇਉ ਨਾਂਹ।
ਇਨ੍ਹਾਂ ਸਵਾਦਾਂ ਪਿਛੇ ਲਾਡਪੁਰੀ, ਕਿਤੇ ਆਪਣੀ ਹੋਂਦ ਭੁਲਾਇਉਂ ਨਾਂਹ।

# ਕੁੱਲੀ ਵਾਲਾ

ਕੁੱਲੀ ਵਾਲਾ ਵੀ ਏ ਇਨਸਾਨ ਜੱਗ ਵਾਲਿਓ, ਕੁੱਲੀ ਵਾਲਾ ਵੀ ਏ ਇਨਸਾਨ।
ਛੋਟਾ ਮੋਟਾ ਕੰਮ ਕਰ, ਬੱਚਿਆਂ ਦਾ ਪੇਟ ਪਾਲੇ, ਕਾਹਨੂੰ ਇਹਨੂੰ ਕੋਸਦਾ ਜਹਾਨ।

........................................................................................

ਕਦੀ ਚਿੱਕਾਂ ਇਹ ਬਣਾਵੇ, ਕਦੀ ਭਾਂਡੇ ਖੜਕਾਵੇ,
ਪਿੰਡੀ ਪਿੰਡੀ ਫੇਰਾ ਨਿੱਤ ਲਾਉਂਦਾ ਏ।
ਕਦੀ ਛਾਬੜੀ ਜਿਹੀ ਚੁੱਕ, ਪਿੰਡੀਂ ਪਿੰਡੀਂ ਘੁੰਮੇ,
ਹੋਕਾ ਉੱਚੀ ਉੱਚੀ ਲੋਕਾਂ ਨੂੰ ਸੁਣਾਉਂਦਾ ਏ।
ਰੁੱਖੀ ਸੁੱਖੀ ਖਾ ਕੇ ਇਹ ਗੁਜ਼ਾਰਾ ਕਰਦਾ, ਇਕ ਆਸਰਾ ਇਹਦਾ ਭਗਵਾਨ।
ਛੋਟਾ ਮੋਟਾ ਕੰਮ ਕਰ.........................।

ਕਦੀ ਬੁਸ਼ਕੀ ਜਿਹੀ ਚੁੱਕ, ਢੇਰਾਂ ਨੂੰ ਫਰੋਲਦਾ ਏ,
ਕਦੀ ਲਾਉਂਦਾ ਰੱਦੀ ਦੀਆਂ ਫੇਰੀਆਂ।
ਬੱਚੇ ਵੀ ਪੜ੍ਹਾ ਨ ਸਕੇ, ਝੁਲਕਾ ਖੁਆ ਨ ਸਕੇ,
ਤੰਗੀਆਂ ਇਹ ਝਾਕਦਾ ਬਥੇਰੀਆਂ।
ਇਹਦੀ ਮਜਬੂਰੀ ਨੂੰ ਪਛਾਣ ਲਵੋ ਲੋਕੋ, ਕਰੋ ਸਾਰੇ ਏਸ ਵਲ ਵੀ ਧਿਆਨ,
ਛੋਟਾ ਮੋਟਾ ਕੰਮ ਕਰ.........................।

ਪੂੰਜੀਪਤੀ ਇਹ ਤਾਂ ਇਨਸਾਨ ਨ ਕੋਈ ਪੁੱਛਦਾ ਏ,
ਨਾਂਹ ਹੀ ਸਰਕਾਰ ਝਾਤ ਮਾਰੀ ਏ।
ਭੁੱਖੇ ਢਿੱਡ ਆਪਣੇ ਨੂੰ ਝੁਲਕਾ ਇਹ ਦੇਵੇ,
ਲੋਕੀਂ ਸਮਝਦੇ ਏਸ ਨੂੰ ਵਪਾਰੀ ਏ।
ਵੱਡੀਆਂ ਦੁਕਾਨਾਂ ਤੇ ਜੇ ਸੱਜ ਕੇ ਤੇ ਬੈਠ ਜਾਵੇ, ਲੋਕੀਂ ਵੀ ਕਰਨ ਇਹਦਾ ਮਾਣ।
ਛੋਟਾ ਮੋਟਾ ਕੰਮ ਕਰ.........................।

ਸਾਡੀ ਸਰਕਾਰ ਜੇ ਧਿਆਨ ਕਰੇ ਏਸ ਵਲ,
ਇਹਨੂੰ ਇਕ ਥਾਂ ਤੇ ਬਠਾ ਦਏ।
ਨਿੱਕੀ ਜਿਹੀ ਦੁਕਾਨ ਇਹਦੇ ਨਾਂ ਤੇ ਬਣਵਾ ਕੇ,
ਇਹਦੀ ਤੁੱਛ ਜਿਹੀ ਸੇਵਾ ਜੇ ਕਰਾ ਦਏ।
ਇਹਦੇ ਵਿੱਚ ਦੇਸ਼ ਦਾ ਇਹ ਮਾਣ ਲੁਕਿਆ ਏ,
ਲਾਡਪੁਰੀ ਇੰਝ ਸਭ ਦੀ ਏ ਸ਼ਾਨ।
ਛੋਟਾ ਮੋਟਾ ਕੰਮ ਕਰ.........................।



# ਇਨਸਾਨਾਂ ਨੂੰ

ਓ ਇਨਸਾਨੋਂ ਇਨਸਾਨਾਂ ਦੀ ਕਦਰ ਪਛਾਣ ਲਵੋ।
ਸਭਨਾਂ ਦੇ ਵਿੱਚ ਵਸਦਾ ਏ ਭਗਵਾਨ ਇਹ ਜਾਣ ਲਵੋ।

........................................................................................

ਕਿਉਂ ਧਰਤੀ ਦੇ ਬੰਦੇ, ਬਣਦੇ ਆਦਮਖੋਰੇ ਨੇ।
ਕਿਉਂ ਅੱਜ ਬੰਦੇ, ਬੰਦੇ ਪਾਸੋਂ ਮੂੰਹ ਮਰੋੜੇ ਨੇ?
ਇਹ ਗੱਲ ਸਮਝਣ ਲਈ, ਭਾਵੇਂ ਪੜ੍ਹ ਵੇਦ ਪੁਰਾਣ ਲਵੋ।
ਓ ਇਨਸਾਨੋਂ ਇਨਸਾਨਾਂ ਦੀ .........................।

ਕਿਉਂ ਖਾਂਦੇ ਇਸ ਧਰਤੀ ਉਤੇ, ਹੱਕ ਪਰਾਏ ਨੇ?
ਇਹ ਤਾਂ ਸਾਰੇ ਇਕੋ ਧਰਤੀ, ਮਾਂ ਦੇ ਜਾਏ ਨੇ।
ਇਹ ਗੱਲ ਡੂੰਘਾਈ ਇਸ ਦਿੱਲ ਦੀ, ਵਿਚ ਸਿਆਣ ਲਵੋ।
ਓ ਇਨਸਾਨੋਂ ਇਨਸਾਨਾਂ ਦੀ .........................।

ਇਸ ਧਰਤੀ ਤੇ ਬੰਦਾ ਭੇਜਿਆ, ਜੂਨ ਸੁਧਾਰਣ ਲਈ।
ਨਾਮ ਜਪਣ ਦੀ ਚੇਟਕ, ਇਹ ਹੋਰਾਂ ਨੂੰ ਲਾਵਣ ਲਈ।
ਧਰਤ ਇਸ ਨੂੰ ਆਪੇ ਹੀ, ਨਾਂਹ ਕਰ ਸ਼ਮਸ਼ਾਨ ਲਵੋ।
ਓ ਇਨਸਾਨੋਂ ਇਨਸਾਨਾਂ ਦੀ .........................।

ਬੰਦਿਆ ਤੇਰਾ ਇਸ ਧਰਤੀ ਤੇ, ਰੈਣ ਬਸੇਰਾ ਏ।
ਝਗੜਾ ਛੱਡ ਦੇ ਕੀ ਤੇਰਾ, ਤੇ ਕੀ ਇਹ ਮੇਰਾ ਏ।
ਲਾਡਪੁਰੀ ਸ਼੍ਰਿਸ਼ਟੀ ਦਾ ਨਿੱਘ, ਤੁਸੀਂ ਸਾਰੇ ਮਾਣ ਲਵੋ।
ਓ ਇਨਸਾਨੋਂ ਇਨਸਾਨਾਂ ਦੀ .........................।

# ਜੀਵ ਹੱਤਿਆ

ਰੋਜ਼ ਅਨੇਕਾਂ ਜੀਵ ਤੂੰ ਮਾਰੇਂ, ਕਿਹੜੀ ਕਰੇਂ ਦਨਾਈ।
ਤੂੰ ਭੋਲੇ ਜੀਵਾਂ ਨੂੰ, ਕਾਹਨੂੰ ਜਾਏਂ ਮੁਕਾਈ।

..........................................................................................

ਸਤਿਗੁਰ ਘਟ ਘਟ ਵਿਚ ਸਮਾਇਆ, ਨ ਕਰ ਧਿੰਗਾ ਜ਼ੋਰੀ।
ਓਹਲਾ ਕਰਕੇ ਜੀਵ ਤੂੰ ਮਾਰੇਂ, ਕਰਦਾਂ ਉਸਤੋਂ ਚੋਰੀ।
ਮੁੱਲ ਵੱਟੇਂ ਜੀਵਾਂ ਦੇ ਕਿੰਵ ਤੂੰ, ਕਿਹੜੀ ਖਾਏਂ ਕਮਾਈ?
ਤੂੰ ਭੋਲੇ ਜੀਵਾਂ ਨੂੰ ਕਾਹਨੂੰ................।

ਨਿੱਤ ਬੰਦੂਕਾਂ ਲੈ ਕੇ ਤੂੰ ਤਾਂ, ਜੰਗਲਾਂ ਦੇ ਵਿੱਚ ਜਾਵੇਂ।
ਹਾਥੀ, ਹਿਰਨ, ਸ਼ੇਰ ਤੇ ਚੀਤੇ, ਪਲ ਵਿੱਚ ਮਾਰ ਮੁਕਾਵੇਂ।
ਇਨ੍ਹਾ ਜੀਵਾਂ ਦੀ ਵੇਚਣ ਲਈ ਤੂੰ, ਖੱਲ ਜਾਂਦਾ ਏ ਲਾਹੀ।
ਤੂੰ ਭੋਲੇ ਜੀਵਾਂ ਨੂੰ ਕਾਹਨੂੰ................।

ਨਸਲ ਮੁਕਾ ਦੇਣੀ ਤੂੰ ਇੱਕ ਦਿਨ, ਭਾਜੀ ਕਿਹੜੀ ਚਾੜ੍ਹੇਂ।
ਜੀਵਾਂ ਦੇ ਬਿਨ ਧਰਤ ਅਧੂਰੀ, ਬਿਨ ਆਈ ਕਿਉਂ ਮਾਰੇ।
ਪੈਸੇ ਦੀ ਖਾਤਿਰ ਤੂੰ ਐਵੇਂ, ਹੁੰਦਾ ਜਾਏਂ ਸੁਦਾਈ।
ਤੂੰ ਭੋਲੇ ਜੀਵਾਂ ਨੂੰ ਕਾਹਨੂੰ................।

ਜੀਵਾਂ ਨੂੰ ਨਾਂਹ ਮਾਰਨ ਦੀ ਆਓ, ਪੱਕੀ ਅਸੀਂ ਪਕਾਈਏ।
ਜੀਵਾਂ ਦੀ ਰੱਖਿਆ ਦਾ ਆਪਣੇ, ਮੋਢੇ ਭਾਰ ਉਠਾਈਏ।
ਲਾਡਪੁਰੀ ਪੈਸੇ ਵੱਟਣ ਦੀ, ਰੀਤ ਅਵੱਲੀ ਲਾਈ।
ਤੂੰ ਭੋਲੇ ਜੀਵਾਂ ਨੂੰ ਕਾਹਨੂੰ................।



# ਜ਼ਮੀਰ

ਜਦ ਵੀ ਕੰਮ ਬੁਰਾ ਕਰਦੇ ਹਾਂ,
ਅੰਦਰੋਂ ਇਕ ਆਵਾਜ਼ ਏ ਆਉਂਦੀ।
ਕੰਮ ਬੁਰਾ ਕਰਨੇ ਤੋਂ ਰੋਕੇ,
ਵਾਰ ਵਾਰ ਇਹ ਰਟ ਲਗਾਉਂਦੀ।
ਮਨ ਸਾਡਾ ਹਾਵੀ ਬਣ ਜਾਂਦਾ,
ਜ਼ੋਰ ਆਪਣਾ ਪਾ ਲੈਂਦਾ ਏ।
ਗ਼ਲਤ ਦਲੀਲਾਂ ਦੇ ਕੇ ਉਹ ਤਾਂ,
ਇਸਨੂੰ ਪਿੱਛੇ ਲਾ ਲੈਂਦਾ ਏ।
ਬੁਰਾ ਕੰਮ ਕਰਨੇ ਤੋਂ ਪਹਿਲਾਂ,
ਜ਼ੋਰਾਂ ਵਿੱਚ ਤਕਰਾਰ ਇਹ ਕਰਦੇ।
ਆਪਣੀ ਗੱਲ ਮਨਾਉਣ ਲਈ ਤਾਂ,
ਨਾਂਹ ਐਵੇਂ ਉਹ ਹਾਮੀ ਭਰਦੇ।
ਚੰਗੇ ਪਾਸੇ ਜੋ ਇਹ ਜਾਵੇ,
ਸੱਜਣੋਂ ਇਹ ਜ਼ਮੀਰ ਕਹਾਉਂਦੀ।
ਇਹ ਤਾਂ ਚੰਗੇ ਕੰਮ ਕਰਾਉਂਦੀ,
ਨਾਂਹ ਇਹ ਪੁੱਠੇ ਰਸਤੇ ਪਾਉਂਦੀ।
ਜਦ ਵੀ ਆਪਣਾ ਕੰਮ ਕਰੋ ਤਾਂ,
ਆਪਣੀ ਸਦਾ ਜ਼ਮੀਰ ਪਛਾਣੋਂ।
ਲਾਡਪੁਰੀ ਪਛਾਣ ਇਹ ਕਰਕੇ,
ਇਸ ਨੂੰ ਆਪਣੀ ਸਾਥਣ ਜਾਣੋ।

# ਦੋ ਗਾਣਾ

ਮੁਟਿਆਰ

ਛੋਟੇ ਘਰ ਪਿੰਡਾਂ ਦੇ ਛੱਡਕੇ ਸ਼ਹਿਰੀਂ ਕੋਠੀ ਪਾ ਦੇ।
ਵੇ ਤੂੰ ਅੜਿਆ ਮੇਰੀ, ਮਨ ਦੀ ਰੀਝ ਪੁਗਾਦੇ।
ਵੇ ਤੂੰ ਆੜਿਆ...........।

.......................................................................................

ਗਭਰੂ

ਪਿੰਡਾਂ ਵਿੱਚ ਹਰਿਆਵਲ ਦਿਸਦੀ, ਸ਼ਹਿਰੀਂ ਲੱਭਦਾ ਧੂੰ।
ਨੀ ਦੱਸ ਕੀ ਕਰਨਾ ਏਂ, ਸ਼ਹਿਰੀਂ ਜਾ ਕੇ ਤੂੰ।

.......................................................................................

ਗਭਰੂ

ਓਥੇ ਬੱਸਾਂ ਕਾਰਾਂ ਚਲਦੀਆਂ, ਰੌਲਾ ਜਿੱਧਰ ਜਾਈਏ।
ਚੰਗੀ ਭਲੀ ਇਸ ਜਿੰਦੜੀ ਨੂੰ, ਨਾਂਹ ਐਵੇਂ ਰੋਗ ਲਗਾਈਏ।
ਹੁੰਦੀ ਰਹਿੰਦੀ ਹਰ ਦਮ ਓਥੇ, ਗੱਡੀਆਂ ਦੀ ਘੂੰ ਘੂੰ।
ਨੀ ਦਸ ਕਰਨਾ ਕੀ ਏ, ਸ਼ਹਿਰੀਂ.....................।

ਮੁਟਿਆਰ

ਪਿੰਡਾਂ ਵਿਚੋਂ ਸ਼ਹਿਰਾਂ ਨੂੰ, ਜਾਣੇ ਦੀ ਚਲ ਪਈ ਲਹਿਰ।
ਕਹਿੰਦੇ ਸ਼ਹਿਰੀਂ ਵਸਣਾ ਚੰਗਾ, ਭਾਵੇਂ ਹੋਵੇ ਕਹਿਰ।
ਕੋਠੀ ਓਥੇ ਪਾ ਦੇ ਭਾਵੇਂ, ਇਕ ਦੋ ਖੇਤ ਵਿਕਾ ਦੇ।
ਵੇ ਤੂੰ ਅੜਿਆ ਮੇਰੀ ਮੰਨ..........................।

ਗਭਰੂ

ਖੇਤਾਂ ਦੇ ਵਿਚ ਸੋਨਾ ਉੱਗਦਾ, ਕੋਠੀਆਂ ਤੋਂ ਕੀ ਲੈਣਾ।
ਖੇਤ ਜੇ ਵੇਚੇ ਰਾਸ਼ਨ ਦੇ ਬਿਨ, ਪੈ ਜਾਊ ਭੁੱਖਾ ਰਹਿਣਾ।
ਖੇਤ ਵੇਚਣ ਦੀ ਗਲ ਜਦ ਸੁਣਦਾਂ, ਕੰਬਦਾ ਏ ਲੂੰ ਲੂੰ।
ਨੀ ਦਸ ਕਰਨਾ ਕੀ ਏ, ਸ਼ਹਿਰੀਂ.....................।



ਮੁਟਿਆਰ

ਸ਼ਹਿਰਾਂ ਦੇ ਵਿੱਚ ਕੋਠੀਆਂ ਦੇ, ਵੇਖਣ ਨੂੰ ਅਜਬ ਨਜ਼ਾਰੇ।
ਚੌੜੀਆਂ ਸੜਕਾਂ ਅਤੇ ਦੁਕਾਨਾਂ, ਬਣੀਆਂ ਓਥੇ ਸਾਰੇ।
ਸ਼ਹਿਰੀ ਮਾਡਲ ਸਕੂਲਾਂ ਦੇ ਵਿੱਚ, ਬੱਚੇ ਪੜ੍ਹਨੇ ਪਾ ਦੇ।
ਵੇ ਤੂੰ ਅੜਿਆ ਮੇਰੀ ਮੰਨ..........................।

ਗਭਰੂ

ਮਾਡਲ ਅੱਜ ਸਕੂਲਾਂ ਵਿੱਚ, ਪਿੰਡਾਂ ਦੇ ਬੱਚੇ ਜਾਂਦੇ।
ਟਾਈਆਂ, ਸ਼ਾਈਆਂ ਲਾ ਕੇ ਹੁਣ ਤਾਂ, ਉਹ ਸ਼ੌਕੀਨ ਕਹਾਂਦੇ।
ਅੱਜ ਦੇ ਪਿੰਡ ਤਾਂ ਸ਼ਹਿਰ ਬਣੇ, ਕੀ ਕਰਨਾ ਸ਼ਹਿਰਾਂ ਨੂੰ।
ਨੀ ਦਸ ਕਰਨਾ ਕੀ ਏ ਸ਼ਹਿਰੀਂ....................।

ਮੁਟਿਆਰ

ਚੰਗਾ ਮਾਹੀਆ ਸੌ ਦੀ ਇੱਕੋ, ਗਲ ਹੈ ਖਰੀ ਵਿਚਾਰੀ।
ਲੋਕਾਂ ਦੀ ਇਹ ਰੀਸੋ ਰੀਸੀ, ਮੇਰੀ ਮੱਤ ਗਈ ਮਾਰੀ।

ਦੋਵੇਂ

ਹੁਣ ਆਪਾਂ ਨਹੀਂ ਸ਼ਹਿਰੀਂ ਜਾਣਾ, ਝਗੜਾ ਨਹੀਂ ਵਧਾਉਣਾ।
ਲਾਡਪੁਰੀ ਆਪਾਂ ਆਪਣਾ ਪਿੰਡ, ਹੋਰ ਵੀ ਸੁਰਗ ਬਨਾਉਣਾ।
ਢਾਹ ਕੇ ਕਮਰੇ ਪਿਛਲੇ, ਘਰ ਨੂੰ ਨਕਸ਼ੇ ਨਾਲ ਬਨਾਉਣਾ।

# ਮੀਡੀਆ ਵਾਲੇ

ਮੀਡੀਆ ਵਾਲੇ ਭਾਰਤ ਦਾ ਅੱਜ, ਮਾਣ ਕਹਾਉਂਦੇ ਨੇ।
ਲੁਕੇ ਚਿਰਾਂ ਦੇ ਭੇਤ ਇਹ ਟੀ.ਵੀ., ਤੇ ਦਿਖਲਾਉਂਦੇ ਨੇ।

..........................................................................................

ਮੀਡੀਆ ਦੀ ਆਜਾਦੀ ਭਾਰਤ ਦਾ, ਸਰਮਾਇਆ ਏ।
ਲੱਭੇ ਨਾਂਹ ਜੋ ਭੇਤ ਕਿਸੇ ਨੂੰ, ਏਸ ਕਢਾਇਆ ਏ।
ਗ਼ਰੀਬ ਲਿਤਾੜੇ, ਬੰਦਿਆਂ ਦੀ, ਹਾਲਤ ਦਰਸਾਉਂਦੇ ਨੇ।
ਮੀਡੀਆ ਵਾਲੇ ਭਾਰਤ ਦਾ..................।

ਮੁਜ਼ਰਮ ਕੋਈ ਨ ਬਚ ਸਕਦਾ, ਇਸ ਦੇ ਲਿਸ਼ਕਾਰੇ ਤੋਂ।
ਇਹ ਤਾਂ ਸੱਚ ਬੁਲਾ ਲੈਂਦੇ, ਵੱਡੇ ਹਤਿਆਰੇ ਤੋਂ।
ਲਾਟੀ ਖਾਂ ਦਾ ਸਾਲਾ, ਪਿੰਜਰੇ ਵਿੱਚ ਫਸਾਉਂਦੇ ਨੇ।
ਮੀਡੀਆ ਵਾਲੇ ਭਾਰਤ ਦਾ..................।

ਗੁਨਾਂਹਗਾਰ ਨੂੰ ਮਿੰਟਾ ਵਿੱਚ, ਕੰਮਾਂ ਤੋਂ ਜਾਣ ਲੈਂਦੇ।
ਖਰੀ ਖੋਟੀ ਨੀਯਤ ਦਾ ਲੇਖਾ, ਇਹ ਪਹਿਚਾਣ ਲੈਂਦੇ।
ਇੱਜ਼ਤ ਉਤੇ ਡਾਕਾ ਪੈਣੋਂ, ਇਹੀ ਬਚਾਉਂਦੇ ਨੇ।
ਮੀਡੀਆ ਵਾਲੇ ਭਾਰਤ ਦਾ..................।

ਕੀ ਅਤਿਵਾਦੀ ਕਰਦੇ, ਟੀ.ਵੀ. ਤੇ ਦਿਖਲਾਉਂਦੇ ਨੇ।
ਕਾਰਵਾਈ ਆਪਣੀ ਨੂੰ ਕਿੰਞ, ਅੰਜਾਮ ਪਹੁੰਚਾਉਂਦੇ ਨੇ।
ਜਾਨਾਂ ਨੂੰ ਖਤਰੇ ਵਿੱਚ ਪਾ ਕੇ, ਭੇਤ ਕਢਾਉਂਦੇ ਨੇ।
ਮੀਡੀਆ ਵਾਲੇ ਭਾਰਤ ਦਾ..................।

ਬਚਿਆ ਮੀਡੀਆ ਵਾਲਿਆਂ ਤੋਂ, ਕੋਈ ਇਨਸਾਨ ਨਹੀਂ।
ਲਾਡਪੁਰੀ ਬਚਣਾ ਇਸ ਤੋਂ ਤਾਂ, ਅੱਜ ਆਸਾਨ ਨਹੀਂ।
ਮੁਜਰਮ ਨੂੰ ਤਾਂ ਫੱਟ ਟੇਟੇ, ਸਰਕਾਰ ਕਰਾਉਂਦੇ ਨੇ।
ਮੀਡੀਆ ਵਾਲੇ ਭਾਰਤ ਦਾ..................।



# ਭਟਕਣ

ਇਹ ਮਨ ਤਾਂ ਸੰਤੋਖ ਨ ਕਰਦਾ।
ਲਾਲਚ ਦਿਨ ਦਿਨ ਜਾਵੇ ਵਧਦਾ।
ਇਹ ਤਾਂ ਕਦੀ ਤ੍ਰਿਪਤ ਨ ਹੋਵੇ,
ਲਾਲਚ ਦੇ ਬਦਲੇ ਇਹ ਲੜਦਾ।
ਕੱਠਾ ਕਰ ਲਏ ਲੱਖ ਕਰੋੜਾਂ,
ਪੈਸੇ ਪੈਸੇ ਪਿਛੇ ਮਰਦਾ।
ਲਾਲਚ ਦੀ ਕੋਈ ਹੱਦ ਨ ਦਿਸਦੀ,
ਅੰਤ ਏਸ ਦਾ ਕਿਸੇ ਨ ਪਾਇਆ।
ਜੀਵਨ ਇਸ ਦਾ ਲੰਘ ਚਲਿਆ ਏ,
ਫਿਰ ਵੀ ਕਰਦਾ ਮਾਇਆ ਮਾਇਆ।
ਕਿੰਞ ਇਹ ਮਨ ਪਸੀਜਿਆ ਜਾਵੇ,
ਕਿੰਞ ਇਸ ਨੂੰ ਸੰਤੋਖ ਇਹ ਆਊ?
ਲਾਲਚ ਵਿਚ ਭਟਕਣ ਲਾ ਬੈਠਾ,
ਭਟਕਣ ਇਸ ਦੀ ਕੌਣ ਹਟਾਊ?
ਜਿਉਂ ਜਿਉਂ ਇਸ ਦਾ ਲਾਲਚ ਵੱਧਦਾ,
ਮਨ ਦੀ ਭਟਕਣ ਵੱਧਦੀ ਜਾਵੇ।
ਇਸ ਭਟਕਣ ਨੂੰ ਪਾਉਣ ਦੀ ਖਾਤਿਰ,
ਪਰ ਹੱਕਾਂ ਤੇ ਡਾਕੇ ਲਾਵੇ।
ਲਾਡਪੁਰੀ ਸੰਤੋਖ ਸਬਰ ਕਰ,
ਜੇ ਭਟਕਣ ਦੇ ਤਾਈਂ ਮੁਕਾਉਣਾ।
ਭਟਕਣ ਦੀ ਇਹ ਰਟ ਹਟਾਕੇ,
ਜੀਵਨ ਦੀ ਮੰਜ਼ਿਲ ਨੂੰ ਪਾਉਣਾ।

# ਖੇੜਾ

ਬਹਾਰਾਂ ਆਉਂਦੀਆਂ ਜਦ, ਚਮਨ ਵਿੱਚ ਖੇੜਾ ਖਿੜਾ ਦਿੰਦੀਆਂ।
ਤੇ ਰੁੱਤ ਦੇ ਖੁਸ਼ਕ ਆਉਂਦੇ ਹੀ, ਇਹ ਪੱਤੇ ਵੀ ਸੁਕਾ ਦਿੰਦੀਆਂ।
ਕਲੀ ਉਦੋਂ ਹੀ ਮੁਸਕਾਉਂਦੀ, ਫਿਜ਼ਾ ਜਦ ਮੁਸਕਰਾਂਉਂਦੀ ਏ।
ਜਦੋਂ ਚੰਬਾ ਖਿੜੇ, ਰੁੱਤ ਜਾਪਦੀ ਬਹਾਰ ਆਉਂਦੀ ਏ।
ਇਹ ਰੁੱਤ ਜਦ ਛੇੜਦੀ ਇਸਨੂੰ, ਇਹਦੇ ਵਿੱਚ ਜਾਨ ਪਾ ਦਿੰਦੀ।
ਇਹ ਟੁੰਬਦੀ ਏ ਦਿਲਾਂ ਨੂੰ, ਰੀਝ ਸੁੱਤੀ ਇਹ ਜਗਾ ਦਿੰਦੀ।
ਖੇੜੇ ਦੀ ਕਰੂੰਬਲ, ਫੁੱਟਦੀ ਰੀਝਾਂ ਜਗਾਵਣ ਨੂੰ,
ਉਦੋਂ ਖੇੜੇ ਦਾ ਆਪਣੇ ਆਪ ਇਹ ਤਾਂ, ਮੀਂਹ ਵਰ੍ਹਾ ਦਿੰਦੀ।
ਇਹ ਜੀਵਨ ਵਧਣ ਲਈ, ਇਸ ਲਈ ਤਾਂ ਖੇੜਾ ਹੀ ਜ਼ਰੂਰੀ ਏ।
ਇਹਦੇ ਨਾਲ ਜਾਨ ਪੈਂਦੀ ਏ, ਸੱਧਰ ਹੁੰਦੀ ਇਹ ਪੂਰੀ ਏ।
ਜਿਹਦੇ ਮਨ ਵਿੱਚ ਫਿਜ਼ਾ ਖੇੜੇ ਦੀ, ਨਾਂਹ ਇਹ ਮੁਸਕਰਾਉਂਦੀ ਏ।
ਉਹਦੀ ਇਹ ਜਿੰਦਗੀ ਤਾਂ, ਏਸ ਤੋਂ ਬਿਨ ਹੀ ਅਧੂਰੀ ਏ।
ਜੇ ਜਿਊਣਾ ਜੱਗ ਤੇ ਕੁਝ ਦਿਨ, ਜੇ ਜੀਵਨ ਨੂੰ ਵਧਾਉਣਾ ਹੈ।
ਅਸਾਨੂੰ ਆਪਣੇ ਇਹ ਆਪ ਨੂੰ, ਸਦ ਹੀ ਹਸਾਉਣਾ ਹੈ।
ਜੀਵਨ ਜਾਚ ਏ ਖੇੜੇ 'ਚ, ਜਵੀਨ ਨੂੰ ਖਿੜਾਉਂਦਾ ਏ,
ਤੇ ਖੇੜੇ ਨੇ ਹੀ ਇਸਦਾ, ਰੰਗਲਾ ਜੀਵਨ ਬਨਾਉਣਾ ਹੈ।
ਹਾਸਾ ਹੱਸਿਉ ਨਾਂਹ ਇਹ ਕਦੀ ਵੀ, ਦਿਲ ਦੁਖਾਉਣੇ ਲਈ।
ਜੇ ਹੱਸਣਾ ਹੈ ਤਾਂ ਹੱਸਿਓ ਸਦਾ ਹੀ, ਦਿਲ ਨੂੰ ਰਿਝਾਉਣੇ ਲਈ।
ਕਿਸੇ ਨਾਲ ਮੁਸਕਰਾਉਣੇ ਲਈ, ਕਿਸੇ ਦਾ ਦਿਲ ਮਨਾਉਣੇ ਲਈ,
ਕਿਸੇ ਢੱਠੇ ਹੋਏ ਦੇ ਦਿੱਲ ਵਿੱਚ, ਖੇੜਾ ਲਿਆਉਣੇ ਲਈ।
ਆਓ ਸਾਰੇ ਅਸੀਂ ਮਿਲ ਕੇ, ਇਹ ਮਨ ਨੂੰ ਖਿੜਖਿੜਾ ਲਈਏ।
ਉਮਰ ਇਹ ਲਾਡਪੁਰੀ ਆਪਣੀ, ਅਸੀਂ ਲੰਮੀਂ ਵਧਾ ਲਈਏ।



# ਬਾਲ ਵਿਆਹ

ਖੇਡਣ ਦੇ ਦਿਨ ਚਾਰ ਬਾਬਲਾ, ਖੇਡਣ ਦੇ ਦਿਨ ਚਾਰ।
ਨਿੱਕੀ ਜਿਹੀ ਵਿਆਹ ਛੱਡੀ ਤਾਂ ਉੱਜੜ ਜਾਊ ਸੰਸਾਰ।
ਖੇਡਣ ਦੇ ਦਿਨ ਚਾਰ..............................।
..........................................................................................

ਨਿੱਕੇ ਜਿਹੇ ਵਿਆਹੁਣੇ ਇਹ, ਰਿਵਾਜ ਕਿਸ ਪਾਏ ਨੇ।
ਹੁਣੇ ਤਾਂ ਇਹ ਖੇਡਣੇ ਦੇ, ਚਾਰ ਦਿਨ ਆਏ ਨੇ।
ਭਾਰਤ ਦੀ ਆਉਂਦੀ ਮੈਂ ਭਵਿੱਖ ਦੀ ਉਸਾਰੀ।
ਅਜੇ ਪੜ੍ਹਨੇ ਤੇ ਖੇਡਣੇ ਦਾ ਭਾਰ।
ਖੇਡਣ ਦੇ ਦਿਨ ਚਾਰ.........................।
ਬਾਲੜੀ ਜਿਹੀ ਉਮਰ ਤੇ ਸੂਝ ਮੇਰੀ ਨਿੱਕੀ ਜਿਹੀ,
ਮੈਂ ਕੀ ਜਾਣਾ ਹੁੰਦਾ ਕੀ ਵਿਆਹ।
ਰੋਂਦੀ ਹੋਈ ਜਾਊਂ ਜਦੋਂ, ਹੋਣੀ ਏ ਵਿਦਾਈ ਤਦੋਂ,
ਦੇਣਾ ਮੈਂ ਤਾਂ ਸਭ ਨੂੰ ਰੁਆ।
ਸੁਹਰਾ ਘਰ ਅਜੇ ਨਾਂਹ ਸੁਹਾਵੇ ਨਿਕੀ ਬਾਲੜੀ ਨੂੰ,
ਅਜੇ ਕੁਝ ਸਕੇ ਨਾਂਹ ਸੁਆਰ।
ਖੇਡਣ ਦੇ ਦਿਨ ਚਾਰ..............................।
ਨਿੱਕੇ ਜਹੇ ਹੱਥ ਮੇਰੇ, ਨਿੱਕੀਆਂ ਕਲਾਈਆਂ।
ਅੰਗ ਮੇਰੇ ਨਾਜ਼ਕ ਇਹ, ਦਿੰਦੇ ਨੇ ਦੁਹਾਈਆਂ।
ਕਹਿੰਦੀ ਅੰਮੀ ਬਾਬਲਾ ਇਸ ਬਾਲੜੀ ਉਮਰ ਵਿੱਚ,
ਚੁਕਾਂਗੀ ਕਿਵੇਂ ਮੈਂ ਭਾਰ।
ਖੇਡਣ ਦੇ ਦਿਨ ਚਾਰ..............................।
ਧੀਆਂ ਹਰ ਖੇਤਰ 'ਚ ਮੱਲਾਂ ਅੱਜ ਮਾਰੀਆਂ।
ਅੰਬਰਾਂ ਤੇ ਖੋਜ ਲਈ, ਲਾਉਂਦੀਆਂ ਉਡਾਰੀਆਂ।
ਦੇਸ਼ ਨੂੰ ਚਲਾਵੇ ਅਤੇ ਦੇਸ਼ ਨੂੰ ਪੜ੍ਹਾਵੇ,
ਅੱਜ ਵੱਖਰਾ ਏ ਇਹਦਾ ਕਿਰਦਾਰ।
ਖੇਡਣ ਦੇ ਦਿਨ ਚਾਰ..............................
ਸਾਡੀ ਸਰਕਾਰ ਸਾਡਾ, ਮੀਡੀਆ ਕਹਾਂਉਂਦਾ ਏ।
ਕਰਦਾ ਕੁਤਾਹੀ ਕੋਈ, ਝੱਟ ਹੀ ਫੜਾਉਂਦਾ ਏ
ਜ਼ਿੰਦਗੀ ਨੂੰ ਰੋੜ੍ਹਿਓ ਨਾਂਹ, ਐਵੇਂ ਘਰੋਂ ਤੋਰਿਓ ਨਾਂਹ,
ਲਾਡਪੁਰੀ ਸਮਝੋ ਨਾਂਹ ਭਾਰ।
ਖੇਡਣ ਦੇ ਦਿਨ ਚਾਰ..............................।

# ਪੰਜਾਬੀ ਬੋਲੀ

ਚਾਚੀ, ਤਾਈ, ਮਾਸੀ, 'ਮਾਂ' ਨਹੀਂ ਬਣ ਸਕਦੀ, ਭਾਵੇਂ ਲੱਖ ਇਹ ਤੁਸੀਂ ਬਣਾ ਵੇਖੋ।
ਮਾਂ ਬੋਲੀ ਤਾਂ ਆਪਣੀ ਮਾਂ ਹੁੰਦੀ, ਲਾਡਪੁਰੀ ਸਾਂਝਾਂ ਲੱਖ ਪਾ ਵੇਖੋ।

................................................................................

ਚੰਗੀ ਇਹ ਪੰਜਾਬੀ ਲਗਦੀ ਵਿੱਚ ਆਪਣੇ ਪੰਜਾਬ।
ਭਾਵੇਂ ਲਹਿੰਦਾ ਚੜ੍ਹਦਾ ਹੋਵੇ ਭਾਵੇਂ ਬਿਸਤ ਦੁਆਬ।

................................................................................

ਰਿਸ਼ੀਆਂ, ਮੁਨੀਆਂ ਦੀ ਇਸ ਧਰਤੀ, ਚਾਰੇ ਵੇਦ ਬਣਾਏ।
ਭਾਈ ਗੁਰਦਾਸ, ਅੰਮ੍ਰਿਤਾ, ਮੋਹਨ ਏਸੇ ਮਾਂ ਦੇ ਜਾਏ।
ਅੱਜ ਗੁਆਂਢੀ ਦੇਸ਼ 'ਚ ਚਲ ਗਏ, ਜਿਹਲਮ ਅਤੇ ਚਨਾਬ।
ਚੰਗੀ ਇਹ ਪੰਜਾਬੀ ਲੱਗਦੀ......................।

ਦਸਾਂ ਗੁਰਾਂ ਦੀ ਥਾਪਨਾਂ ਇਸਨੂੰ, ਫਰੀਦ, ਭਗਤ-ਰਵਿਦਾਸ।
ਵਾਰਿਸ, ਪੀਲੂ, ਹਾਸ਼ਮ ਦਾ ਸੀ, ਰਿਸ਼ਤਾ ਨਹੁੰ ਤੇ ਮਾਸ।
ਸ਼ਾਹ ਮੁਹੰਮਦ, ਦਮੋਦਰ, ਕਾਦਰ, ਰਹਿਣ ਸਦਾ ਇਹ ਯਾਦ।
ਚੰਗੀ ਇਹ ਪੰਜਾਬੀ ਲੱਗਦੀ......................।

ਲਿਪੀ ਗੁਰਮੁਖੀ ਗੁਰੂਆਂ ਨੇ, ਦਿੱਤਾ ਇਸ ਨੂੰ ਸਨਮਾਨ।
ਅੱਜ ਪੰਜਾਬੀ ਬੋਲੀ ਦਾ ਹੜ੍ਹ, ਆਇਆ ਵਿੱਚ ਜਹਾਨ।
ਅੱਜ ਵਿਦੇਸ਼ੀ ਦੇਸ਼ਾਂ ਵਿੱਚ, ਚੱਲ ਪਈ ਏ ਬੇਹਿਸਾਬ।
ਚੰਗੀ ਇਹ ਪੰਜਾਬੀ ਲੱਗਦੀ......................।

ਅੰਗਰੇਜ਼ੀ ਦੀ ਥਾਂ ਤੇ ਕਰੋ,ਪੰਜਾਬੀ ਵਿੱਚ ਵਿਚਾਰ।
ਪੰਜਾਬੀ ਹੀ ਬੋਲੋ ਲਿਖੋ, ਕਿਹਾ ਸਾਡੀ ਸਰਕਾਰ।
ਊੜੇ ਤੋਂ ੜਾੜੇ ਤੱਕ ਪੈਂਤੀ, ਅੱਖਰ ਕਰ ਲੌ ਯਾਦ।
ਚੰਗੀ ਇਹ ਬੰਜਾਬੀ ਲਗਦੀ......................

ਆਪਣਾ ਰਿਸ਼ਤਾ ਇਸ ਪੰਜਾਬੀ, ਬੋਲੀ ਤੋਂ ਨਾਂਹ ਤੋੜੋ।
ਆਪਣੀ ਮਾਂ ਨੂੰ ਛੱਡ ਕੇ ਭੁੱਲ ਨਾਂਹ, ਕਿਸੇ ਹੋਰ ਨਾਲ ਜੋੜੋ।
ਪੜ੍ਹਨੀ ਸੌਖੀ ਹੁੰਦੀ ਆਪਣੀ, ਬੋਲੀ ਵਿੱਚ ਕਿਤਾਬ।
ਚੰਗੀ ਇਹ ਪੰਜਾਬੀ ਲੱਗਦੀ......................।

ਹੋਰ ਬੋਲੀਆਂ ਬੋਲ ਨਾਂਹ ਆਪਣਾ, ਸਭਿਆਚਾਰ ਗੁਆਉ।
ਪੰਜਾਬੀ ਨੂੰ ਉੱਨਤ ਕਰਨਾ, ਸਾਰੇ ਯਤਨ ਕਰਾਉ।
ਲਾਡਪੁਰੀ ਸੌਖੀ ਮਾਂ -ਬੋਲੀ, ਵਿੱਚ ਕਰਨੀ ਫਰਿਆਦ।
ਚੰਗੀ ਇਹ ਪੰਜਾਬੀ ਲੱਗਦੀ......................।



# ਪੋਲਿਊਸ਼ਨ

ਧਰਤੀ ਮਾਂ ਦੀ ਪੁਕਾਰ

................................................................................

ਮੈਂ ਧਰਤੀ ਪੁੱਤਰਾ ਕੁਰਲਾਵਾਂ, ਸਮਝਾਂ ਨਾਲ ਤੂੰ ਜੀਅ।
ਪੌਲਿਊਸ਼ਨ ਨੇ ਮੇਰੀ ਹਿੱਕ ਤੇ ਕਰ ਦਿੱਤਾ ਅੱਜ ਕੀ ?

................................................................................

ਮੇਰੀ ਹਿੱਕੜੀ ਤੇ ਤੱਕ ਗੰਦ ਦੇ ਢੇਰ ਲੱਭਣ ਅੱਜ ਸਾਰੇ।
ਪੱਸਰ ਚੱਲੇ ਧੂੰਏਂ ਦੇ ਬੱਦਲ ਅੱਜ ਕੂੰਟਾਂ ਚਾਰੇ।
ਪਾਣੀ ਵਿੱਚ ਅੱਜ ਜ਼ਹਿਰ ਘੁਲ ਗਿਆ ਕਿਥੋਂ ਘੁੱਟ ਲਾਂ ਪੀ।
ਪੌਲਿਊਸ਼ਨ ਨੇ ਮੇਰੀ ਹਿੱਕ ਤੇ.............................।

ਜੰਗਲਾਂ ਨੂੰ ਅੱਗਾਂ ਲਾਈ ਜਾਂਦੇ, ਵੱਢ-ਵੱਢ ਨਿੱਤ ਮਕਾਉਂਦੇ।
ਜ਼ਹਿਰ ਮੇਰੇ ਦਿੱਲ ਅੰਦਰੀਂ ਦੇ, ਕਿੰਝ ਸੁਖ ਦੀ ਨੀਂਦੇ ਸੌਂਦੇ।
ਸਾਹ ਜਿਹੜਾ ਥੋੜ੍ਹਾ ਸੀ ਆਉਂਦਾ, ਸੁੱਕ ਜਾਣਾ ਉਹ ਵੀ।
ਪੌਲਿਊਸ਼ਨ ਨੇ ਮੇਰੀ ਹਿੱਕ ਤੇ.............................।

ਧੂੰਏਂ, ਜ਼ਹਿਰ ਦੇ ਬੱਦਲ ਕਾਲੇ, ਤੂੰ ਅਸਮਾਨੀ ਚਾੜ੍ਹੇ।
ਉਸ ਓ ਜ਼ੋਨ ਦੀ ਪਰਤ ਵਿੱਚ, ਤਾਂ ਛੇਕ ਨੇ ਕੀਤੇ ਭਾਰੇ।
ਇੱਕ ਦਿਨ ਮੇਰੀ ਹਿੱਕ ਤੇ ਪੁੱਤਰੋ, ਕਰਨਾ ਏਂ ਸੀ ਸੀ।
ਪੌਲਿਊਸ਼ਨ ਨੇ ਮੇਰੀ ਹਿੱਕ ਤੇ.............................।

ਗੱਡੀਆਂ ਦਾ ਧੂੰਆਂ ਏਧਰ,ਔਹ ਖੇਤੀਂ ਅੱਗਾਂ ਲਾਵੇਂ।
ਮੇਰੀ ਹਿੱਕ ਤੇ ਬਹਿ ਕੇ ਮੇਰਾ, ਸਤਿਆ ਨਾਸ਼ ਕਰਾਵੇ।
ਨਦੀ ਜਿਸ ਨੂੰ ਗੰਧਲੀ ਕਰਦੈਂ, ਇਹ ਤਾਂ ਮੇਰੀ ਧੀ।
ਪੌਲਿਊਸ਼ਨ ਨੇ ਮੇਰੀ ਹਿੱਕ ਤੇ.............................।

ਮੇਰੀ ਹਿੱਕ ਨਿੱਤ ਪਾੜੇਂ, ਤੂੰ ਬਾਰੂਦਾਂ ਨਾਲ ਉਡਾਵੇਂ।
ਮੇਰਾ ਖਾਵੇਂ, ਮੇਰਾ ਪੀਵੇਂ, ਮੈਨੂੰ ਮਾਰ ਮੁਕਾਵੇਂ।
ਮੁੱਕਣਾ ਸਭ, ਮਾਂ ਤੇਰੀ, ਹਾੜੇ ਕੱਢਦੀ ਮਰ ਜਾਊਗੀ।
ਪੌਲਿਊਸ਼ਨ ਨੇ ਮੇਰੀ ਹਿੱਕ ਤੇ.............................।

ਅੱਜ ਮੇਰੀ ਹਿੱਕੜੀ ਨੇ ਸੜ ਕੇ, ਅੰਬਰੀਂ ਅੱਗਾਂ ਲਾਈਆਂ।
ਇਸਦੇ ਸੇਕ ਨੇ ਤੱਕ ਕਿਵੇਂ, ਔਹ ਬਰਫਾਂ ਵੀ ਪਿਘਲਾਈਆਂ।
ਰੋਕੋ ਪੌਲਿਊਸ਼ਨ ਨੂੰ, ਹਾੜੇ ਕਰਦਾ 'ਲਾਡਪੁਰੀ'।
ਪੌਲਿਊਸ਼ਨ ਨੇ ਮੇਰੀ ਹਿੱਕ ਤੇ.............................।

# ਅਮਨਾਂ ਨਾਲ ਬਹਾਰਾਂ

ਸੱਧਰਾਂ ਦਾ ਨਿੱਤ ਖੂਨ ਕਰਨ ਇਹ ਖੜਕਦੀਆਂ ਤਲਵਾਰਾਂ।
ਸਦਾ ਹੀ ਆਉਂਦੀਆਂ ਨੇ ਅਮਨਾਂ ਨਾਲ ਬਹਾਰਾਂ।

.............................................................................................

ਨਿੱਤ ਦੀ ਖਹਿ-ਬਾਜ਼ੀ ਨੇ ਇੱਕ ਦਿਨ, ਨਵਾਂ ਪੁਆੜਾ ਪਾਉਣਾ।
ਇਸ ਖਹਿ-ਬਾਜ਼ੀ ਨੇ ਤਾਂ ਕਈਆਂ, ਦਾ ਹੀ ਘਾਣ ਕਰਾਉਣਾ।
ਅਮਨਾਂ ਨਾਲ ਤਰੱਕੀ ਹੁੰਦੀ, ਖਿੜ ਜਾਵਣ ਗੁਲਜ਼ਾਰਾਂ।
ਸਦਾ ਹੀ ਆਉਂਦੀਆਂ ਨੇ .................................।

ਖਹਿਬਾਜੀ ਵਾਲਾ ਤਾਂ ਇੱਕ ਦਿਨ, ਨਵਾਂ ਪਾਊਗਾ ਪੰਗਾ।
ਸਦਾ ਉਹ ਗੰਦ ਦੇ ਛਿੱਟੇ ਮਾਰੂ ਜੋ ਲੱਭਦਾ ਏ ਗੰਦਾ।
ਜਿਸ ਦੇ ਨਾਲ ਇਸ਼ਾਰੇ ਚਲਦਾ, ਉਹਦੀਆਂ ਨੇ ਪੌਂ ਬਾਰਾਂ।
ਸਦਾ ਹੀ ਆਉਂਦੀਆਂ ਨੇ .................................।

ਜਨਤਾ ਦੀ ਖੁਸ਼ਹਾਲੀ ਦੀ, ਉਹ ਸੋਚ ਕਦੀ ਨਹੀਂ ਸਕਦਾ।
ਆਪਣੀ ਕੱਢੀ ਖਾਈ ਦੇ ਵਿੱਚ, ਆਪੇ ਇਕ ਦਿਨ ਫਸਦਾ।
ਚੁੱਕਦਾ ਜੋ ਉਸ ਨੇ ਵੇਲੇ ਤੇ, ਹੋਣਾ ਨੌਂ ਦੋ ਗਿਆਰਾਂ।
ਸਦਾ ਹੀ ਆਉਂਦੀਆਂ ਨੇ .................................।

ਲੋਕ ਜਿਨ੍ਹਾਂ ਨੇ ਜੱਗ ਦੇ ਉੱਤੇ, ਅਮਨਾਂ ਦੀ ਰਟ ਲਾਈ।
ਖਹਿਬਾਜ਼ੀ ਵਾਲੇ ਦੇ ਪਿੱਛੇ, ਕਾਹਨੂੰ ਹੋਣ ਸੁਦਾਈ।
ਰੇਤੇ ਉਤੇ ਬਣਨ ਵਾਲੀਆਂ, ਢਹਿਣ ਸਦਾ ਦੀਵਾਰਾਂ।
ਸਦਾ ਹੀ ਆਉਂਦੀਆਂ ਨੇ .................................।

ਲੋਕੋ ਦੋਖੀ ਪਿੱਛੇ ਲੱਗ, ਨਾਂਹ ਜੱਗ ਦਾ ਚੈਨ ਚੁਰਾਵੋ।
ਖਹਿਬਾਜੀ ਨੂੰ ਰੋਕੋ, ਨਾਂਹ ਅਮਨਾਂ ਨੂੰ ਤੀਲੀ ਲਾਵੋ।
'ਲਾਡਪੁਰੀ' ਜੱਗ ਦੀ ਖੁਸ਼ਹਾਲੀ, ਲੁਕੀ ਏ ਵਿੱਚ ਪਿਆਰਾਂ।
ਸਦਾ ਹੀ ਆਉਂਦੀਆਂ ਨੇ .................................।



# ਪਾਣੀ

ਪਾਣੀ ਨੀਵਾਂ ਹੁੰਦਾ ਜਾਂਦਾ, ਧਰਤ ਹੋਈ ਕਮਜ਼ੋਰ।
ਬਦਲ ਰਿਹਾ ਮੌਸਮ ਦਾ ਰੰਗ, ਪਾਣੀ ਦੀ ਪੈ ਗਈ ਥੋੜ।

.............................................................................................

ਬੋਰ ਇਹ ਨਿੱਤ-ਨਿੱਤ ਵਧਦੇ ਜਾਂਦੇ, ਅੰਦਰੋਂ ਸ਼ੂਟੇ ਲਾਂਦੇ।
ਚੂਸ-ਚੂਸ ਧਰਤੀ ਦਾ ਪਾਣੀ, ਕਿੰਵ ਇਹ ਜਾਣ ਮੁਕਾਂਦੇ।
ਪਾਣੀ ਦੀ ਕਿੱਲਤ ਇਹ ਤਾਂਹੀਉਂ, ਵਧਦੀ ਜਾਂਦੀ ਹੋਰ।
ਬਦਲ ਰਿਹਾ ਮੌਸਮ ਦਾ ਰੰਗ...........................।

ਲੋੜ ਤੋਂ ਵੱਧ ਨਾਂਹ ਪਾਣੀ ਵਰਤੋ, ਇਹ ਇੱਕ ਦਿਨ ਮੁੱਕ ਜਾਣਾ।
ਹਰੀ ਭਰੀ ਇਸ ਧਰਤੀ ਤੇ, ਇੱਕ ਦਿਨ ਸਭ ਕੁਝ ਸੁੱਕ ਜਾਣਾ।
ਪੀਣ ਲਈ ਵੀ ਲੱਭਣਾ ਨਹੀਂ, ਦੇਣਾ ਸਭ ਨੂੰ ਝੰਜੋੜ।
ਬਦਲ ਰਿਹਾ ਮੌਸਮ ਦਾ ਰੰਗ...........................।

ਅੰਬਾਂ ਉੱਤੇ ਬੂਰ ਵੀ ਸੁਕਿਆ, ਪੱਤੇ ਹੋ ਗਏ ਪੀਲੇ।
ਧਰਤੀ ਉਤੇ ਬੂਟੇ ਅੱਜ, ਸੁੱਕ ਕੇ ਬਣ ਚੱਲੇ ਤੀਲੇ।
ਇਹ ਤਾਂ ਅੱਜ ਗੰਭੀਰ ਮਾਮਲਾ, ਬਣਦਾ ਜਾਂਦਾ ਘੋਰ।
ਬਦਲ ਰਿਹਾ ਮੌਸਮ ਦਾ ਰੰਗ...........................।

ਇਸ ਧਰਤੀ ਤੇ ਪਾਣੀ ਤੋਂ ਬਿਨ, ਹੋਣਾ ਨਹੀਂ ਗੁਜ਼ਾਰਾ।
ਸਾਰੇ ਜੱਗ ਦੇ ਉੱਤੇ ਅੱਜ, ਇਹ ਮਸਲਾ ਬਣ ਗਿਆ ਭਾਰਾ।
ਵਰਤ ਸਾਂਭ ਕੇ 'ਲਾਡਪੁਰੀ' ਝੁੱਗਾ ਹੋ ਜਾਣਾ ਚੌੜ।
ਬਦਲ ਰਿਹਾ ਮੌਸਮ ਦਾ ਰੰਗ...........................।

# ਬੱਚੇ

ਇਹ ਬੱਚਿਆਂ ਕਲ੍ਹ ਭਾਰਤ ਦੀ ਤਕਦੀਰ ਲਿਖਾਉਣੀ ਐਂ।
ਵੰਗਾਰਾਂ ਨੂੰ ਰੋਕਣ ਲਈ ਤਦਵੀਰ ਬਨਾਉਣੀ ਐਂ।

.................................................................................................

ਇਨ੍ਹਾਂ ਮਾਸੂਮਾਂ ਆਉਂਦਾ, ਭਾਰਤ ਵਰਸ਼ ਬਨਾਉਣਾ ਏਂ।
ਪੁੰਗਰੀਆਂ ਵੰਗਾਰਾਂ ਨੂੰ ਤਾਂ, ਇਨ੍ਹਾਂ ਹਟਾਉਣਾ ਏਂ।
ਭਾਰਤ ਦੀ ਤਾਂ ਆਉਂਦੀ ਪੀੜ੍ਹੀ, ਇਹੀ ਕਹਾਉਣੀ ਐਂ।
ਵੰਗਾਰਾਂ ਨੂੰ ਰੋਕਣ ਲਈ.....................।

ਇਸ ਫੁੱਲਾਂ ਦੇ ਭਰੇ ਚਮਨ ਨੂੰ, ਰਾਹ ਦਿਖਲਾ ਦੇਣਾ।
ਸਮਝਾਂ ਕੋਰੀਆਂ ਉਤੇ ਭੁੱਲ ਕੇ, ਦਾਗ਼ ਨਾਂਹ ਲਾ ਦੇਣਾ।
ਗੰਢ ਫਰਜ਼ਾਂ ਦੀ ਆਉਂਦੇ ਸਮੇਂ 'ਚ, ਏਸ ਉਠਾਉਣੀ ਐਂ।
ਵੰਗਾਰਾਂ ਨੂੰ ਰੋਕਣ ਲਈ.....................।

ਲਕਸ਼ਮੀ ਬਾਈ, ਭਾਗੋ ਦੀ, ਉਹ ਰੀਝ ਜਗਾ ਦੇਣੀ।
ਮਨ ਵਿੱਚ ਰਾਣੀ ਝਾਂਸੀ ਦੀ, ਤਸਵੀਰ ਬਣਾ ਦੇਣੀ।
ਸਾਹਿਬਜ਼ਾਦਿਆਂ ਦੀ ਕੁਰਬਾਨੀ, ਯਾਦ ਕਰਾਉਣੀ ਐਂ।
ਵੰਗਾਰਾਂ ਨੂੰ ਰੋਕਣ ਲਈ.....................।

ਸ਼ਹੀਦ ਭਗਤ ਸਿੰਘ, ਸਰਾਭੇ ਦਾ, ਉਹ ਪਾਠ ਪੜ੍ਹਾ ਦੇਣਾ।
ਦਸਮ ਪਿਤਾ ਦੀ ਕੁਰਬਾਨੀ ਨੂੰ, ਯਾਦ ਕਰਾ ਦੇਣਾ।
ਸੇਵਾ ਭਾਵ ਤੇ ਕੁਰਬਾਨੀ ਦੀ, ਰਟ ਲਗਾਉਣੀ ਐਂ।
ਵੰਗਾਰਾਂ ਨੂੰ ਰੋਕਣ ਲਈ.....................।

ਸੁੱਘੜ ਸੋਚਾਂ ਪਾ ਇਸਦਾ, ਆਧਾਰ ਬਣਾ ਦੇਣਾ।
ਐਬਾਂ ਦੀ ਭੈੜੀ ਵਾਦੀ ਨੂੰ, ਦੂਰ ਭਜਾ ਦੇਣਾ।
ਦੇਸ਼-ਪਿਆਰਾਂ ਦੀ ਇਸਦੇ ਵਿੱਚ, ਰੀਝ ਜਗਾਉਣੀ ਐਂ।
ਵੰਗਾਰਾਂ ਨੂੰ ਰੋਕਣ ਲਈ.....................।

ਆਓ ਭਾਰਤ ਦੇ ਬੱਚੇ ਸਭ, ਚੁਸਤ ਬਣਾ ਦਈਏ।
ਵਧਦੇ ਜੋ ਅੱਜ ਜਾਂਦੇ, ਸਾਰੇ ਐਬ ਗੁਆ ਦਈਏ।
ਲਾਡਪੁਰੀ ਪੁੰਗਰਦੀ ਪੀੜ੍ਹੀ, ਤੁਸੀਂ ਬਚਾਉਣੀ ਐਂ।
ਵੰਗਾਰਾਂ ਨੂੰ ਰੋਕਣ ਲਈ.....................।



# ਸਿਖਿਆ

ਮਿੱਠੀ ਰੁੱਖਾਂ ਦੀ ਬੜੀ ਏ ਛਾਂ ਲਗਦੀ, ਢਲਦੇ ਨਾਲ ਪਰਛਾਵੇਂ ਇਹ ਢਲ ਜਾਵੇ।
ਧੀਆਂ ਧੰਨ ਬੇਗਾਨਾ ਨਾਂਹ ਸਦਾ ਰਹਿੰਦਾ, ਸਮਾਂ ਆਉਣ ਉਤੇ ਇਹ ਤਾਂ ਚਲ ਜਾਵੇ।

.................................................................................................

ਲਾਡ ਲਡਾ ਧੀ ਪਾਲੀ, ਅਜ ਉਹ ਬਣਿਆ ਧੰਨ ਬੇਗ਼ਾਨਾ।
ਵਿਹੜਾ ਬਾਬਲ ਦਾ, ਅਜ ਸੁੰਞਾ ਕਰਕੇ ਜਾਣਾ।

.................................................................................................

ਜਿਸ ਘਰ ਦੀ ਕੁੰਜੀਆਂ ਦੀ ਮਾਲਕ ਬਣੀ ਰਹੀ ਤੂੰ ਰਾਣੀ।
ਖ਼ੂਨ ਪਸੀਨਾ ਇਕ ਤੂੰ ਕੀਤਾ, ਬਿਨਾਂ ਪੀਣ ਤੋਂ ਪਾਣੀ।
ਓਸੇ ਘਰ ਨੂੰ ਛੱਡ ਕੇ ਟੁਰ ਪਈ, ਮੰਨ ਕੇ ਰੱਬ ਦਾ ਭਾਣਾ।
ਵਿਹੜਾ ਬਾਬਲ ਦਾ.................।

ਜਿਨ੍ਹਾਂ ਸਹੇਲੀਆਂ ਨਾਲ ਤੂੰ ਖੇਡੀ ਗੁੱਡੀਆਂ ਅਤੇ ਪਟੋਲੇ।
ਉਹ ਅੰਮੜੀ ਜਿਸ ਨਾਲ ਤੂੰ ਅੱਜ ਤਕ ਦੁੱਖ ਸੁੱਖ ਸਾਰੇ ਫੋਲੇ।
ਉਨ੍ਹਾਂ ਨਾਲ ਤਾਂ ਨਾਤਾ ਤੇਰਾ, ਬਣਿਆ ਅੱਜ ਪੁਰਾਣਾ।
ਵਿਹੜਾ ਬਾਬਲ ਦਾ.................।

ਸਤਿਗੁਰ ਨਾਨਕ ਦੀ ਇਸ ਗੱਲ ਤੇ, ਮੁੜ ਮੁੜ ਝਾਤੀ ਪਾਵੀਂ।
ਨਿਉਂ ਕੇ ਮਿੱਠੇ ਸ਼ਬਦ ਉਚਾਰੀਂ, ਸਹਿਨ-ਸ਼ੀਲ ਬਣ ਜਾਵੀਂ।
ਬਾਬਲ ਦੀ ਪੱਗ ਤਾਈਂ ਭੁੱਲ ਕੇ ਦਾਗ਼ ਕਦੇ ਨਾਂਹ ਲਾਣਾ।
ਵਿਹੜਾ ਬਾਬਲ ਦਾ.................।

ਸਹੁਰਾ ਘਰ ਹੁਣ ਤੇਰਾ ਅੱਜ ਤੋਂ, ਪੇਕਾ ਘਰ ਪਰਾਹੁਣਾ।
ਲਾਡਪੁਰੀ ਭੁੱਲ ਪੇਕੇ ਘਰ ਦਾ, ਮਾਣ ਨਾਂਹ ਮੁੜ ਦੁਹਰਾਉਣਾ।
ਪ੍ਰੀਤਾਂ ਵਾਲਾ ਤਾਣਾ ਤਣ ਕੇ, ਜੀਵਨ ਇੰਝ ਲੰਘਾਣਾ।
ਵਿਹੜਾ ਬਾਬਲ ਦਾ.................।

# ਮਹਿੰਗਾਈ

ਮਹਿੰਗਾਈ ਦਿਨ ਰਾਤ ਵਧ ਰਹੀ, ਦਸ਼ਾ ਹੋਈ ਕਮਜ਼ੋਰ।
ਔਖਾ ਹੋਇਆ ਗਰੀਬ ਦਾ ਜੀਣਾ, ਏਥੇ ਅੱਜ ਵੀ ਹੋਰ।

.....................................................................................................

ਮਹਿੰਗਾਈ ਇਹ ਵਧਦੀ ਜਾਵੇ, ਮਾਰ ਛੜੱਪੇ ਜਾਂਦੀ।
ਅੱਜ ਗ਼ਰੀਬ ਦੀ ਪਤਲੀ ਹਾਲਤ, ਧੰਨਵਾਨਾਂ ਦੀ ਚਾਂਦੀ।
ਹਰ ਪਾਸੇ ਮਹਿੰਗਾਈ ਵਿੱਚ, ਚੋਰਾਂ ਨੂੰ ਪੈਂਦੇ ਮੋਰ।
ਔਖਾ ਹੋਇਆ ਗ਼ਰੀਬ ਦਾ ਜੀਣਾ..................।

ਪੈਸੇ ਦਾ ਅੱਜ ਪੈਸਾ ਵੱਟਦੇ, ਅੱਜ ਦੇ ਇਹ ਧੰਨਵਾਨ।
ਮਹਿੰਗਾਈ ਦੀ ਚੱਕੀ ਪਿਸਦਾ, ਸਾਧਾਰਨ ਇਨਸਾਨ।
ਇਸ ਗਰੀਬ ਇਨਸਾਨ ਦਾ ਝੁੱਗਾ ਹੋ ਜਾਂਦਾ ਏ ਚੌੜ।
ਔਖਾ ਹੋਇਆ ਗ਼ਰੀਬ ਦਾ ਜੀਣਾ..................।

ਅੱਜ ਵਪਾਰੀ ਰੱਖ ਲੈਂਦੇ, ਇਹ ਮਾਲ ਨੇ ਵਿੱਚ ਤਹਿ ਖਾਨੇ।
ਚਾਰ ਗੁਣਾਂ ਜਿਨਸਾਂ ਦਾ ਮੁੱਲ, ਵੱਟ ਲੈਂਦੇ ਏਸੇ ਬਹਾਨੇ।
ਰਾਤੋ ਰਾਤ ਅਮੀਰ ਨੇ ਬਣਦੇ, ਇਹ ਜੋ ਅੱਜ ਦੇ ਚੋਰ।
ਔਖਾ ਹੋਇਆ ਗ਼ਰੀਬ ਦਾ ਜੀਣਾ..................।

ਜਮਾਂਹ ਖੋਰੋ ਧੰਨ ਕੱਠਾ ਕਰ ਇੰਜ, ਜਨਤਾ ਨਾਂਹ ਤੜਪਾਵੋ।
ਆਪਣੇ ਦੇਸ਼ ਨੂੰ ਆਪਣੇ ਹੱਥੀਂ, ਨ ਕਮਜ਼ੋਰ ਬਣਾਵੋ।
ਲਾਡਪੁਰੀ ਹਰ ਇਕ ਦੀ ਲੋੜ ਨੂੰ, ਸਮਝੋ ਆਪਣੀ ਲੋੜ।
ਔਖਾ ਹੋਇਆ ਗ਼ਰੀਬ ਦਾ ਜੀਣਾ..................।



# ਏਕੇ ਦੀ ਪੁਕਾਰ

ਕਿਵੇਂ ਅਸੀ ਹਾਂ ਭੁੱਲ ਸਕਦੇ ਸਾਕਾ ਸੰਤਾਲੀ ਦਾ।
ਵਸਦਾ ਚਮਨ ਸੀ ਉੱਜੜ ਗਿਆ ਚਮਨਾਂ ਦੇ ਮਾਲੀ ਦਾ।

.....................................................................................................

ਧਰਮ ਤੇ ਮਜ਼੍ਹਬਾਂ ਦੇ ਨਾਂ ਤੇ, ਹੱਦਵੰਦੀਆਂ ਪੈ ਗਈਆਂ।
ਸੱਧਰਾਂ ਲੁੱਟੀਆਂ, ਏਕੇ ਦੀਆਂ, ਦੀਵਾਰਾਂ ਢਹਿ ਗਈਆਂ।
ਉੱਜੜ ਗਏ ਘਰ ਬਾਹਰ ਤੇ ਸਭ ਦਾ, ਸੁੱਕਿਆ ਸੀ ਤਦ ਸਾਹ।
ਵਸਦਾ ਚਮਨ ਸੀ.........................।

ਭਰੇ ਭਰਾਏ ਘਰ ਤਾਂ ਛੱਡ ਕੇ, ਜਾਣਾ ਪੈ ਗਿਆ ਸੀ।
ਭੁੱਖਣ ਭਾਣੇ ਜੀਵਨ ਨੂੰ, ਹੰਢਾਣਾ ਪੈ ਗਿਆ ਸੀ।
ਮਨਸੂਬਾ ਸੀ ਪੂਰਾ ਹੋਇਆ, ਗਰਮ ਖਿਆਲੀ ਦਾ।
ਵਸਦਾ ਚਮਨ ਸੀ.........................।

ਭਾਈ ਭਾਈ ਇਕ ਦੂਜੇ ਨੂੰ, ਤਦ ਸੀ ਮਾਰ ਰਹੇ।
ਅੱਗਾਂ ਲਾ ਕੇ ਇਕ ਦੂਜੇ ਦੇ, ਘਰ ਸੀ ਸਾੜ ਰਹੇ।
ਇੱਜ਼ਤਾਂ ਉੱਤੇ ਡਾਕੇ ਪੈ ਗਏ, ਬੰਦ ਹੋਏ ਸਭ ਰਾਹ।
ਵਸਦਾ ਚਮਨ ਸੀ.........................।

ਦਹਿਸ਼ਤ-ਗ਼ਰਦੀ ਲੁੱਟਾਂ ਖੋਹਾਂ, ਬਣ ਕੇ ਰਹਿ ਗਈਆਂ।
ਵਗੀਆਂ ਗਰਮ ਹਵਾਵਾਂ, ਖੂਨੀ ਨਦੀਆਂ ਵਹਿ ਗਈਆਂ।
ਜ਼ੁਲਮਾਂ ਦੀ ਨ੍ਹੇਰੀ ਤੋਂ, ਨਹੀਂ ਸੀ ਸਕਿਆ ਕੋਈ ਬਚਾ।
ਵਸਦਾ ਚਮਨ ਸੀ.........................।

ਖੂੰਨੀ ਤਲਵਾਰਾਂ ਨੇ ਦਿੱਤੇ, ਰੱਤ ਦੇ ਰੇੜ੍ਹ ਵਗਾ।
ਅੱਗਾਂ ਲੱਗੀਆਂ ਥਾਂ ਥਾਂ ਤੇ, ਕੀਤਾ ਸੀ ਸਭ ਸੁਆਹ।
ਗੁੰਡਾ ਗਰਦੀ ਹਰ ਪਾਸੇ ਹੀ, ਰਹੀ ਸੀ ਨਾਚ ਨਚਾ।
ਵਸਦਾ ਚਮਨ ਸੀ.........................।

ਯਾਦ ਕਰੋ ਸੰਤਾਲੀ, ਮੁੜ ਸੰਤਾਪ ਹੰਢਾਇਓ ਨਾਂਹ।
ਏਸ ਚਮਨ ਦੀਆਂ ਭੁੱਲ ਵੀ ਮੁੜਕੇ, ਵੰਡੀਆਂ ਪਾਇਓ ਨਾਂਹ।
ਲਾਡਪੁਰੀ ਹਰ ਵਾਸੀ ਨੂੰ, ਏਕੇ ਦਾ ਪਾਠ ਪੜ੍ਹਾ।
ਵਸਦਾ ਚਮਨ ਸੀ.........................।

# ਓਬਾਮਾ (ਕਿਸਮਤ ਦਾ ਘਾੜ੍ਹਾ)

ਇਕ ਛੋਟੇ ਜਹੇ ਘਰ ਦਾ ਮੁੰਡਾ, ਮਨ ਵਿੱਚ ਕੋਈ ਰੀਝ ਜਗਾ ਬੈਠਾ।
ਕੁਝ ਬਣਨ ਲਈ ਕੁਝ ਕਰਨ ਲਈ, ਮਨ ਵਿੱਚ ਉਹ ਤਾਂਘਾਂ ਲਾ ਬੈਠਾ।
ਨਾਂਹ ਪਿਤਾ ਸੀ ਸਿਰ ਉਤੇ ਓਹਦੇ, ਮਾਂ ਦੇ ਨਿੱਘ ਤੋਂ ਵੀ ਵਾਂਝਾ ਸੀ।
ਪਰ ਸਿਦਕ ਉਸਦਾ ਲਗਦਾ ਸੀ, ਜਿਉਂ ਜਾਪੇ ਉਹ ਕੋਈ ਰਾਂਝਾ ਸੀ।
ਇੱਕ ਸੁਪਨਾ ਮਨ ਉਸ ਧਾਰ ਲਿਆ, ਇਕ ਟੇਕ ਓਸ ਨੇ ਪਾ ਲਈ ਤਦ।
ਸੁਪਨਾ ਪੂਰਾ ਕਰਨੇ ਦੇ ਲਈ, ਮਨ ਵਿੱਚ ਉਸ ਚਿਣਗ ਲਗਾ ਲਈ ਤਦ।
ਮਨ ਵਿੱਚ ਉਸ ਰੀਝ ਬਣਾ ਲਈ ਇੱਕ, ਸੇਵਾ ਕਰਨੀ ਇਨਸਾਨਾਂ ਦੀ।
ਇਕ ਢਾਣੀ ਉਸ ਪੈਦਾ ਕੀਤੀ ,ਇਹ ਕਿਰਤੀ ਤੇ ਕਿਰਸਾਨਾਂ ਦੀ।
ਲੱਕ ਬੰਨ੍ਹ ਕੇ ਮਿਹਨਤ ਉਸ ਕੀਤੀ, ਪੈਂਡਾ ਉਸ ਲੰਮਾ ਮਾਰ ਲਿਆ।
ਹਰ ਔਕੜ ਆਂਉਂਦੀ ਰਾਹ ਵਿੱਚ ਜੋ, ਦੁੱਖ ਉਸ ਦਾ ਸਭ ਸਹਾਰ ਲਿਆ।
ਲੋਕਾਂ ਨੇ ਉਸ ਦਾ ਸਾਥ ਦਿੱਤਾ, ਸਭ ਉਸ ਦੀ ਉਸਤਤ ਕਰਨ ਲੱਗੇ।
ਉਸ ਦੇ ਸਾਹਾਂ ਵਿੱਚ ਸਾਹ ਭਰ ਕੇ, ਉਸ ਦੀ ਹਾਮੀ ਸਭ ਭਰਨ ਲੱਗੇ।
ਜਦ ਘੜੀ ਆਈ ਕਸਵੱਟੀ ਦੀ, ਇਹ ਬਾਜ਼ੀ ਉਸ ਨੇ ਮਾਰ ਲਈ।
ਸਮਝੋ ਕਿ ਚਮਨ ਕਿਸੇ ਦੀ ਉਸ, ਅੱਜ ਕਿਸਮਤ ਨਵੀਂ ਸੁਆਰ ਲਈ।
ਇਹ ਬਾਲਕ ਅੱਜ ਇਹ ਬਾਲਕ ਨਹੀਂ, ਸਾਡੇ ਲਈ ਇਕ ਉਜਾਲਾ ਏ।
ਦੁਨੀਆਂ ਦੀ ਤਾਕਤ ਦਾ ਇਹ ਤਾਂ, ਅੱਜ ਬਣ ਬੈਠਾ ਰਖਵਾਲਾ ਏ।
ਨਵੀਆਂ ਸੋਚਾਂ ਨਾਲ ਜਾਪੇ ਇਹ, ਕੋਈ ਨਵਾਂ ਭੁਚਾਲ ਲਿਆਏਗਾ।
ਇਸ ਨਵੀਂ ਸੋਚ ਦਾ ਸੁਪਨਾ ਉਹ, ਹਰ ਦਿੱਲ ਦੇ ਵਿੱਚ ਜਗਾਏਗਾ।
ਦੁਨੀਆਂ ਵਿੱਚ ਠੰਢ ਵਰਤਾਉਣ ਲਈ, ਅੱਜ ਘਰ ਘਰ ਰੀਝਾਂ ਵੰਡਦਾ ਉਹ।
ਸਭ ਆਂਢ ਗੁਆਂਢੀ ਦੇਸ਼ਾਂ ਨਾਲ, ਅੱਜ ਗਾਂਢਾ ਨਵਾਂ ਹੀ ਗੰਢਦਾ ਉਹ।
ਅਮਨਾ ਦੀ ਉਹ ਤਾਂ ਗੱਲ ਕਰਦਾ, ਅਤਿਵਾਦ ਨੂੰ ਕਹੇ ਮੁਕਾ ਦੇਵਾ।
ਅਤਿਵਾਦ ਦੀ ਲਾਅਨਤ ਭੈੜੀ ਨੂੰ, ਕਹਿੰਦਾ ਉਹ ਦੂਰ ਭਜਾ ਦੇਵਾ।
ਇਹ ਦੁਨੀਆਂ ਸਾਰੀ ਖੁਸ਼ੀ ਵਸੇ, ਇਹ ਸੁਪਨਾ ਉਹਦਾ ਨਿਆਰਾ ਏ।
ਉਸ ਕਦਮ ਵਧਾਇਆ ਇਸ ਪਾਸੇ, ਇਹ ਕੰਮ ਫੜਿਆ ਉਸ ਭਾਰਾ ਏ।
ਦੁਨੀਆਂ ਵਿੱਚ ਠੰਢ ਵਰਤਾਉਣ ਲਈ, ਉਹ ਚੋਟੀ ਚੜ੍ਹਦਾ ਜਾਵੇਗਾ।
ਜਦ ਤੱਕ ਚੋਟੀ ਨਹੀਂ ਸਰ ਹੁੰਦੀ, ਠੋਕਰ ਨਾਲ ਲੜਦਾ ਜਾਵੇਗਾ।
ਓਬਾਮਾ ਅੱਜ ਏ ਨਾਂ ਇਸਦਾ, ਲਗਦਾ ਕਿਸਮਤ ਦਾ ਘਾੜਾ ਏ।
ਅੱਜ ਲਾਡਪੁਰੀ ਜਾਪੇ ਇਹ ਤਾਂ, ਜੱਗ ਦੀ ਅੱਖਾਂ ਦਾ ਤਾਰਾ ਏ।



# ਮਿਹਨਤ

ਜੀਵਨ ਵਿੱਚ ਜੋ ਮਿਹਨਤ ਨੂੰ ਆਧਾਰ ਬਣਾ ਲੈਂਦਾ।
ਸ.ਫ਼ਲ ਹੋਣ ਦੀ ਚੇਟਕ ਨੂੰ ਪੂਰਾ ਕਰਵਾ ਲੈਂਦਾ।

..........................................................................................

ਮਿਹਨਤ ਇਕ ਭਗਤੀ ਹੈ, ਤੁਹਾਨੂੰ ਸ.ਫ਼ਲ ਕਰਾਉਣੇ ਲਈ।
ਉੱਚਾ ਚੁੱਕਣੇ ਲਈ ਤੇ, ਟੀਸੀ ਤੇ ਪਹੁੰਚਾਉਣੇ ਲਈ।
ਚਸਕਾ ਇਸ ਦਾ ਮਨ ਨੂੰ, ਡੂੰਘੀ ਚੇਟਕ ਲਾ ਦਿੰਦਾ।
ਸਫਲ ਹੋਣ ਦੀ ਚੇਟਕ ਨੂੰ..........................।

ਜਿਸ ਵੀ ਪਾਇਆ ਜੱਗ ਵਿੱਚ, ਉਸ ਮਿਹਨਤ ਨਾਲ ਪਾਇਆ ਏ।
ਮਿਹਨਤ ਹੀ ਇਸ ਜੀਵਨ ਦਾ, ਲੁਕਿਆ ਸਰਮਾਇਆ ਏ।
ਹਰ ਕੋਈ ਇਸ ਰਾਹੀਂ ਸੁਪਨਾ, ਸਾਕਾਰ ਕਰਾ ਲੈਂਦਾ।
ਸਫਲ ਹੋਣ ਦੀ ਚੇਟਕ ਨੂੰ..........................।

ਬੀਤ ਗਿਆ ਜੇ ਸਮਾਂ, ਤੇ ਬੈਠਾ ਤੂੰ ਪਛਤਾਂਵੇਂਗਾ।
ਦੋਸ਼ ਏਸ ਦਾ ਕਿਸਮਤ, ਆਪਣੀ ਉੱਤੇ ਲਾਵੇਂਗਾ।
ਮਿਹਨਤ ਵਾਲਾ ਦੱਬੇ ਹੋਏ, ਵੀ ਲਾਲ ਕਢਾ ਲੈਂਦਾ।
ਸਫਲ ਹੋਣ ਦੀ ਚੇਟਕ ਨੂੰ..........................।

ਭਵਿੱਖ ਅਸਾਡਾ ਵਾਜਾਂ ਮਾਰੇ, ਆਓ ਬਚਾ ਲਈਏ।
ਬੀਤ ਰਿਹਾ ਜੋ ਸਮਾਂ ਏਸ ਤੇ, ਕਾਬੂ ਪਾ ਲਈਏ।
ਲਾਡਪੁਰੀ ਮਿਹਨਤ ਵਾਲਾ,ਉੱਚ ਪਦਵੀ ਪਾ ਲੈਂਦਾ।
ਸਫਲ ਹੋਣ ਦੀ ਚੇਟਕ ਨੂੰ..........................।

# ਫਲ

ਬਹੁਤੇ ਫਲ ਖਾਹ ਬੰਦਿਆ, ਫਲ ਭੋਜਨ ਦਾ ਅੰਗ ਕਹਾਉਂਦੇ।
ਕਈ ਰੋਗਾਂ ਤੋਂ ਸੱਜਣਾ, ਇਹ ਤਾਂ ਸਾਨੂੰ ਹਨ ਬਚਾਉਂਦੇ ।

..........................................................................................

ਜਿਉਂ ਢਿੱਡ ਵਿੱਚ ਜਾ ਰੋਟੀ, ਸਾਡੇ ਅੰਦਰ ਝੁਲਕਾ ਪਾਉਂਦੀ।
ਦੇ ਸ਼ਕਤੀ ਸਾਨੂੰ ਇਹ, ਏਥੇ ਤੁਰਨੇ ਯੋਗ ਬਣਾਉਂਦੀ।
ਏਵੇਂ ਹੀ ਫਲ ਤਾਂ ਇਹ, ਕੈਂਸਰ ਤੱਕ ਜਹੇ ਰੋਗ ਭਜਾਉਂਦੇ।
ਬਹੁਤੇ ਫਲ ਖਾਹ ਬੰਦਿਆਂ......................।

ਅਨਾਰ ਦੇ ਫਲ ਖਾਈਏ, ਇਹ ਐਸਿਡਿਟੀ ਦੂਰ ਕਰਾਂਉਂਦੇ।
ਅਮਰੂਦ, ਪਪੀਤੇ ਖਾਓ, ਇਹ ਤਾਂ ਗੈਸ ਨੂੰ ਦੂਰ ਭਜਾਉਂਦੇ।
ਨਿੱਤ ਸੇਬ ਜੇ ਖਾਈਏ ਤਾਂ , ਹਰ ਬੀਮਾਰੀ ਤਾਂਈਂ ਮੁਕਾਉਂਦੇ।
ਬਹੁਤੇ ਫਲ ਖਾਹ ਬੰਦਿਆਂ......................।

ਅੰਗੂਰ, ਸੰਤਰਾ, ਲੀਚੀ ਸਭ ਇਹ ਖੂਨ ਨੂੰ ਹੋਰ ਵਧਾਉਂਦੇ।
ਸਭ ਫਲਾਂ ਦੇ ਅੰਬ ਹੋਰੀਂ, ਕਹਿੰਦੇ ਇਹ ਸਰਦਾਰ ਕਹਾਉਂਦੇ।
ਤਿੰਨ ਕੇਲੇ ਨਿੱਤ ਖਾਵੋ ਇਹ ਹੱਡੀਆਂ ਮਜ਼ਬੂਤ ਬਣਾਉਂਦੇ।
ਬਹੁਤੇ ਫਲ ਖਾਹ ਬੰਦਿਆਂ......................।

ਬਾਹਰ ਤੇ ਘਰ ਆਪਣੇ ਸਾਰੇ ਫਲਾਂ ਦੇ ਬੂਟੇ ਲਾਓ।
ਆਪ ਵੀ ਖਾਓ ਤੁਸੀਂ ਤੇ, ਇਹ ਬਾਹਰ ਦੇਸ਼ ਭਜਵਾਉ।
ਫਲ ਆਪਣੇ ਲਾਓ ਲਾਡਪੁਰੀ ਕਿਉਂ ਬਾਹਰ ਤੋਂ ਮੰਗਵਾਉਂਦੇ।
ਬਹੁਤੇ ਫਲ ਖਾਹ ਬੰਦਿਆਂ......................।



# ਨਸ਼ਾ-ਰੋਕੂ

ਮੁਟਿਆਰ
ਗਲ ਸੁਣ ਕੰਨ ਲਾ ਮੇਰਿਆ ਮਾਹੀਆ।
ਆਹ ਦੱਸ ਖੱਪ ਕਾਸ ਨੂੰ ਪਾਈ ਆ।
ਕਿਹੜੇ ਪੁੱਠੇ ਕੰਮੀ ਪੈ ਕੇ, ਤੂੰ ਬੁੱਕ ਦਿਖਲਾਉਨਾ ਐਂ।
ਅਜ ਮਾਹੀਆ ਤੂੰ ਆਪਣੀ ਦਾੜ੍ਹੀ ਆਪ ਪੁਟਾਉਨਾ ਐਂ।

..........................................................................................

ਗਭਰੂ
ਤੂੰ ਵੀ ਸੁਣ ਲੈ ਮੇਰੀਏ ਨਾਰੇ।
ਇਹ ਕੰਮ ਲਗਦੇ ਬੜੇ ਪਿਆਰੇ।
ਲਾ ਕੇ ਮੂੰਹ ਦੇ ਨਾਲ ਇਹ ਦਾਰੂ, ਆਪਾਂ ਰੋਅਬ ਜਮਾਈਦਾ।
ਮਾਰ ਖੰਘੂਰਾ ਦੁਸ਼ਮਣ ਨੂੰ ਤਾਂ ਭੜਥੂ ਪਾਈਦਾ।

..........................................................................................

ਮੁਟਿਆਰ
ਦਾੜ੍ਹੀ ਕੇਸ ਕਿਉਂ ਦੱਸ ਕਟਾਉਨੈ।
ਚੁੱਟਕੀ ਜਿਹੀ ਤੂੰ ਮੂੰਹ ਵਿੱਚ ਲਾਉਨੈ।
ਉਤੋਂ ਨਸ਼ੇ ਦੀ ਬੋਤਲ ਲੈ ਕੇ, ਨਸ਼ਈ ਬਣ ਦਿਖਲਾਉਨਾ ਐਂ।
ਅੱਜ ਮਾਹੀਆ ਤੂੰ.................।

ਗਭਰੂ
ਸੁਣ ਗਲ ਮੇਰੀ ਨੀ ਮੁਟਿਆਰੇ।
ਨਸ਼ੇ ਕਰਨੇ ਕਿਧਰੋਂ ਕੰਮ ਮਾੜੇ।
ਮਨ ਨੂੰ ਤਕੜਾ ਕਰਨੇ ਦੇ ਲਈ, ਨਸ਼ੇ ਖਾ ਸ਼ੇਰ ਕਹਾਈਦਾ।
ਮਾਰ ਖੰਘੂਰਾ ਦੁਸ਼ਮਣ..................।

ਮੁਟਿਆਰ
ਤੂੰ ਆਹ ਕਿਹੜੇ ਫੜ ਲਏ ਚਾਲੇ।
ਤਿੰਨ ਸੌ ਸਾਲ ਬੀਤੇ ਨੇ ਹਾਲੇ।

ਜ਼ੋਰ ਜ਼ਬਲਮ ਨੂੰ ਰੋਕਣ ਦੇ ਲਈ ਕਲ੍ਹ, ਤੂੰ ਸ਼ੇਰ ਕਹਾਉਨਾ ਸੈਂ।

ਅੱਜ ਮਾਹੀਆ ਤੂੰ.................।

ਗਭਰੂ

ਅੱਜ ਵੀ ਤਾਂ ਮੈਂ ਸ਼ੇਰ ਕਹਾਉਨਾ।

ਬੋਤਲ ਜਦ ਮੈਂ ਮੂੰਹ ਨੂੰ ਲਾਉਨਾ।

ਮੈਥੋਂ ਭੱਜਦੇ ਓਦੋਂ ਸਾਰੇ, ਲੋਰ ਵਿੱਚ ਭੰਗੜਾ ਪਾਈਦਾ।

ਮਾਰ ਖੰਘੂਰਾ ਦੁਸ਼ਮਣ.....................।

ਦੋਵੇਂ

ਲਾਡਪੁਰੀ ਦੀ ਗਲ ਪਛਾਣੀ।

ਆਪਾਂ ਚੰਗੇ ਬਣਨਾ ਹਾਣੀ।

ਗਭਰੂ

ਆਹ ਲੈ ਭੰਨ ਦਿੱਤੀ ਮੈਂ ਬੋਤਲ, ਨਸ਼ਾ ਨਾਂਹ ਬੁਲ੍ਹੀਂ ਲਾਵਾਂਗੇ।

ਦੋਵੇਂ

ਕੇਸ ਦਾੜ੍ਹੀ ਦੀ ਲਾਡਪੁਰੀ ਇਹ ਲਾਜ ਬਚਾਂਵਾਂਗੇ।

ਗੁਰਤਾ ਦਾ ਸੰਦੇਸ਼ ਇਹ ਘਰ ਘਰ ਵਿੱਚ ਪੁਚਾਂਵਾਂਗੇ।

ਦੇਸ਼ ਆਪਣਾ ਦੁਨੀਆਂ ਵਿੱਚ ਸਵਰਗ ਬਣਾਵਾਂਗੇ।

## ਰੁਬਾਈ

ਦੁਨੀਆਂ ਸਾਰੀ ਖੁਸ਼ੀ ਵਸੇਂਦੀ, ਮੈਂ ਤੱਤੜੀ ਪਈ ਰੋਂਦੀ।

ਜਿੰਦ ਨਿਮਾਣੀ ਖੀਵੀ ਹੋਈ, ਮੈਂ ਕੂੰਜ ਵਾਂਗ ਕੁਰਲਾਉਂਦੀ।

ਆਵੋ ਖੁਸ਼ੀਓ ਮਹਿਕ ਖਿੰਡਾਵੋ, ਝੋਲੀ ਵਿੱਚ ਮੈਂ ਪਾਵਾਂ,

ਲਾਡਪੁਰੀ ਸੁੰਞੀ ਹਿਕੜੀ ਤੇ, ਰੱਜ ਰੱਜ ਔਸੀਆਂ ਪਾਉਂਦੀ।



## ਪੂੰਜੀ

ਕਰ ਪੂੰਜੀ ਕੱਠੀ ਉਹ ਬੰਦਿਆਂ, ਖੁਸ਼ਬੂ ਜਿਸ ਵਿੱਚੋਂ ਆਉਂਦੀ ਰਹੇ।

ਭੁੱਖੇ ਉਹ ਮਨ ਨੂੰ ਝੁਲਕਾ ਦਏ, ਹੋਰਾਂ ਦੀ ਰੀਝ ਪੁਗਾਉਂਦੀ ਰਹੇ।

ਤਪਦੇ ਹੋਏ ਦਿੱਲ ਨੂੰ ਠਾਰੇ ਜੋ, ਸੁੱਤੀ ਹੋਈ ਰੀਝ ਜਗਾਂਉਂਦੀ ਰਹੇ।

ਕੁਝ ਬਣਨੇ ਦੀ ਕੁਝ ਕਰਨੇ ਦੀ, ਚੇਟਕ ਉਹ ਮਨ ਨੂੰ ਲਾਂਉਂਦੀ ਰਹੇ।

ਜੀਵਨ ਦੀਆਂ ਮਹਿਕਾਂ ਵੰਡੇ ਜੋ, ਗੁੱਝੀਆਂ ਰਮਜ਼ਾਂ ਸਮਝਾਵੇ ਜੋ,

ਭੁੱਲੇ ਭਟਕੇ ਇਸ ਜੀਵਨ ਨੂੰ, ਜੋ ਜੀਵਨ-ਜਾਚ ਸਿਖਾਂਉਂਦੀ ਰਹੇ।

ਦਿੱਲ ਦੀ ਪੀੜਾਂ ਨੂੰ ਨਾਪੇ ਜੋ, ਤੇ ਦਰਦ ਦਿਲਾਂ ਦਾ ਬਣ ਜਾਵੇ,

ਬਣ ਕੇ ਕੋਈ ਮਰ੍ਹਮ ਅਨੋਖੀ ਜੋ, ਜ਼ਖ਼ਮੀ ਦਿੱਲ ਉੱਤੇ ਲਾਉਂਦੀ ਰਹੇ।

ਦਾਰੂ ਦੀ ਤੇਰੀ ਪੂੰਜੀ ਜੋ, ਡਿਗਦੇ ਦੇ ਤਾਂਈਂ ਉਠਾ ਦੇਵੇ।

ਇਹ ਦਰਦ ਦਿਲਾਂ ਦਾ ਬਣ ਕੋਈ, ਮਨ ਦੂਜੇ ਦਾ ਪਿਘਲਾ ਦੇਵੇ।

ਬੂੰਦਾਂ ਬਣ ਕੇ ਜੋ ਅੰਬਰਾਂ ਚੋਂ, ਖੁਸ਼ੀਆਂ ਦਾ ਮੀਂਹ ਵਰ੍ਹਾ ਦੇਵੇ।

ਰਮਜ਼ਾਂ ਇਹ ਗੁੱਝੀਆ ਲਾ ਦੇਵੇ, ਤੇ ਭੁੱਖਿਆਂ ਤਾਂਈਂ ਰਜਾ ਦੇਵੇ।

ਲੋਕੀਂ ਕਰਦੇ ਡਾਲਰ ਕੱਠੇ, ਸਾਡਾ ਏਹੋ ਸਰਮਾਇਆ ਏ।

ਸਰਮਾਏ ਇਸ ਦੇ ਨਾਲ ਅਸਾਂ, ਹੋਰਾਂ ਦਾ ਦੁੱਖ ਵੰਡਾਇਆ ਏ।

ਜਦ ਲੋਕੀਂ ਮਾਰ ਘੁਰਾੜੇ ਸਭ, ਡੂੰਘੀ ਨੀਂਦਰ ਵਿੱਚ ਸੌਂ ਜਾਂਦੇ,

ਸਰਮਾਏ ਇਸ ਨੂੰ ਮੈਂ ਓਦੋਂ, ਦੋਸਤ ਆਪਣੇ ਤੋਂ ਪਾਉਂਦਾ ਹਾਂ।

ਮਨ ਵਿੱਚ ਕੋਈ ਚਿਣਗ ਜਗਾਂਉਂਦਾ ਹਾਂ, ਲੱਗੀ ਹੋਈ ਪਿਆਸ ਬੁਝਾਉਂਦਾ ਹਾਂ।

ਤੇ ਇਸ ਸਰਮਾਏ ਰਾਹੀਂ ਮੈਂ, ਹੋਰਾਂ ਦਾ ਜੀਅ-ਪਰਚਾਉਂਦਾ ਹਾਂ।

ਸਰਮਾਏ ਇਸ ਨੂੰ ਲਾਡਪੁਰੀ, ਹੋਰਾਂ ਦੇ ਵਿੱਚ ਵੰਡਾ ਦੇਵੀਂ।

ਕਿਸੇ ਭੁੱਖੇ ਮਨ ਨੂੰ ਝੁਲਕਾ ਦੇ, ਉਸ ਦਾ ਮਨ ਵੀ ਪਰਚਾ ਦੇਵੀਂ।

# ਜੀਵਨ-ਜਾਚ

ਇਸ ਜੀਵਨ ਦੇ ਵਿੱਚ ਵਿਚਰਨ ਲਈ, ਪੱਗ ਸੋਚ ਸੋਚ ਧਰਨਾ ਪੈਣਾ।
ਜੀਵਨ ਦੀ ਹਰ ਇਕ ਮੁਸ਼ਕਿਲ ਦਾ, ਹੱਲ ਸੋਚ ਸਮਝ ਕਰਨਾ ਪੈਣਾ।
ਠੋਕਰ ਵੀ ਰਨੀ ਪੈਣੀ ਏਂ, ਕੰਡਿਆਂ ਨਾਲ ਖਹਿਣਾ ਪੈਣਾ ਏਂ।
ਜੀਵਨ ਦੇ ਸਾਰੇ ਮੋੜਾਂ ਤੇ, ਦੁੱਖ ਸੁਖ ਨੂੰ ਸਹਿਣਾ ਪੈਣਾਂ ਹੇ।
ਜੇ ਔਕੜ ਆ ਹੀ ਜਾਂਦੀ ਏ, ਮਨ ਨੂੰ ਨਾਂਹ ਕਦੀ ਡੁਲਾਈ ਤੂੰ।
ਦੁੱਖਾਂ ਦੇ ਭਰੇ ਸਮੁੰਦਰ ਵਿੱਚ, ਤਾਰੀ ਹੱਸ ਹੱਸ ਕੇ ਲਾਈਂ ਤੂੰ।
ਪੱਗ ਪੱਗ ਤੇ ਠੋਕਰ ਲੱਗੇ ਜੇ, ਇਸ ਠੋਕਰ ਤੋਂ ਤੂੰ ਡਰਨਾ ਨਹੀਂ।
ਤੂੰ ਸਹਿਨ-ਸ਼ੀਲ ਬਣ ਜਾ ਏਥੇ, ਗਲ ਗਲ ਦੇ ਉਤੇ ਲੜਨਾ ਨਹੀਂ।
ਨ ਹੋਛੀ ਸੋਚ ਹੀ ਰੱਖਣੀ ਤੂੰ, ਖਿੜ ਖਿੜ ਕੇ ਜੀਣਾਂ ਪੈਣਾਂ ਏਂ।
ਜੀਵਨ ਦੀ ਲੰਮੀ ਮੰਜ਼ਿਲ ਤੇ, ਗ਼ਮ ਨੂੰ ਵੀ ਪੀਣਾ ਪੈਣਾਂ ਏਂ।
ਮਨ ਆਪਣੇ ਵਿੱਚ ਧਿਆ ਉਸਨੂੰ, ਓਹਦਾ ਸ਼ੁਕਰ ਮਨਾਉਣਾ ਪੈਣਾਂ ਏਂ।
ਕੁਦਰਤ ਦੀ ਦਿਤੀਆਂ ਦਾਤਾਂ ਨੂੰ, ਹਰ ਹਾਲ ਬਚਾਉਣਾ ਪੈਣਾ ਏਂ।
ਜੇ ਡੋਲਣ ਲਗੇ ਮਨ ਤੇਰਾ, ਢਾਰਸ ਇਸ ਨੂੰ ਤੂੰ ਲਾ ਦੇਵੀਂ।
ਜੇ ਪੁੱਠੇ ਰਸਤੇ ਮਨ ਪੈਂਦਾ, ਤਾਂ ਇਸ ਨੂੰ ਕੁਝ ਸਮਝਾ ਦੇਵੀਂ।
ਉੱਚਿਆਂ ਦੀ ਨਾਂਹ ਤੂੰ ਰੀਸ ਕਰੀਂ, ਨੀਵਾਂ ਬਣ ਕੇ ਦਿਖਲਾਉਣਾ ਏਂ।
ਸਾਦਾ ਖਾਣਾ ਸਾਦਾ ਰਹਿਣਾ, ਸਾਦਾ ਜੀਵਨ ਲੰਘਾਉਣਾ ਏਂ।
ਮਿਹਨਤ ਤੇ ਨੇਕ-ਕਮਾਈ ਨੂੰ ਜੀਵਨ ਆਧਾਰ ਬਣਾ ਲੈ ਤੂੰ।
ਭੁੱਖੇ ਨੂੰ ਝੁਲਕਾ ਦੇ ਦੇਵੀਂ, ਕੁਝ ਦਾਨ ਪੁੰਨ ਤੇ ਲਾ ਲੈ ਤੂੰ।
ਹੱਕ ਸੱਚ ਦਾ ਖੱਟਿਆ ਖਾਣਾ ਤੂੰ, ਜਨਣੀ ਦਾ ਕਰਨਾ ਮਾਣ ਸਦਾ।
ਸੰਤੋਖ ਦਇਆ ਨੂੰ ਅਪਨਾਉਣਾ, ਸਮਝੀਂ ਸਭ ਨੂੰ ਇਨਸਾਨ ਸਦਾ।
ਜੇ ਜੀਵਨ-ਜਾਚਾਂ ਤੇ ਚਲ ਕੇ, ਜੀਵਨ ਆਪਣਾ ਲੰਘਾਏਂਗਾ।
ਤਾਂ ਗੁੱਝੇ ਭੇਤ ਇਹ ਲਾਡਪੁਰੀ, ਜੀਵਨ ਦੇ ਸਾਰੇ ਪਾਏਂਗਾ।



# ਤੜਪ

ਮੈਂ ਔਸੀਆਂ ਪਾਵਾਂ ਦਿਨ ਰਾਤੀਂ, ਨੀਂਦਰ ਦੇ ਵਿਹੜੇ ਆ ਸੱਜਣਾਂ।
ਇਸ ਨੀਂਦਰ ਦੇ ਵਿੱਚ ਆ ਕੇ ਤੂੰ, ਇਸ ਮਨ ਨੂੰ ਦਈਂ ਵਰਾ ਸੱਜਣਾਂ।
ਵਰ੍ਹਿਆਂ ਦੀਆਂ ਤਾਘਾਂ ਮਨ ਇਸ ਨੂੰ, ਇੱਕ ਡੂੰਘੀ ਚੇਟਕ ਲਾਈ ਏ।
ਇਸ ਦਿੱਲ ਦੀ ਸੁੰਞੀ ਹਿੱਕੜੀ ਤੇ, ਵਸਲਾਂ ਦੀ ਸੇਜ ਵਿਛਾਈ ਏ।
ਦੀਦਾਰ ਤੇਰਾ ਮੈਂ ਤੱਕਣ ਲਈ, ਨਿੱਤ ਤਰਲੇ ਹਾੜੇ ਪਾਉਂਦੀ ਆਂ।
ਤੇਰੇ ਨਾਂ ਦੀ ਮਾਲਾ ਜਪਦੀ ਹਾਂ, ਤੇ ਤੇਰਾ ਨਾਂ ਧਿਆਉਂਦੀ ਆਂ।
ਨਿੱਕੀ ਜਿਹੀ ਜਿੰਦ ਨਿਮਾਣੀ ਤੋਂ, ਨਾਂਹ ਦੁੱਖ ਇਹ ਜਰਿਆ ਜਾਂਦਾ ਏ।
ਤੇਰਾ ਵੱਖ ਹੋਣੇ ਦਾ ਛੱਲ ਅੜਿਆ, ਡਾਢਾ ਇਹ ਮਨ ਤੜਪਾਂਦਾ ਏ।
ਕਦ ਤੱਕ ਇਹ ਝੇਰਾ ਚਲਦਾ ਰਹੂ, ਕਦ ਤੱਕ ਜਿੰਦ ਨੂੰ ਤੜਪਾਉਣਾ ਤੂੰ।
ਕਿਸ ਮੰਜ਼ਿਲ ਤੱਕ ਪੁਚਾ ਸਾਨੂੰ, ਇਹ ਸਬਰ ਸਾਡਾ ਅਜ਼ਮਾਉਣਾ ਤੂੰ।
ਲੱਖਾਂ ਹੀ ਜਿੰਦਾਂ ਜੱਗ ਉਤੇ, ਤੂੰ ਤਾਂ ਇੰਜ ਨੇ ਤੜਪਾ ਛੱਡੀਆਂ।
ਰੀਝਾਂ ਤੇ ਯਾਦਾਂ ਵਿਲਕਦੀਆਂ, ਨਾਂਹ ਆ ਕੇ ਕਦੇ ਵਰਾ ਛੱਡੀਆਂ।
ਇਸ ਜਿੰਦ ਨਿਮਾਣੀ ਤੋਂ ਤਾਂ ਹੁਣ, ਨਾਂਹ ਦਰਦ ਸਹਿਆ ਇਹ ਜਾਂਦਾ ਏ।
ਦੁੱਖ ਦਰਦ ਵਿਛੋੜੇ ਦਾ ਹੁਣ ਤਾਂ, ਦਿੱਲ ਨੂੰ ਡਾਢਾ ਤੜਪਾਂਦਾ ਏ।
ਤੂੰ ਨੂਰਾਨਾਂ ਦਾ ਮਾਲਿਕ ਹੈਂ, ਇੱਕ ਨੂਰ ਦੀ ਚਿਣਗ ਵਖਾ ਦੇ ਤੂੰ।
ਆਪਣੇ ਤੂੰ ਏਸ ਪਪੀਹੇ ਦੇ, ਮਨ ਵਿੱਚ ਇਕ ਬੂੰਦ ਵਰ੍ਹਾ ਦੇ ਤੂੰ।
ਸਾਹਵੇਂ ਨਹੀਂ ਝਲਕ ਜੇ ਦੇ ਸਕਦਾ, ਇਸ ਨੀਂਦਰ ਵਿੱਚ ਹੀ ਆ ਜਾ ਤੂੰ।
ਨੀਂਦਰ ਵਿੱਚ ਆ ਕੇ ਲਾਡਪੁਰੀ ਇਸ ਮਨ ਦੀ ਪਿਆਸ ਬੁਝਾ ਜਾ ਤੂੰ।

# ਭਰੂਣ ਹੱਤਿਆ

ਜਨਨੀ ਦੀ ਨਾਂਹ ਜੱਗ ਚੋਂ ਕਿਧਰੇ ਹੋਂਦ ਮਿਟਾ ਦੇਣੀ।
ਕੁੱਖ ਦੇ ਵਿੱਚ ਹੀ ਧੀ ਕਿਧਰੇ ਨਾਂਹ ਮਾਰ ਮੁਕਾ ਦੇਣੀ।

.................................................................................................

ਨਾਰੀ ਹੀ ਤਾਂ ਜੱਗ ਸਾਰੇ ਨੂੰ, ਇਹ ਰੁਸ਼ਨਾਉਂਦੀ ਹੈ।
ਤਾਂਹੀਉਂ ਤਾਂ ਜਨਨੀ ਜੱਗ-ਘੜਨੇਹਾਰ ਕਹਾਉਂਦੀ ਹੈ।
ਖੇੜਾ ਖਿੜਨ ਤੋਂ ਪਹਿਲਾਂ ਹੀ ਨਾਂਹ, ਸ਼ਾਖ ਤੁੜਾ ਦੇਣੀ।
ਕੁੱਖ ਦੇ ਵਿੱਚ ਹੀ ਧੀ........................।

ਧੀ ਨਾਂਹ ਮਾਰੋ ਬਾਬੇ ਨਾਨਕ, ਹੇਕ ਲਗਾਈ ਏ।
ਸਾਰੇ ਜੱਗ ਦੇ ਵਿੱਚ ਨਾਰੀ ਨੇ, ਠੰਢ ਵਰਤਾਈ ਏ।
ਕੁੱਖ ਦੇ ਵਿੱਚ ਧੀ ਸੁੱਤੀ ਦੀ ਨਾਂਹ, ਨੀਂਦ ਚੁਰਾ ਦੇਣੀ।
ਕੁੱਖ ਦੇ ਵਿੱਚ ਹੀ ਧੀ........................।

ਦੋਸ਼ ਸਮਾਜ ਤੇ ਨਹੀਂ ਲਾਉਂਦੇ, ਨਾਰੀ ਤੇ ਲਾਉਂਦੇ ਓ।
ਧੀਆਂ ਮਾਸੂਮਾਂ ਦੇ ਕਾਤਿਲ, ਬਣ ਦਿਖਲਾਉਂਦੇ ਓ।
ਆਉਂਦੀ ਪੀੜ੍ਹੀ ਨੂੰ ਨਾਂਹ ਕਿਧਰੇ, ਲਾਜ ਤੂੰ ਲਾ ਦੇਣੀ।
ਕੁੱਖ ਦੇ ਵਿੱਚ ਹੀ ਧੀ........................।

ਸਰੋਜਨੀ ਨੈਡੋ, ਰਾਣੀ ਝਾਂਸੀ, ਭਾਗੋ ਜਾਣ ਲਈਂ।
ਕੁੱਖ ਦੀ ਧੀ ਨੂੰ ਪੂਜਨੀਕ, ਕੰਜਕ ਪਹਿਚਾਨ ਲਈਂ।
ਵਿਦਿਆ ਚੰਗੀ ਦੇ ਕੇ ਇਸ ਵਿੱਚ ਸੋਝੀ ਪਾ ਦੇਣੀ।
ਕੁੱਖ ਦੇ ਵਿੱਚ ਹੀ ਧੀ........................।

ਪੁੱਤਰਾਂ ਤੋਂ ਵੱਧ ਇਹ ਧੀਆਂ, ਤਾਂ ਲਾਡ ਲਡਾ ਦਿੰਦੀਆਂ।
ਇਹ ਤਾਂ ਅੱਜ ਅੰਬਰਾਂ ਦੇ ਵਿੱਚ ਵੀ, ਧੁੰਮਾ ਪਾ ਦਿੰਦੀਆਂ।
ਲਾਡਪੁਰੀ ਇਹਦੀ ਰੁੜ੍ਹਦੀ ਜਾਂਦੀ, ਸ਼ਾਖ ਬਚਾ ਦੇਣੀ।
ਕੁੱਖ ਦੇ ਵਿੱਚ ਹੀ ਧੀ........................।



# ਸ਼ਾਂਤੀ ਦੀ ਪੁਕਾਰ

ਇੱਕੋ ਧਰਤੀ, ਇਸ ਧਰਤੀ ਦੇ ਸਾਰੇ ਜਾਏ ਨੇ।
ਫਿਰ ਕਿਉਂ ਵੰਡੀਆਂ ਪਾ ਕੇ ਹੁੰਦੇ ਜਾਣ ਪਰਾਏ ਨੇ।

.................................................................................................

ਹੱਦਾਂ ਅਤੇ ਲਕੀਰਾਂ, ਇਹ ਮਰਜ਼ੀ ਨਾਲ ਲਾ ਲਈਆਂ।
ਹੱਦ-ਬੰਦੀਆਂ ਦੇਸ਼ਾਂ ਦੀਆਂ, ਮਰਜ਼ੀ ਨਾਲ ਬਣਾ ਲਈਆਂ।
ਨਸਲ ਤਾਂ ਇਹ ਇਨਸਾਨ ਦੀ, ਜਿਸਦੇ ਸਾਰੇ ਜਾਏ ਨੇ।
ਇੱਕੋ ਧਰਤੀ............................।

ਹੱਦਾਂ ਕਿਉਂ ਟੱਪਦੇ, ਕਿਉਂ ਦੂਜੇ ਦੇ ਵਿੱਚ ਵੜਦੇ ਓ।
ਹੱਦ-ਵੰਦੀਆਂ ਦੀ ਖ਼ਾਤਿਰ, ਝਗੜੇ ਝੇੜੇ ਕਰਦੇ ਓ।
ਇੱਕੋ ਰੁੱਖ ਦੇ ਜਾਪਣ ਇਹ ਤਾਂ ਸਾਰੇ ਛਾਏ ਨੇ।
ਇੱਕੋ ਧਰਤੀ............................।

ਰੱਬ ਤਾਂ ਇੱਕ ਏ, ਉਸ ਰੱਬ ਨੂੰ ਵੀ ਪਾੜ ਵਖਾਓ ਨਾਂਹ।
ਧਰਮ, ਮਜ਼੍ਹਬ ਦੇ ਭੁੱਲ ਕੇ ਵੀ ਇਹ ਝਗੜੇ ਪਾਓ ਨਾਂਹ।
ਮਜ਼੍ਹਬਾਂ ਦੇ ਨਾਂ ਤੇ ਧਰਤੀ ਤੇ ਜ਼ੁਲਮ ਵਧਾਏ ਨੇ।
ਇੱਕੋ ਧਰਤੀ............................।

ਆਓ ਸਾਰੇ ਧਰਤੀ ਮਾਤਾ ਸੁਰਗ ਬਣਾ ਲਈਏ।
ਅਮਨ-ਸ਼ਾਂਤੀ ਦਾ ਸਾਰੇ ਸੰਦੇਸ਼ ਪੁਚਾ ਦਈਏ।
ਲਾਡਪੁਰੀ ਇਹ ਝਗੜੇ ਝੇੜੇ ਕਾਹਨੂੰ ਪਾਏ ਨੇ।
ਇੱਕੋ ਧਰਤੀ............................।

# ਟੈਨਸ਼ਨ

ਟੈਨਸ਼ਨ ਦਾ ਯੁੱਗ ਆਇਆ, ਲੋਕੋ ਟੈਨਸ਼ਨ ਦਾ ਯੁੱਗ ਆਇਆ।
ਟੈਨਸ਼ਨ ਨੇ ਤਾਂ ਏਥੇ, ਹਰ ਬੰਦਾ ਬੀਮਾਰ ਬਣਾਇਆ।

.....................................................................................................

ਟੈਨਸ਼ਨ ਕਰਦੇ ਕਈ ਲੋਕੀਂ, ਘਰ ਘਰ ਜਦ ਖੜਕੇ ਡੰਡਾ।
ਆਰਥਕ ਮੰਦਹਾਲੀ ਦਾ, ਕਈਆਂ ਨੂੰ ਚੁੱਭ ਜਾਂਦਾ ਕੰਡਾ।
ਅਜ ਟੈਨਸ਼ਨ ਲਾਈ ਬੈਠਾ ਘਰ ਘਰ, ਕੀ ਚਾਚਾ ਕੀ ਤਾਇਆ?
ਟੈਨਸ਼ਨ ਨੇ ਤਾਂ ਏਥੇ.....................................।

ਪੱਕਾ ਵੇਖ ਕੇ ਦੂਜੇ ਦੇ, ਕੱਚਾ ਵੀ ਢਾਈ ਜਾਦੇ।
ਚਾਦਰ ਵੇਖ ਨ ਪੈਰ ਪਸਾਰਨ, ਮਨ ਨੂੰ ਟੈਨਸ਼ਨ ਲਾਂਦੇ।
ਮਾਡਲ ਸਕੂਲਾਂ ਵਿੱਚ ਬੱਚਾ ਬੱਚਾ, ਅੱਜ ਪੜ੍ਹਨੇ ਪਾਇਆ।
ਟੈਨਸ਼ਨ ਨੇ ਤਾਂ ਏਥੇ.....................................।

ਜਦ ਬੱਚੇ ਛੱਡ ਜਾਣ ਪੜ੍ਹਾਈ, ਹੋ ਜਾਂਦੇ ਕਮਜ਼ੋਰ।
ਮਾਪਿਆਂ ਦਾ ਲਗ ਜਾਂਦਾ ਪੂਰਾ, ਪੜ੍ਹਾਈ ਉਤੇ ਜ਼ੋਰ।
ਟੈਨਸ਼ਨ ਹੁੰਦੀ ਓਦੋਂ ਜਦ, ਮੁੱਕ ਜਾਂਦੀ ਘਰ ਚੋਂ ਮਾਇਆ।
ਟੈਨਸ਼ਨ ਨੇ ਤਾਂ ਏਥੇ.....................................।

ਨੌਕਰੀ ਲਈ ਮਾਰੇ ਮਾਰੇ, ਜਦ ਦਰ ਦਰ ਜਾਣਾ ਪੈਂਦਾ।
ਮੂੰਹ ਲਟਕਾ ਕੇ ਓਸੇ ਸ਼ਾਮ, ਜਦ ਘਰ ਨੂੰ ਆਣਾਂ ਪੈਂਦਾ।
ਮਾਪਿਆਂ ਨੂੰ ਟੈਨਸ਼ਨ ਹੋ ਜਾਂਦੀ, ਆਖਣ ਬੜਾ ਸਤਾਇਆ।
ਟੈਨਸ਼ਨ ਨੇ ਤਾਂ ਏਥੇ.....................................।

ਸਭ ਕੰਮ ਬਿਜਲੀ ਦੇ ਨਾਲ ਕਰੀਏ, ਏਧਰ ਏ ਸੀ ਲਾਇਆ।
ਘੜੀ ਮੁੜੀ ਮੋਬਾਈਲ ਕਰਕੇ, ਖਰਚਾ ਹੋਰ ਵਧਾਇਆ।
ਬਿੱਲ ਬਿਜਲੀ ਮੋਬਾਈਲਾਂ ਦੇ ਨੇ, ਵਖਤ ਘਰਾਂ ਵਿੱਚ ਪਾਇਆ।
ਟੈਨਸ਼ਨ ਨੇ ਤਾਂ ਏਥੇ.....................................।



ਅੱਜ ਬੀਮਾਰੀਆਂ ਘੇਰ ਲਿਆ ਏ, ਏਥੇ ਹਰ ਇਨਸਾਨ।
ਮਹਿੰਗੀਆਂ ਇਨ੍ਹਾਂ ਦਵਾਈਆਂ ਪਾਈ, ਕੁੜਿੱਕੀ ਦੇ ਵਿੱਚ ਜਾਨ।
ਟੈਨਸ਼ਨ ਹੁੰਦੀ, ਡਾਕਟਰ ਨੇ ਜਦ, ਮੋਟਾ ਬਿੱਲ ਫੜਾਇਆ।
ਟੈਨਸ਼ਨ ਨੇ ਤਾਂ ਏਥੇ.....................................।

ਗੱਲ ਗੱਲ ਤੇ ਨਾਂਹ ਸੋਚੋ, ਨਾਂਹ ਮਨ ਨੂੰ ਇਹ ਝੋਰਾ ਲਾਵੋ।
ਨਿੱਕੀਆਂ ਨਿੱਕੀਆਂ ਗੱਲਾਂ ਤੇ ਮਨ ਦਾ ਨਾਂਹ ਚੈਨ ਚੁਰਾਵੋ।
ਲਾਡਪੁਰੀ ਗਲ ਗਲ ਦੇ ਉੱਤੇ ਕਾਹਨੂੰ ਮਨ ਨੂੰ ਢਾਇਆ।
ਟੈਨਸ਼ਨ ਨੇ ਤਾਂ ਏਥੇ.....................................।

# ਫੌਰਨ ਤੋਂ ਤਾੜਨਾ

ਏਜੰਟਾਂ ਝੂਠਿਆਂ ਤੇ ਨਾਂਹ ਇਤਬਾਰ ਕਰਿਓ, ਘਰੀਂ ਘਰੀਂ ਇਨ੍ਹਾਂ ਵਖਤ ਪਾ ਛੱਡੇ।
ਲਾਰਾ ਲਾ ਕੈਨੇਡਾ, ਅਮਰੀਕਾ ਦਾ ਕਿੰਝ ਖੇਤ ਟੱਕਾਂ ਦੇ ਟੱਕ ਵਿਕਾ ਛੱਡੇ।
ਭਾਰਤ-ਵਰਸ਼ ਦੇ ਪੁੱਤ ਇਹ ਸ਼ੈਲ ਗੱਭਰੂ, ਇਹ ਤਾਂ ਕਿਵੇਂ ਨੇ ਖੱਜਲ ਖੁਆਰ ਕਰਦੇ,
ਲਾਡਪੁਰੀ ਕਈ ਇਨ੍ਹਾ ਰੁੜ੍ਹਾ ਛੱਡੇ, ਕਈ ਜੰਗਲਾਂ ਵਿੱਚ ਫਸਾ ਛੱਡੇ।
...........................................

ਝੂਠੇ ਬਚਿਓ ਏਜੰਟਾਂ ਤੋਂ, ਇਨ੍ਹਾਂ ਦੀਆਂ ਗੱਲਾਂ ਵਿੱਚ ਨ ਆਇਓ।
ਭੁੱਲ ਕੇ ਵੀ ਫਸਿਓ ਨਾਂਹ............................
ਭੁੱਲ ਕੇ ਵੀ ਫਸਿਓ ਨਾਂਹ, ਨਾਂਹ ਐਵੇਂ ਭੁੱਲ ਇਤਬਾਰ ਜਮਾਇਓ।
ਝੂਠੇ ਬਚਿਓ...........................।

ਇਨ੍ਹਾਂ ਪੈਸੇ ਲੈਣ ਲਈ, ਤੁਹਾਨੂੰ ਸਬਜ਼ਬਾਗ ਦਿਖਲਾਉਣਾ।
ਇਨ੍ਹਾਂ ਚਾੜ੍ਹ ਜਹਾਜਾਂ ਤੇ, ਤੁਹਾਨੂੰ ਰਾਹ ਦੇ ਵਿੱਚ ਫਸਾਉਣਾ।
ਭੁੱਲ ਕੇ ਵੀ ਸੱਜਣਾਂ ਪਈ, ਕਿਤੇ ਤੁਸੀਂ ਧੋਖੇ ਵਿੱਚ ਨ ਆਇਓ।
ਝੂਠੇ ਬਚਿਓ...........................।

ਪੈਸੇ ਲੈ ਕੇ ਇਹ ਤਾਂ, ਤੁਹਾਨੂੰ ਜੰਗਲਾਂ ਵਿੱਚ ਲੁਹਾਉਂਦੇ।
ਕਿਸੇ ਸਾਰ ਨਹੀਂ ਲੈਣੀ, ਪਿਛਲਿਆਂ ਨੂੰ ਵਖਤਾਂ ਵਿੱਚ ਪਾਉਂਦੇ।
ਲਾਲਚ ਦੇ ਵਿੱਚ ਆ ਕੇ, ਕਿਧਰੇ ਟੇਟੇ ਨਾਂਹ ਚੜ੍ਹ ਜਾਇਓ।
ਝੂਠੇ ਬਚਿਓ...........................।

ਜੰਗਲਾਂ ਵਿੱਚ ਪੁੱਛਣਾ ਨਹੀਂ, ਓਥੇ ਭੁੱਖੇ ਹੀ ਰਹਿਣਾ ਪੈਣਾਂ।
ਸ਼ੇਰਾਂ, ਸੱਪਾਂ ਤੋਂ ਡਰਨਾ, ਕੰਡਿਆਂ ਨਾਲ ਵੀ ਖਹਿਣਾ ਪੈਣਾਂ।
ਐਵੇਂ ਜਿੰਦ ਨਿਮਾਣੀ ਨੂੰ, ਕਿਤੇ ਨਾਂਹ ਵਖਤਾਂ ਦੇ ਵਿੱਚ ਪਾਇਓ।
ਝੂਠੇ ਬਚਿਓ...........................।



ਪਣ-ਡੁਬਕੀ ਉੱਤੇ ਚਾੜ੍ਹ, ਇਹ ਤਾਂ ਵਿੱਚ ਸਮੁੰਦਰ ਲਾਹੁੰਦੇ।
ਕਈ ਵਾਰ ਜਹਾਜਾਂ ਨੂੰ, ਇਹ ਤਾਂ ਰਾਹ ਵਿੱਚ ਹੀ ਉਲਟਾਉਂਦੇ।
ਹੱਡ-ਭੰਨ ਕਮਾਈ ਮਾਪਿਆਂ ਦੀ, ਐਵੇਂ ਨਾਂਹ ਰੋੜ੍ਹ ਗਵਾਇਓ।
ਝੂਠੇ ਬਚਿਓ...........................।

ਵੀਹ ਵੀਹ ਘੰਟੇ ਓਥੇ, ਜਾ ਕੇ ਕੰਮ ਤਾਂ ਕਰਨਾ ਪੈਂਦਾ।
ਘਰ ਕਿਉਂ ਨਹੀਂ ਕੰਮ ਕਰਦੇ ,ਗੈਰ ਦੀ ਝਿੜਕ ਨੂੰ ਜਰਨਾ ਪੈਂਦਾ।
ਨਾਂਹ ਭੰਗ ਦੇ ਭਾੜੇ ਹੀ, ਜੀਵਨ ਆਪਣਾ ਤੁਸੀਂ ਲੰਘਾਇਉ।
ਝੂਠੇ ਬਚਿਓ...........................।

ਆਓ ਭੁੱਲ ਕੇ ਵੀ ਆਪਾਂ, ਆਪਣੇ ਪੁੱਤ ਨਾਂਹ ਬਾਹਰ ਭਜਵਾਈਏ।
ਇਹ ਵੇਚ ਖੇਤ ਆਪਣੇ, ਨਾਂਹ ਆਪਣੇ ਪੁੱਤਾਂ ਨੂੰ ਮਰਵਾਈਏ।
ਭੁੱਲ ਲਾਡਪੁਰੀ ਕਿਧਰੇ, ਨਾਂਹ ਇਹ ਧੰਨ ਪਾਣੀ ਵਿੱਚ ਰੁੜ੍ਹਾਇਉ।
ਝੂਠੇ ਬਚਿਓ...........................।